INTERNATIONAL MAGAZINE
RNI No. 61816/95


20/-

Monthly Issue "Atam Marg" ਮਈ (May) 2010

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

ਆਤਮ ਮਾਰਗ

ਬਾਬਾ ਬੰਦਾ ਸਿੰਘ ਜੀ ਬਹਾਦਰ ਵੱਲੋਂ ਸਰਹੰਦ ਨੂੰ ਫਤਹਿ ਕਰਨ ਦੇ 300 ਸਾਲਾ 'ਫਤਿਹ ਦਿਵਸ ਨੂੰ ਸਮਰਪਿਤ ਸਪੈਸ਼ਲ ਅੰਕ



ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ
ਡਾਕ. ਮੁੱਲਾਂਪੁਰ ਗਰੀਬਦਾਸ, ਤਹਿ. ਖਰੜ
ਜਿਲ੍ਹਾ - ਐਸ.ਏ. ਐਸ ਨਗਰ (ਮੋਹਾਲੀ) - 140901
Web: ratwarasahib.org,
ratwarasahibmedia.org
Email : atammarg@glide.net.in,
Fax : 01602255009, Phone : 01602255002

ਸਾਲ ਸੋਲਵਾਂ, ਮਹੀਨਾ ਮਈ 2010

ਫਾਉਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order, Cheque, Draft & correspondence
V.G.R.M Charitable Trust
Gurdwara Ishar Parkash, Ratwara Sahib (Near Chandigarh) P.O. Mullanpur Garibdas, Teh.
Kharar, Distt. S.A.S. Nagar (Mohali) 140901 Pb.India.

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA - (M) 94172-14379, 9417214391
0160-2255002, Fax - 2255009

U.S.A. - **Baba Satnam Singh ji Atwal**
Phone and Fax : 408-263-1844

Bhai Kuldeep Singh Sher Gill
Phone : 408-230-8319

Bibi Sukhvinder Kaur Bains - Phone : 403-270-3387

Canada - Bhai Sarmukh Singh Pannu
Phone - 604-433-0408

England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, **Raj Mobile** : 07968734058

Australia - Bhai Jiwan Singh ji
Phone : 03-943-65865, Fax : 03-943-65867

For more information please visit us on internet at:-
Email : atammarg@glide.net.in
http:# www.ratwarasahib.org, http # www.ratwarasahibmedia.org

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਤਤਕਰਾ

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/-	(For outstation cheques)

ਸੰਪਰਕ ਨੰ. ਰਤਵਾੜਾ ਸਾਹਿਬ

ਰਤਵਾੜਾ ਸਾਹਿਬ	0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386	
ਪਰਮ ਸਤਿਕਾਰ ਯੋਗ ਬੀਜੀ	9417214381
ਜਰਨਲ - 9417214384, ਬੀ ਐਡ ਕਾਲਜ - 9417214382	
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ	9417214380
ਆਡੀਓ ਵੀਡੀਓ ਲਾਇਬ੍ਰੇਰੀ	9872814385, 9417214385
ਅਖੰਡਪਾਠ ਬੁਕਿੰਗ	9417214386
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ	0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ	0160-2255004

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਸੰਪਦਕੀ

ਮਹਾਨ ਯੁਗ ਪੁਰਸ਼ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਅਤੇ ਆਤਮ ਮਾਰਗ ਸਾਇੰਟੇਫਿਕ ਸਪਿਰਚੂਅਲ ਐਜ਼ੂਕੇਸ਼ਨਲ ਚੈਰੀਟੇਬਲ ਟਰਸਟ ਦੇ ਬਾਨੀ ਸੰਤ ਮਹਾਰਾਜ ਜੀ ਅਤੇ ਪਰਮ ਪੂਜਯ ਸਤਿਕਾਰਯੋਗ ਬੀਜੀ ਵੱਲੋਂ ਸੰਚਾਲਿਤ ਕੀਤਾ ਗਿਆ ਗੁਰਬਾਣੀ ਉਪਦੇਸ਼ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਵਾਸਤੇ ਆਤਮ ਮਾਰਗ ਮਾਸਿਕ ਪਤ੍ਰਿਕਾ 15 ਸਾਲ ਪੂਰੇ ਕਰਨ ਉਪਰੰਤ ਚੜ੍ਹਦੀ ਕਲਾ ਵੱਲ ਜਾ ਰਿਹਾ ਹੈ। 15 ਸਾਲ ਪੂਰੇ ਹੋਣ ਤੇ ਵੀ ਦੇਸ਼ ਵਿਦੇਸ਼ ਦੇ ਹਜਾਰਾਂ ਲਾਈਫ ਮੈਂਬਰਾਂ ਪਾਸੋਂ ਕੋਈ ਵੀ ਮਾਇਕ ਮੰਗ ਨਹੀਂ ਕੀਤੀ ਜਾ ਰਹੀ ਹੈ। ਆਮ ਤੌਰ ਉਪਰ ਲਾਈਫ ਮੈਂਬਰ ਵੱਧ ਤੋਂ ਵੱਧ 10 ਸਾਲ ਵਾਸਤੇ ਹੀ ਹੁੰਦੇ ਹਨ। ਮਹਾਂਪੁਰਸ਼ਾਂ ਦੇ ਪਿਆਰ ਵਾਲੇ ਪ੍ਰੇਮੀਆਂ ਦੇ ਪਿਆਰ ਸਦਕੇ ਅਤੇ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਬਦੌਲਤ ਹਿੰਦੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਿਤ ਇਹ ਰੂਹਾਨੀ ਪਤ੍ਰਿੱਕਾ ਨਿਰਵਿਘਨ ਆਪ ਸਾਰਿਆਂ ਤੱਕ ਪਹੁੰਚ ਰਹੀ ਹੈ। ਪਿਆਰ ਦੇ ਵਿੱਚ ਵੱਡੀ ਤੋਂ ਵੱਡੀ ਕੁਰਬਾਨੀ ਆਪਣੇ ਪਿਆਰੇ ਵਾਸਤੇ ਕੀਤੀ ਜਾਂਦੀ ਹੈ। ਇਸ ਕਰਕੇ ਮਹਾਂਪੁਰਸ਼ਾਂ ਦੇ ਪਿਆਰੇ ਇਸ ਰੂਹਾਨੀ ਪਤ੍ਰਿੱਕਾ ਅਤੇ ਟਰਸਟ ਵੱਲੋਂ ਅਰੰਭ ਕੀਤੇ ਹੋਏ ਪ੍ਰਉਪਕਾਰੀ ਕਾਰਜ ਨੂੰ ਚਲਾਉਣ ਵਾਸਤੇ ਤਨ ਮਨ ਧਨ ਕਰਕੇ ਉਪਰਾਲੇ ਕਰ ਰਹੇ ਹਨ।

ਇਸ ਰੂਹਾਨੀ ਮਿਸ਼ਨ ਵੱਲੋਂ ਸਰਬ ਸਾਂਝੀ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਅਨੇਕਾਂ ਹੀ ਉਦਮ ਉਪਰਾਲੇ ਕੀਤੇ ਜਾ ਰਹੇ ਹਨ। ਇਸ ਰੂਹਾਨੀ ਮਿਸ਼ਨ ਨਾਲ ਸਬੰਧਤ ਗੁਰੂ ਅਸਥਾਨਾਂ ਉਪਰ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਦੇ ਬਹੁਤ ਹੀ ਵੱਡੀ ਗਿਣਤੀ ਵਿੱਚ ਦਾਖਲ ਹੋ ਰਹੇ ਹਨ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਸ਼ਾਂਤ ਕੁਦਰਤੀ ਅਨਮੋਲ ਸ਼ੁਧ ਸਾਫ ਧਾਰਮਿਕ ਵਾਤਾਵਰਣ ਵਿੱਚ ਸਕੂਲ ਕਾਲਜ ਚਲ ਰਹੇ ਹਨ। ਸੀ.ਬੀ.ਐਸ.ਈ. ਨਾਲ ਸਬੰਧਤ ਗੁਰੂ ਗੋਬਿੰਦ ਸਿੰਘ ਜੀ ਵਿਦਿਆ ਮੰਦਰ ਅੰਤਰਾਸ਼ਟਰੀ ਪੱਧਰ ਦੀ ਵਿਦਿਆ ਬਹੁਤ ਹੀ ਘੱਟ ਫੀਸਾਂ ਉਪਰ ਪ੍ਰਦਾਨ ਕਰ ਰਿਹਾ ਹੈ। ਪਛੜੇ ਇਲਾਕਿਆਂ ਦੇ ਪੇਂਡੂ ਵਿਦਿਆਰਥੀਆਂ ਵਾਸਤੇ ਟਰਸਟ ਵੱਲੋਂ ਉਪਰਾਲਾ ਕਰਕੇ ਅੱਧੀ ਫੀਸ ਉਪਰ ਪੰਜਾਬ ਐਜ਼ੂਕੇਸ਼ਨ ਬੋਰਡ ਨਾਲ ਸਬੰਧਤ ਸਕੂਲ ਵੀ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਚਲ ਰਿਹਾ ਹੈ। ਬਹੁਤ ਸਾਰੇ ਲਾਵਾਰਸ ਬੱਚਿਆਂ ਦੀ ਪ੍ਰਿਤਪਾਲਣਾ ਵੀ ਟਰਸਟ ਵੱਲੋਂ ਕੀਤੀ ਜਾ ਰਹੀ ਹੈ। ਗੁਰੂ ਘਰ ਦੀ ਪ੍ਰੰਪਰਾ ਅਨੁਸਾਰ ਲੰਗਰ ਰਿਹਾਇਸ਼ ਤਾਂ ਹਰ ਕਿਸੇ ਨੂੰ ਹੀ ਗੁਰੂ ਘਰਾਂ ਦੇ ਵਿੱਚ ਬਿਨਾਂ ਮੋਖ ਤੋਂ ਦਿਤੀ ਹੀ ਜਾ ਰਹੀ ਹੈ। ਪਰੰਤੂ ਗਰੀਬ ਲਾਵਾਰਿਸ ਬੱਚਿਆਂ ਨੂੰ ਫਰੀ ਵਿਦਿਆ ਪ੍ਰਦਾਨ ਕਰਨੀ ਗੁਰਦੁਆਰਾ ਰਤਵਾੜਾ ਸਾਹਿਬ ਟਰਸਟ ਵੱਲੋਂ ਕੀਤੀ ਜਾ ਰਹੀ ਹੈ। ਹਰ ਪੱਖ ਤੋਂ ਪ੍ਰਫੁਲਿਤ ਨਰੋਏ ਸਮਾਜ ਦੀ ਸਿਰਜਣਾ ਵਾਸਤੇ ਸਕੂਲੀ ਵਿਦਿਆ ਦੇ ਨਾਲ ਨਾਲ ਧਾਰਮਿਕ ਵਿਦਿਆ, ਗੁਰਮਤਿ ਯੋਗ ਸਾਧਨਾ ਅਤੇ ਸਰੀਰਕ ਤੰਦਰੁਸਤੀ ਵਾਸਤੇ ਖੇਡਾਂ ਨੂੰ ਵੀ ਮਹੱਤਤਾ ਦਿਤੀ ਜਾ ਰਹੀ ਹੈ। ਗੁਰੂ ਕੇ ਲੰਗਰਾਂ ਵਾਸਤੇ ਸੈਂਕੜੇ ਏਕੜ ਗੁਰਦੁਆਰਾ ਸਾਹਿਬ ਦੀ ਜ਼ਮੀਨ ਵਿੱਚ ਔਰਗੇਨਿਕ ਐਗਰੀਕਲਚਰ ਵਿਧੀ ਰਾਹੀਂ ਸਬਜ਼ੀਆਂ ਅਤੇ ਗਊਸ਼ਾਲਾ ਮਾਲ ਡੰਗਰਾਂ ਵਾਸਤੇ ਚਾਰਾ ਤਿਆਰ ਕੀਤਾ ਜਾਂਦਾ ਹੈ। ਬਹੁਮੰਤਵੀ ਸਰੋਵਰ ਕਾਰਸੇਵਾ ਸੰਪੰਨ ਹੋਣ ਉਪਰੰਤ ਆਪਣੀ ਮਿਸਾਲ ਆਪ ਹੀ ਹੋਵੇਗਾ।

ਗੁਰਦੁਆਰਾ ਰਤਵਾੜਾ ਸਾਹਿਬ ਟਰਸਟ ਵੱਲੋਂ ਦੂਰ ਅੰਦੇਸ਼ੀ ਮਹਾਂਪੁਰਸ਼ਾਂ ਦੀ ਸੋਚ ਮੁਤਾਬਿਕ ਨਰਸਰੀ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੀ ਪੜ੍ਹਾਈ ਤੱਕ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਦੇ ਵਿਦਿਅਕ ਅਦਾਰਿਆਂ ਵਿੱਚ ਦਾਖਲ ਕਰਾਉਣ ਉਪਰੰਤ ਬੱਚਿਆਂ ਦੇ ਭਵਿੱਖ ਦੀ ਕੋਈ ਵੀ ਚਿੰਤਾ ਨਹੀਂ ਹੋਵੇਗੀ। ਜਿਥੇ ਇਹ ਬੱਚੇ ਵਿਸ਼ਵ ਦੇ ਅੰਦਰ ਦੇਸ਼ ਧਰਮ ਕੌਮ ਦਾ ਨਾਮ ਉੱਚਾ ਕਰਨਗੇ ਓਥੇ ਇਹ ਵਿਦਿਆਰਥੀ ਧਾਰਮਿਕ ਪ੍ਰਵਿਰਤੀ ਦੇ ਵਿੱਚ ਪ੍ਰਪੱਕ ਹੋਣਗੇ। ਅਧਿਆਪਕ ਸਮਾਜ ਦੀ ਨੀਂਹ ਦਾ ਕੰਮ ਕਰਦੇ ਹਨ। ਇਸ ਲਈ ਧਾਰਮਿਕ ਰੁਚੀ ਰੱਖਣ ਵਾਲੇ ਅਧਿਆਪਕ ਇੰਟਰਨੈਸ਼ਨਲ ਡਿਵਾਇਨ ਐਜ਼ੂਕੇਸ਼ਨ ਕਾਲਜ ਰਤਵਾੜਾ ਸਾਹਿਬ ਤਿਆਰ ਕੀਤੇ ਜਾ ਰਹੇ ਹਨ।

ਮਹਾਂਪੁਰਸ਼ਾਂ ਦੇ ਪਿਆਰ ਵਾਲੇ ਨਿਸ਼ਕਾਮ ਪ੍ਰੇਮੀ ਹਰ ਦੁਖ ਸੁਖ ਸਮੇਂ ਗੁਰੂ ਘਰ ਰਤਵਾੜਾ ਸਾਹਿਬ ਆ ਕੇ ਨਤਮਸਤਕ ਹੁੰਦੇ ਹਨ। ਇਨ੍ਹਾਂ ਪ੍ਰੇਮੀਆਂ ਦੀ ਗੁਰੂ ਘਰ ਨਾਲ ਹੋਰਨਾਂ ਨੂੰ ਵੀ ਜੋੜਨ ਦੀ ਦਿਲੀ ਤਾਂਘ ਹੁੰਦੀ ਹੈ। ਸਮੇਂ ਸਮੇਂ ਸਮਾਜ ਨੂੰ ਸੇਧ ਪ੍ਰਦਾਨ ਕਰਨ ਵਾਸਤੇ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਉਪਰ ਵਿਲੱਖਣ, ਅਲੌਕਿਕ ਅਤੇ ਰੂਹਾਨੀ ਸਮਾਗਮ ਆਪਣੀ ਮਿਸਾਲ ਆਪ ਬਣ ਰਹੇ ਹਨ। ਵੱਡੇ ਵੱਡੇ ਪੂੰਜੀ ਪੱਤੀ ਵਿਆਹ ਸ਼ਾਦੀਆਂ ਉਪਰ ਜਿਥੇ ਲੱਖਾਂ ਹੀ ਰੁਪਏ ਸ਼ਰਾਬ, ਮਾਸ ਪਾਰਟੀਆਂ ਉਪਰ ਖਰਚ ਕਰ ਰਹੇ ਹਨ ਓਥੇ ਵਿਦੇਸ਼ਾਂ ਤੋਂ ਆ ਕੇ ਪ੍ਰੇਮੀ ਰਤਵਾੜਾ ਸਾਹਿਬ ਬਹੁਤ ਹੀ ਸਾਦੇ ਸਧਾਰਨ ਢੰਗ ਨਾਲ ਅਨੰਦ ਕਾਰਜ ਕਰਾ ਕੇ ਬਿਨਾਂ ਕਿਸੇ ਲੈਣ ਦੇਣ ਤੋਂ ਵੈਸ਼ਨੂੰ ਭੋਜਨਾਂ ਦੀ ਵਰਤੋਂ ਕਰ ਕੇ ਆਪਣੀ ਮਿਸਾਲ ਆਪ ਬਣਦੇ ਜਾ ਰਹੇ ਹਨ। ਆਉਣ ਵਾਲੀ ਪੀੜ੍ਹੀ ਦੇ ਬੱਚੇ ਇਸ ਤਰ੍ਹਾਂ ਦੇ ਕਾਰਜਾਂ ਤੋਂ ਆਪਣੀ ਸੰਸਕ੍ਰਿਤੀ ਵਿਰਾਸਤ ਨੂੰ ਜਰੂਰ ਹੀ ਪਰਤ ਕੇ ਆਉਣਗੇ। ਇਸ ਲਈ ਹਰ ਇੱਕ ਨੂੰ ਆਪਣੇ ਅੰਦਰ ਮਿਸ਼ਨਰੀ ਸਿਪਰਟ ਪੈਦਾ ਕਰ ਕੇ ਪ੍ਰਉਪਕਾਰੀ ਕਾਰਜਾਂ ਵਿੱਚ ਜਰੂਰ ਹੀ ਯੋਗਦਾਨ ਪਾਉਣਾ ਚਾਹੀਦਾ ਹੈ।

ਬਾਰਹਮਾਹਾ

ਜਗਿਆਸੂ ਜਨ ਪ੍ਰਚੀਨ ਸਮੇਂ ਤੋਂ ਹੀ ਸੰਗਰਾਂਦ ਵਾਲੇ ਦਿਨ ਕਿਸੇ ਭਲੇ ਮਹਾਂਪੁਰਸ਼ ਪਾਸੋਂ ਮਹੀਨੇ ਦਾ ਨਾਮ ਸੁਣਦੇ ਆ ਰਹੇ ਹਨ। ਧੰਨ ਧੰਨ ਸਤਿਗੁਰੂ ਪੰਚਮ ਪਾਤਸ਼ਾਹ ਦੇ ਪਵਿੱਤਰ ਚਰਨਾਂ ਦੇ ਵਿਚ ਜਗਿਆਸੂਆਂ ਨੇ ਬੇਨਤੀ ਕੀਤੀ ਕਿ ਆਪ ਜੀ ਕ੍ਰਿਪਾ ਕਰੋ ਆਪ ਅਜਿਹੀ ਬਾਣੀ ਦੀ ਰਚਨਾ ਕਰੋ ਜਿਸ ਵਿਚ ਸਾਲ ਦੇ ਬਾਰ੍ਹਾਂ ਮਹੀਨਿਆਂ ਦਾ ਨਾਮ ਆ ਜਾਵੇ। ਪਹਿਲਾਂ ਵੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤੁਖਾਰੀ ਰਾਗ ਵਿਚ ਬਾਰਹਮਾਹਾ ਕਥਨ ਕੀਤੇ ਹਨ ਜੋ ਕਿ ਮੂਲ ਰੂਪ ਹਨ ਅਤੇ ਮਾਝ ਰਾਗ ਦੇ ਬਾਰਹਮਾਹਾ ਟੀਕਾ ਰੂਪ ਹਨ। ਜੇਠ ਮਹੀਨੇ ਦੇ ਪ੍ਰਥਾਇ ਗੁਰੂ ਜੀ ਫੁਰਮਾਨ ਕਰਦੇ ਹਨ –

ਰਾਗ ਮਾਝ ਬਾਰਹਮਾਹਾ ਮਹਲਾ ੫

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ
ਨਿਵੰਨਿ॥ ਹਰਿ ਸਜਣ ਦਾਵਣਿ ਲਗਿਆ
ਕਿਸੈ ਨ ਦੇਈ ਬੰਨਿ॥ ਮਾਣਕ ਮੋਤੀ ਨਾਮੁ
ਪ੍ਰਭ ਉਨ ਲਗੈ ਨਾਹੀ ਸੰਨਿ॥ ਰੰਗ ਸਭੇ
ਨਾਰਾਇਣੈ ਜੇਤੇ ਮਨਿ ਭਾਵੰਨਿ॥ ਜੋ ਹਰਿ
ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ ਜੋ ਪ੍ਰਭਿ
ਕੀਤੇ ਆਪਣੇ ਸੇਈ ਕਹੀਅਹਿ ਧੰਨਿ॥ ਆਪਣ
ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।।
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ
ਭਾਗੁ ਮਥੰਨਿ॥ *ਅੰਗ - 134*

ਜੇਠ ਮਹੀਨੇ ਗੁਰੂ ਜੀ ਜਗਿਆਸੂ ਨੂੰ ਸਮਝਾਉਂਦੇ ਹਨ ਕਿ ਜਿਸ ਪ੍ਰਭੂ ਅੱਗੇ ਸਾਰੇ ਹੀ ਝੁਕਦੇ (ਨਿਉਂਦੇ) ਹਨ, ਉਸ ਨਾਮ ਨਾਲ ਜੁੜਨਾ ਚਾਹੀਦਾ ਹੈ। ਹਰੀ ਸੱਜਣ ਦੇ ਨਾਮ ਰੂਪੀ ਪੱਲੇ ਨਾਲ ਲਗ ਕੇ ਕੋਈ ਵੀ ਬੰਧਨ ਨਹੀਂ ਪੈਂਦਾ ਅਤੇ ਜਮਾਂ ਦਾ ਦੁਖ ਮਿਟ ਜਾਂਦਾ ਹੈ ਭਾਵ ਜਮ ਬੰਨ੍ਹ ਕੇ ਨਹੀਂ ਲਿਜਾ ਸਕਦੇ।

ਅਮੋਲਕ ਨਾਮ ਰੂਪੀ ਮਾਣਕ ਮੋਤੀ ਨੂੰ ਕੋਈ ਵੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਰਗੇ ਚੋਰ ਸੰਨ੍ਹ ਨਹੀਂ ਲਾ ਸਕਦੇ ਅਤੇ ਸਾਰੇ ਹੀ ਰੰਗ ਅਨੰਦ ਪ੍ਰਮੇਸ਼ਰ ਦੇ ਸਿਮਰਨ ਵਿਚ ਹਨ। ਹੁਕਮੀ ਜੀਵ ਪ੍ਰਮੇਸ਼ਰ ਦੀ ਰਜ਼ਾ ਨੂੰ ਸਵੀਕਾਰ ਕਰਦਾ ਹੋਇਆ ਪ੍ਰਭੂ ਦੇ ਹੁਕਮ ਅੰਦਰ ਚਲਦਾ ਹੈ ਜੋ ਵੀ ਮਨੁੱਖ ਪ੍ਰਮੇਸ਼ਰ ਨੇ ਆਪਣੇ ਕੀਤੇ ਹਨ ਉਨ੍ਹਾਂ ਨੂੰ ਧੰਨਤਾ ਯੋਗ ਕਿਹਾ ਜਾਂਦਾ ਹੈ। ਗੁਰੂ ਦੇ ਉਪਦੇਸ਼ ਤੋਂ ਬਿਨਾਂ ਲਿਆ ਹੋਇਆ ਨਾਮ ਆਪਣੇ ਆਪ ਹੀ ਜਪਿਆਂ ਜੇਕਰ ਪ੍ਰਮੇਸ਼ਰ ਮਿਲਦਾ ਹੋਵੇ ਤਾਂ ਵਿਛੜੇ ਹੋਏ ਜੀਵ ਉਸ ਤੋਂ ਵਿਛੜ ਕੇ ਕਿਉਂ ਰੋਂਦੇ ਹਨ ਇਸ ਲਈ ਇਹ ਨਾਮ, ਨਾਮ ਵਿਚ ਅਭੇਦ ਹੋਇਆਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ ਅਤੇ ਉਹ ਹੀ ਪ੍ਰਭੂ ਦੇ ਪਿਆਰ ਅਨੰਦ ਨੂੰ ਮਾਣਦੇ ਹਨ। ਗੁਰੂ ਜੀ ਜੇਠ ਦੁਆਰਾ ਕਥਨ ਕਰਦੇ ਹਨ ਪ੍ਰਭੂ ਪ੍ਰਮੇਸ਼ਰ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਸ ਦੇ ਮਸਤਕ ਦੇ ਬਹੁਤ ਹੀ ਚੰਗੇ ਭਾਗ ਹਨ। ਜਿਸ ਦੇ ਬਾਰੇ ਫੁਰਮਾਨ ਹੈ –

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ॥
ਅੰਗ - 204

ਪੂਰਬਲੇ ਸੰਚਿਤ ਸ਼ੁਭ ਕਰਮਾਂ ਕਰਕੇ ਹੀ ਸਾਧੂ ਮਿਲਦੇ ਹਨ ਜੋ ਕਿ ਵਿਚੋਲੇ ਵਾਂਗੂੰ ਗੁਰੂ ਨੂੰ ਮਿਲਾਉਂਦੇ ਹਨ ਅਤੇ ਦਰਗਾਹ ਦੇ ਵਕੀਲ ਬਣਦੇ ਹਨ –

ਜੈਸਾ ਸਤਿਗੁਰੂ ਸੁਣੀਦਾ ਤੈਸੋ ਹੀ ਮੈ ਡੀਠੁ॥
ਵਿਛੁੜਿਆ ਮੇਲੇ ਪ੍ਰਭੂ
ਹਰਿ ਦਰਗਹ ਕਾ ਬਸੀਠੁ॥
ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ
ਕਟੇ ਹਉਮੈ ਰੋਗੁ॥
ਨਾਨਕ ਸਤਿਗੁਰੁ ਤਿਨਾ ਮਿਲਾਇਆ
ਜਿਨਾ ਧੁਰੇ ਪਇਆ ਸੰਜੋਗੁ॥
ਅੰਗ - 957

ਇਸ ਲਈ ਸਾਨੂੰ ਸਾਧੂਆਂ ਦੀ ਸੰਗਤ ਕਰਨੀ ਚਾਹੀਦੀ ਹੈ ਜਿਹੜੀ ਇਥੇ ਵੀ ਸੁਖਦਾਇਕ ਹੈ ਅਤੇ ਜਦੋਂ ਇਸ ਸੰਸਾਰ ਤੋਂ ਜਾਣਾ ਹੈ ਅੱਗੇ ਵੀ ਫਲਦਾਇਕ ਹੈ। ਇਸ ਲਈ ਐਸੇ ਸੱਜਣ ਮਿਤਰ ਸਾਨੂੰ ਬਣਾਉਣੇ ਚਾਹੀਦੇ ਹਨ–

ਨਾਨਕ ਕਚੜਿਆ ਸਿਉ ਤੋੜਿ
ਢੂੰਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ
ਓਇ ਮੁਇਆ ਨ ਜਾਹੀ ਛੋੜਿ॥ ਅੰਗ- 1102

ਸੱਜਣ ਸੰਤ ਪੱਕੇ ਮਿਤਰ ਹਨ ਅਤੇ ਦੁਨੀਆਂ ਦੇ ਰਿਸ਼ਤੇਦਾਰ, ਸਕੇ–ਸਨਬੰਧੀ ਕੱਚੇ ਹਨ ਜੋ ਕਿ ਸੁਖ ਦੇ ਵਿਚ ਤਾਂ ਨੇੜੇ ਆਉਂਦੇ ਹਨ ਪਰੰਤੂ ਦੁਖ ਪੈਣ ਤੇ ਛੱਡ ਜਾਂਦੇ ਹਨ ਜਿਵੇਂ ਕਿ –

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ
ਦਿਸਿ ਘੇਰੈ॥ ਬਿਪਤਿ ਪਰੀ ਸਭ ਹੀ ਸੰਗੁ
ਛਾਡਿਤ ਕੋਊ ਨ ਆਵਤ ਨੇਰੈ॥ ਅੰਗ- 634

ਸਭ ਤੋਂ ਨੇੜੇ ਦੀ ਜੀਵਨ ਸਾਥਣ ਵੀ ਸਾਥ ਛੱਡ ਜਾਂਦੀ ਹੈ ਜਿਵੇਂ –

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ
ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਇਆ
ਪ੍ਰੇਤ ਪ੍ਰੇਤ ਕਰਿ ਭਾਗੀ॥ *ਅੰਗ - 634*

ਉਪਰੋਕਤ ਗੁਰਮਤਿ ਵਿਚਾਰਾਂ ਦੀ ਪਰਪੱਕਤਾ ਵਾਸਤੇ ਫੇਰ ਪਿਛਲੇ ਵੈਸਾਖਿ ਦੇ ਮਹੀਨੇ ਦੇ ਉਪਦੇਸ਼ ਨੂੰ ਦੁਹਰਾਇਆ ਜਾਂਦਾ ਹੈ।

(––––––)

ਜੁਗਤੀ ਸੇਵਾ ਸਿਮਰਨ

ਸੰਤ ਵਰਿਆਮ ਸਿੰਘ ਜੀ,
ਬਾਨੀ ਵਿ. ਗੁ. ਰੂ. ਮਿਸ਼ਨ।

ਸਤਿਨਾਮ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ
ਅਪਨੀ ਭਗਤੀ ਲਾਇ॥ ਅੰਗ - ੨੮੯

ਧਾਰਨਾ - ਮੀਠੇ ਹਰਿ ਗੁਣ ਗਾਓ
ਜਿੰਦੇ ਤੂੰ ਮੀਠੇ ਹਰਿ ਗੁਣ ਗਾਓ।

ਮੀਠੇ ਹਰਿ ਗੁਣ ਗਾਉ
ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥
ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥ ੧ ॥ ਰਹਾਉ ॥
ਹੋਰਿ ਸਾਦ ਸਭਿ ਫਿਕਿਆ
ਤਨੁ ਮਨੁ ਫਿਕਾ ਹੋਇ ॥
ਵਿਣੁ ਪਰਮੇਸਰ ਜੋ ਕਰੇ
ਫਿਟੁ ਸੁ ਜੀਵਣੁ ਸੋਇ ॥ ੧ ॥
ਅੰਚਲੁ ਗਹਿ ਕੈ ਸਾਧ ਕਾ
ਤਰਣਾ ਇਹੁ ਸੰਸਾਰੁ ॥
ਪਾਰਬ੍ਰਹਮੁ ਆਰਾਧੀਐ ਉਧਰੈ
ਸਭ ਪਰਵਾਰੁ ॥ ੨ ॥
ਸਾਜਨੁ ਬੰਧੁ ਸੁਮਿਤ੍ਰੁ ਸੋ
ਹਰਿ ਨਾਮੁ ਹਿਰਦੈ ਦੇਇ ॥
ਅਉਗਣ ਸਭ ਮਿਟਾਇ ਕੈ
ਪਰਉਪਕਾਰੁ ਕਰੇਇ॥ ੩ ॥
ਮਾਲੁ ਖਜਾਨਾ ਥੇਹੁ ਘਰੁ
ਹਰਿ ਕੇ ਚਰਣ ਨਿਧਾਨ ॥
ਨਾਨਕ ਜਾਚਕੁ ਦਰਿ ਤੇਰੈ
ਪ੍ਰਭ ਤੁਧਨੋ ਮੰਗੈ ਦਾਨੁ॥ ਅੰਗ - ੨੧੮

ਧਾਰਨਾ - ਕੰਨੀਂ ਸੁਣੀਏ ਗੁਰਾਂ ਦੀ ਬਾਣੀ,
ਜਿਹਭਾ ਨਾਲ ਨਾਮ ਜਪੀਏ।

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ ॥ ੧ ॥ ਰਹਾਉ ॥
ਕਰਿ ਸਾਧਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ ॥
ਕਾਲੁ ਬਿਆਲੁ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ ॥ ੧ ॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ
ਜਾਤੁ ਅਉਸਰੁ ਬੀਤ ॥ ਅੰਗ - ੬੩੧

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਜੇਠਿ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਵਾਸਤੇ ਦੂਰ-ਦਰਾਜ ਤੋਂ ਸੰਗਤਾਂ ਗਰਮੀ ਦੇ ਅੰਦਰ ਇੱਥੇ ਪਹੁੰਚੀਆਂ ਨੇ। ਇਹ ਤਪ ਕਿੱਡਾ ਵੱਡਾ ਹੈ, ਇਸ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਜੇ ਆਪ ਨੇ ਮਨ ਚਿੱਤ ਇਕਾਗਰ ਕਰਕੇ, ਹਰੀ ਦਾ ਜਸ ਸਰਵਣ ਕੀਤਾ ਤੇ ਵਿਚਾਰ ਕੇ ਬਾਣੀ ਨੂੰ ਹਿਰਦੇ ਵਿਚ ਧਾਰਨ ਕਰ ਲਿਆ, ਧਾਰਨ ਕਰਕੇ ਆਪਣੇ ਜੀਵਨ ਨੂੰ ਸੇਧ ਦੇ ਦਿਤੀ, ਮਹਾਰਾਜ ਕਹਿੰਦੇ ਤੁਹਾਨੂੰ ਫਲ ਮਿਲੇਗਾ ਕਰੋੜਾਂ ਯੱਗਾਂ ਦਾ -

ਕਈ ਕੋਟਿਕ ਜਗ ਫਲਾ
ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬

ਤਪ ਤਾਂ ਤੁਸੀਂ ਕਰ ਲਿਆ, ਧੁੱਪ 'ਚ ਆ ਗਏ। ਗਰਮੀ ਦੇ ਵਿਚ ਬੈਠੇ ਓਂ। ਥੋੜ੍ਹੀ ਜਿਹੀ ਸਾਵਧਾਨੀ ਵਰਤੋਂਗੇ, ਬੇਅੰਤ ਫਲ ਪ੍ਰਾਪਤ ਹੋ ਜਾਏਗਾ। ਬਹੁਤ ਸਾਰੇ ਪ੍ਰੇਮੀ ਮੈਨੂੰ ਕਹਿੰਦੇ ਰਹੇ ਨੇ, ਆਹ ਨੁਕਸ ਹੈ ਜੀ, ਆਹ ਘੱਟ ਹੈ ਜੀ। ਆਹ ਵਿਘਨ ਪੈ ਗਿਆ, ਵਿਘਨ ਤਾਂ ਸਾਰੇ ਹੀ ਦੂਰ ਹੋ ਜਾਣਗੇ। ਗੁਰੂ ਮਹਾਰਾਜ ਜਿਸ ਤਰ੍ਹਾਂ ਫੁਰਮਾਨ ਕਰਦੇ ਨੇ ਉਸ ਤਰ੍ਹਾਂ ਦੇ ਨਾਲ ਚਿੱਤ ਨੂੰ ਇਕਾਗਰ ਕਰਕੇ, ਬਾਣੀ ਸਰਵਣ ਕਰੋ, ਫੇਰ ਬੁੱਧੀ ਦੇ ਨਾਲ ਵਿਚਾਰੋ, ਵਿਚਾਰ ਕੇ ਹਿਰਦੇ 'ਚ ਧਾਰਨ ਕਰੋ, ਧਾਰਨ ਕਰਨ ਤੋਂ ਬਾਅਦ ਫੇਰ ਛੱਡੋ ਨਾ, ਉਹਦੇ ਉੱਤੇ ਪਹਿਰਾ ਦੇਵੋ, ਕਮਾਈ ਕਰਨ ਦਾ ਯਤਨ ਕਰੋ। ਕਮਾਈ ਕਿਵੇਂ ਹੁੰਦੀ ਹੈ, ਇਕ ਗੱਲ ਨਾਲ ਸਮਝ ਵਿੱਚ ਆ ਜਾਵੇਗੀ। ਬੜੀ ਮਸ਼ਹੂਰ ਸਾਖੀ ਹੈ ਜੋ ਸਾਡੇ ਵਾਸਤੇ ਪੱਥ ਪ੍ਰਦਰਸ਼ਨ ਕਰਦੀ ਹੈ, ਰਾਹ ਦਿਖਾਉਂਦੀ ਹੈ, ਗੱਲ ਨਿੱਕੀ ਜਿਹੀ ਹੈ, ਪਰ ਉਹਦੇ ਵਿਚ ਬਹੁਤ ਵੱਡਾ ਭੇਤ ਹੈ। ਸਮਝਣ ਦਾ ਯਤਨ ਕਰਿਓ। ਪੰਜੇ ਪਾਂਡਵ ਤੇ 100 ਪੁੱਤਰ ਧ੍ਰਿਤਰਾਸ਼ਟਰ ਦਾ, ਜਿਨ੍ਹਾਂ ਨੂੰ ਕੌਰਵ ਕਹਿੰਦੇ ਸੀ, ਇਹ ਪੜ੍ਹਨ ਵਾਸਤੇ ਪਾ ਦਿੱਤੇ। ਸਾਰੇ ਪੜ੍ਹੀ ਜਾਂਦੇ ਨੇ ਜਿਹੜਾ ਏਧਰਲੇ ਪਾਸੇ ਪਾਡਵਾਂ ਦਾ ਵੱਡਾ ਲੜਕਾ ਸੀ, ਜਿਸਦਾ ਨਾਉਂ ਯੁਧਿਸ਼ਟਰ ਸੀ, ਉਹਨੇ ਪੈਂਤੀ ਤਾਂ ਪੜ੍ਹ ਲਈ, ਭੁਲਾਵੇਂ ਅੱਖਰ ਵੀ ਪੜ੍ਹ ਲਏ ਤੇ ਜਦੋਂ ਜੋੜ ਵਾਲੇ ਅੱਖਰ ਆਏ ਨਾ, ਪਹਿਲੇ ਦੂਜੇ ਵਰਕੇ 'ਤੇ ਹੀ ਹੁੰਦੇ ਨੇ। ਉਥੇ ਪਹਿਲਾ ਹੀ ਆ ਗਿਆ, ਕ੍ਰੋਧ ਮੱਤ ਕਰੋ। ਪੜ੍ਹਾਈ ਹੋ ਰਹੀ ਹੈ, ਬਾਕੀ ਕੈਅਦਾ ਮੁਕਾ ਲਿਆ, ਪਹਿਲੀ ਵਿੱਚ ਲੱਗ ਗਏ, ਪੋਥੀ ਪੜ੍ਹ ਲਈ, ਇਹ ਉਥੇ ਹੀ ਖੜ੍ਹੇ ਨੇ। ਇਨ੍ਹਾਂ ਦੇ ਪਿਤਾ

ਨੇ ਪੁੱਛਿਆ, ਟੀਚਰਾਂ ਦੇ ਕੋਲੋਂ ਕਿ ਕੀ ਹਾਲ ਹੈ ਬੱਚਿਆਂ ਦੀ ਪੜ੍ਹਾਈ ਦਾ। ਕਹਿੰਦੇ ਜੀ ਹੋਰ ਤਾਂ ਸਭ ਚੱਲ ਰਹੇ ਨੇ। ਪਰ ਇੱਕ ਵੱਡਾ ਜੋ ਰਾਜਕੁਮਾਰ ਹੈ, ਉਸਨੇ ਦੋ ਅੱਖਰ ਪੜ੍ਹੇ ਨੇ, ਉਹ ਉਸ ਤੋਂ ਅੱਗੇ ਨਹੀਂ ਚੱਲ ਰਿਹਾ। ਕਹਿੰਦੇ ਕੀ ਉਹਦੇ ਯਾਦ ਨਹੀਂ ਹੋਇਆ? ਕਹਿੰਦੇ, ਯਾਦ ਹੈ, ਪੜ੍ਹ ਕੇ ਸੁਣਾ ਦਿੰਦਾ ਹੈ, ਨਾਲ ਕਹਿ ਦਿੰਦਾ ਹੈ ਕਿ ਮੇਰੇ ਤਾਂ ਯਾਦ ਨਹੀਂ ਹੋਇਆ। ਜਦ ਕਈ ਦਿਨ ਲੰਘ ਗਏ ਉਸ ਤੋਂ ਬਾਅਦ ਇਨ੍ਹਾਂ ਦਾ ਪਿਤਾ ਸਕੂਲ ਵਿੱਚ ਆਇਆ, ਬੱਚਿਆਂ ਤੋਂ ਪੁੱਛਿਆ ਕਿ ਕਿੰਨਾ-ਕਿੰਨਾ ਪੜ੍ਹਿਆ ਹੈ? ਜਦੋਂ ਇਹਦੀ ਵਾਰੀ ਆਈ ਤਾਂ ਕਹਿਣ ਲੱਗੇ, ਤੂੰ ਸੁਣਾ। ਪੈਂਤੀ ਵੀ ਸੁਣਾ ਦਿੱਤੀ, ਭੁਲਾਵੇਂ ਅੱਖਰ ਵੀ ਸੁਣਾ ਦਿੱਤੇ, ਜਦੋਂ ਜੋੜ ਵਾਲੇ ਅੱਖਰ ਆਏ ਉਨ੍ਹਾਂ ਵਿੱਚ ਜਦੋਂ ਇਹ ਲਾਈਨ ਆਈ ਕਿ 'ਕ੍ਰੋਧ ਮੱਤ ਕਰੋ' ਇਹ ਪੜ੍ਹ ਦਿੱਤੀ।

ਕਹਿੰਦੇ ਅੱਗੇ ਪੜ੍ਹ?

ਕਹਿੰਦੇ ਮੇਰੇ ਯਾਦ ਨਹੀਂ ਹੋਈ ਇਹ ਗੱਲ।

ਕਹਿੰਦੇ, ਤੂੰ ਪੜ੍ਹ ਕੇ ਤਾਂ ਸੁਣਾ ਦਿੱਤੀ ਫੇਰ ਤੇਰੇ ਯਾਦ ਕਿਵੇਂ ਨਹੀਂ ਹੋਈ?

ਕਹਿੰਦਾ, ਮੇਰੇ ਯਾਦ ਨਹੀਂ ਹੋਈ।

ਪੰਜ ਸੱਤ ਵਾਰੀ ਪਿਤਾ ਨੇ ਕਿਹਾ, ਪਰ ਇਹਨੇ ਇਹੀ ਕਿਹਾ। ਪਿਤਾ ਨਰਾਜ਼ ਹੋ ਗਿਆ। ਨਰਾਜ਼ ਹੋ ਕੇ ਮੂੰਹ 'ਤੇ ਥੱਪੜ ਮਾਰਿਆ, ਕਹਿੰਦੇ ਤੂੰ ਪੜ੍ਹਦਾ ਹੈ ਅੱਗੇ ਕਿ ਨਹੀਂ ਪੜ੍ਹਦਾ? ਥੋੜ੍ਹੀ ਦੇਰ ਰੁਕਿਆ ਕਹਿੰਦਾ ਹਾਂ ਹੁਣ ਮੈਨੂੰ ਸੰਥਿਆ ਦਿਓ। ਕਿਉਂਕਿ ਮੇਰੇ ਸਬਕ ਯਾਦ ਹੋ ਗਿਆ ਤੇ ਹੁਣ ਮੈਨੂੰ ਪੜ੍ਹਾਓ ਅੱਗੇ। ਨਿੱਕੀ ਜਿਹੀ ਗੱਲ ਹੈ ਛੋਟੀ ਜਿਹੀ ਕਹਾਣੀ। ਕਿਸੇ ਨੇ ਵਿਚਾਰਿਆ ਨਹੀਂ ਏਸਨੂੰ ਕਿ ਇਹ ਕੀ ਗੱਲ ਕਹਿ ਗਿਆ। ਖੜ੍ਹ ਕੇ ਨਹੀਂ ਗੱਲ ਵਿਚਾਰੀ, ਜਿੰਨਾਂ ਚਿਰ ਅਸੀਂ ਠਹਿਰ ਕੇ ਨਾ ਗੱਲ ਵਿਚਾਰੀਏ, ਓਨਾਂ ਚਿਰ ਸਾਨੂੰ ਗੱਲ ਸਮਝ 'ਚ ਨਹੀਂ ਆਇਆ ਕਰਦੀ। ਨਿੱਕੀ ਜਿਹੀ ਗੱਲ ਹੈ ਕਿ 'ਕ੍ਰੋਧ ਮੱਤ ਕਰੋ।' ਸਭ ਜਾਣਦੇ ਹਾਂ। ਫੇਰ ਸਬਕ ਯਾਦ ਕਿਉਂ ਨਹੀਂ ਹੋਇਆ? ਉਹ ਕਹਿੰਦਾ, ਮੈਂ ਮਨ 'ਚ ਵਸਾਇਆ ਹੈ ਪਰ ਮੈਂ ਅਜੇ ਤਜਰਬਾ ਕਰਕੇ ਨਹੀਂ ਦੇਖਿਆ ਕਿ ਮੈਨੂੰ ਕ੍ਰੋਧ ਆਉਂਦਾ ਹੈ ਕਿ ਨਹੀਂ ਆਉਂਦਾ, ਜਿਹੜਾ ਕੁਛ ਮੈਂ ਪੜ੍ਹਨਾ ਹੈ ਉਹ ਮੈਂ ਹਿਰਦੇ 'ਚ ਵਸਾਉਣਾ ਹੈ, ਐਵੇਂ ਨਹੀਂ ਮੈਂ ਵਕਤ ਜ਼ਾਇਆ ਕਰਨਾ। ਹਿਰਦੇ 'ਚ ਮੈਂ ਧਾਰਨ ਕਰਨਾ ਹੈ ਤੇ ਫੇਰ ਮੈਂ ਜੀਵਨ 'ਚ ਕਮਾ ਕੇ ਵਰਤਣਾ ਹੈ। ਏਸੇ ਕਰਕੇ ਜੇ ਉਥੇ ਆ ਗਿਆ 'ਝੂਠ ਮੱਤ ਬੋਲੋ।' ਇਹ ਸਾਰੀ ਜ਼ਿੰਦਗੀ ਝੂਠ ਨਹੀਂ ਬੋਲਿਆ। ਸਿਰਫ ਇੱਕ ਵਾਰੀ ਜ਼ਿੰਦਗੀ ਦੇ ਅੰਦਰ ਸਾਰਿਆਂ ਨੇ ਇਸਨੂੰ ਕਿਹਾ ਕਿ ਇੱਕ ਗੱਲ ਕਹਿ ਦੇ, ਝੂਠ ਨਹੀਂ ਅਸੀਂ ਹੋਣ ਦਿੰਦੇ। ਉਹ ਕਹਿੰਦੇ ਕਿਹੜੀ ਗੱਲ ਕਹਾਂ? ਕਿਉਂਕਿ ਮੈਂ ਪ੍ਰਤੱਗਿਆ ਕਰੀ ਹੋਈ ਹੈ ਕਿ ਮੈਂ ਕ੍ਰੋਧ ਨਹੀਂ ਕਰਨਾ, ਝੂਠ ਨਹੀਂ ਬੋਲਣਾ। ਜੇ ਲੋਭ ਆ ਗਿਆ, ਲੋਭ ਨਹੀਂ ਕਰਨਾ। ਜਿੰਨਾ ਪੜ੍ਹਿਆ ਹੈ ਕਮਾਇਆ ਹੈ ਸਾਰਾ। ਕਹਿਣ ਲੱਗੇ, ਗੱਲ ਤਾਂ ਕੁਛ ਨਹੀਂ ਕਹਿਣੀ। ਆਹ ਅਸੀਂ ਹਾਥੀ ਮਾਰਨਾ ਹੈ ਇਸ ਦਾ ਨਾਂ ਅਸਸਥਾਮਾ ਹੈ, ਜਿਹੜਾ ਦਰੋਣਾਚਾਰੀਆ ਹੈ ਉਹਦੇ ਲੜਕੇ ਦਾ ਨਾਮ ਵੀ ਅਸਸਥਾਮਾ ਹੈ। ਦਰੋਣਾਚਾਰੀਆ ਜਿਹੜਾ ਹੈ, ਜਿੰਨਾਂ ਚਿਰ ਉਹ ਜੀਉਂਦਾ ਹੈ, ਉਹਦੇ ਕੋਲ ਐਸੇ ਅਸਤਰ ਤੇ ਸਸ਼ਤਰ ਨੇ ਕਿ ਦੁਨੀਆਂ 'ਚ ਕੋਈ ਆਦਮੀ ਨਹੀਂ ਜਿਹੜਾ ਉਹਦਾ ਮੁਕਾਬਲਾ ਕਰ ਲਵੇ, ਸਿਵਾਏ ਕ੍ਰਿਸ਼ਨ ਮਹਾਰਾਜ ਤੋਂ। ਇਨ੍ਹਾਂ ਨੇ ਪ੍ਰਣ ਕਰਿਆ ਹੋਇਆ ਹੈ ਕਿ ਮੈਂ ਸ਼ਸਤਰ ਨਹੀਂ ਚੁੱਕਣਾ ਇਸ ਕਰਕੇ, ਹੁਣ ਜੇ ਬਚਾ ਸਕਦੇ ਹੋਂ, ਸਾਰਿਆਂ ਨੂੰ ਬਚਾ ਲਓ। ਨਹੀਂ ਤਾਂ ਹਾਰ ਦਿਸ ਹੀ ਰਹੀ ਹੈ, ਕਿੰਨੇ ਲੱਖਾਂ ਦੀ ਤਾਦਾਦ 'ਚ ਸੂਰਮੇ ਇਸਨੇ ਮਾਰ ਦਿੱਤੇ ਅਸਤਰ-ਸ਼ਸਤਰ ਚਲਾ ਕੇ। ਕ੍ਰਿਸ਼ਨ ਮਹਾਰਾਜ ਨੇ ਵੀ ਕਿਹਾ ਕਿ ਹਾਥੀ ਮਾਰ ਦਿੰਦੇ ਹਾਂ ਕਿ ਤੂੰ ਕਹਿ ਦੇ ਕਿ 'ਅਸਸਥਾਮਾ ਹਤੋ'। ਐਨਾ ਹੀ ਕਹਿੰਦਾ ਹੈ। ਕਹਿੰਦਾ, ਇਹ ਮੈਂ ਕਹਿ ਦੇਵਾਂਗਾ ਪਰ ਇੱਕ ਨਾਲ ਗੱਲ ਕਹਿ ਦੇਈਂ 'ਨਰੋ ਵ ਕੁੰਚਰੋ'। ਮਨਾ ਲਿਆ, ਜਦੋਂ ਉਸਨੇ ਕਿਹਾ ਕਿ ਅਸਸਥਾਮਾ ਹਤੋ, ਕਹਿ ਦਿੱਤਾ ਗਿਆ ਕਿ ਅਸਸਥਾਮਾ ਮਰ ਗਿਆ, ਜਦੋਂ ਇਹਨੇ ਕਿਹਾ ਕਿ 'ਨਰੋ ਵ ਕੁੰਚਰੋ' ਆਦਮੀ ਮਰਿਆ ਹੈ ਜਾਂ ਹਾਥੀ ਮਰਿਆ ਹੈ ਇਹ ਮੈਨੂੰ ਪਤਾ ਨਹੀਂ ਹੈ। ਉਨ੍ਹਾਂ ਨੇ ਉਸੇ ਵੇਲੇ ਵੱਡੀਆਂ ਘੜਿਆਲਾਂ ਸੰਖ ਵਜਾ ਦਿੱਤੇ ਤੇ ਗੱਲ ਸੁਣਨ ਨਾ ਦਿੱਤੀ ਤੇ ਦਰੋਣਾਚਾਰੀਆਂ ਨੇ ਸ਼ਸਤਰ ਰੱਖ ਦਿੱਤੇ ਤੇ ਉਹਦੇ ਵਿੱਚ ਉਹ ਮਾਰਿਆ ਗਿਆ। ਯਾਨਿ ਜ਼ਿੰਦਗੀ ਚ' ਝੂਠ ਨਹੀਂ ਬੋਲਿਆ। ਉਹਨੇ ਪੜ੍ਹਾਈ ਕਰੀ ਕਿ ਕ੍ਰੋਧ ਮਤ ਕਰੋ। ਐਸੇ ਤਰ੍ਹਾਂ ਗੁਰੂ ਮਹਾਰਾਜ ਕਹਿੰਦੇ ਨੇ ਕਿ -

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ ॥ ਅੰਗ - ੬੬੯

ਜਿਹਨੇ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਜੀਵਨ ਵਿੱਚ ਢਾਲਿਆ ਹੈ, ਉਹਦਾ ਗਾਉਣਾ ਥਾਉਂ ਪੈਂਦਾ ਹੈ, ਉਹਦਾ ਪੜ੍ਹਨਾ ਥਾਉਂ ਪੈਂਦਾ ਹੈ ਤੇ ਉਸ ਬੰਦੇ ਵਾਸਤੇ ਲਿਖਿਆ ਹੈ -

ਕਈ ਕੋਟਿਕ ਜਗ ਫਲਾ
ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬

ਜਿਹੜਾ ਇਸ ਬਿਰਤੀ ਦਾ ਬੰਦਾ ਹੈ ਉਹਨੂੰ ਸਤਿਸੰਗ ਦੇ ਵਿੱਚ ਆ ਕੇ ਕਰੋੜਾਂ ਯੱਗਾਂ ਦਾ ਫਲ ਸਹਿਜ-ਸੁਭਾਅ ਪ੍ਰਾਪਤ ਹੋ ਜਾਂਦਾ ਹੈ। ਜਦੋਂ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਬਾਣੀ ਨੂੰ ਕਮਾਓ, ਹਿਰਦੇ 'ਚ ਧਾਰਨ ਕਰੋ ਤੇ ਜੀਵਨ ਵਿੱਚ ਲਿਆਓ, ਫੇਰ ਇਹ ਕੋਈ ਫਲ ਹੋ ਸਕਦਾ ਹੈ, ਜੋ ਕੁਛ ਬਾਣੀ ਕਹਿੰਦੀ ਹੈ ਉਹਦਾ ਫਲ ਪ੍ਰਾਪਤ ਹੋ ਜਾਂਦਾ ਹੈ, ਗੁਰੂ ਘਰ ਦੇ ਅੰਦਰ ਸਿਮਰਨ ਤੇ ਸੇਵਾ ਜਿਸਦੇ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਹੁਤ ਬਾਰ-ਬਾਰ ਜ਼ਿਕਰ ਆਉਂਦਾ ਹੈ। ਸਿਮਰਨ ਕਰੀਏ ਤੇ ਸੇਵਾ ਕਰੀਏ। ਦੋਹਾਂ ਦੇ ਨਾਲ ਜਿਹੜਾ ਸਾਡਾ ਜੀਵਨ ਹੈ, ਉਹਦਾ ਮਨੋਰਥ ਪੂਰਾ ਹੁੰਦਾ ਹੈ-

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥
ਅੰਗ - ੧੧੫੯

ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ ਇਹ ਮਾਨਸ ਦੇਹੀ ਸਾਨੂੰ ਪ੍ਰਾਪਤ ਹੋਈ ਹੈ -

ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥ ਅੰਗ-੧੧੫੯

ਇਸ ਦੇਹੀ ਨੂੰ ਦੇਵਤਾ ਲੋਕ ਯਾਦ ਕਰ ਰਹੇ ਨੇ। ਜੋ ਸੇਵਾ ਹੈ, ਗੁਰੂ ਘਰ ਦੇ ਅੰਦਰ ਇਸਦੀ ਬੜੀ ਮਹਾਨਤਾ ਹੈ ਲੇਕਿਨ ਸੇਵਾ ਕਿਵੇਂ ਕਰਨੀ ਚਾਹੀਦੀ ਹੈ, ਕਿਹਦੀ ਸੇਵਾ ਕਰਨੀ ਚਾਹੀਦੀ ਹੈ, ਇਨ੍ਹਾਂ ਗੱਲਾਂ 'ਚ ਭੇਤ ਹੈ, ਜਿੰਨਾਂ ਚਿਰ ਇਹ ਬਾਤਾਂ ਨਹੀਂ ਸਮਝ 'ਚ ਆਉਂਦੀਆਂ, ਓਨਾਂ ਚਿਰ ਮਹਾਰਾਜ ਨੇ ਜੋ ਫਲ ਲਿਖੇ ਨੇ, ਉਹ ਪ੍ਰਾਪਤ ਨਹੀਂ ਹੁੰਦੇ। ਕਿਉਂਕਿ tune ਟਿਊਨ ਗਲਤ ਹੋ ਗਈ, ਤਾਰ ਨਹੀਂ ਜੁੜ ਸਕੀ, ਸਹੀ ਤਰੀਕੇ ਨਾਲ ਚੱਲ ਨਹੀਂ ਸਕਿਆ। ਮਹਾਰਾਜ ਤਾਂ ਬਹੁਤ ਵੱਡੇ-ਵੱਡੇ ਫਲ ਸੇਵਾ ਦੇ ਤੇ ਸਿਮਰਨ ਦੇ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ -

ਧਾਰਨਾ - ਮਨ ਮੰਗੀਆਂ ਮੁਰਾਦਾਂ ਪਾਵੇ,
ਸੇਵਾ ਕਰ ਲੈ ਸਤਿਗੁਰ ਦੀ।

ਸਤਿਗੁਰ ਕੀ ਸੇਵਾ ਸਫਲੁ ਹੈ
ਜੇ ਕੋ ਕਰੇ ਚਿਤੁ ਲਾਇ ॥ ਅੰਗ - ੬੪੪

ਚਿੱਤ ਲਾ ਕੇ ਦਿਲ ਤੋਂ ਉਤਸ਼ਾਹ ਦੇ ਨਾਲ, ਦੌੜ-ਦੌੜ ਕੇ, ਭੱਜ-ਭੱਜ ਕੇ ਜਿਹੜਾ ਸੇਵਾ ਕਰਦਾ ਹੈ -

ਮਨਿ ਚਿੰਦਿਆ ਫਲੁ ਪਾਵਣਾ
ਹਉਮੈ ਵਿਚਹੁ ਜਾਇ ॥ ਅੰਗ - ੬੪੪

ਦੇਖੋ ਕਿੱਡਾ ਵੱਡਾ ਫਲ ਹੈ, ਇੱਕ ਤਾਂ ਕਹਿੰਦੇ ਜਿਹੜੀ ਮਨ ਦੇ ਵਿੱਚ ਇੱਛਿਆ ਹੋਏਗੀ, ਉਹਦਾ ਫਲ ਉਹਨੂੰ ਮਿਲ ਜਾਏਗਾ। ਇੱਕ ਵਿੱਚੋਂ ਹਉਮੈ ਚਲੀ ਜਾਏਗੀ। ਜਦੋਂ ਹਉਮੈ ਚਲੀ ਗਈ ਫੇਰ ਇਹ ਪ੍ਰਮੇਸ਼ਰ ਦੀ ਦਰਗਾਹ 'ਚ ਦਾਖਲ ਹੋ ਜਾਇਆ ਕਰਦਾ ਹੈ।

ਜੋ ਇਛਹੁ ਸੋਈ ਫਲੁ ਪਾਵਹੁ
ਫਿਰਿ ਦੂਖੁ ਨ ਵਿਆਪੈ ਕੋਈ ॥ ਅੰਗ- ੮੯੨

ਜੋ ਵੀ ਇਛਿਆ ਹੈ ਉਹ ਫਲ ਮਿਲ ਜਾਏਗਾ ਤੇ ਫੇਰ ਦੁਬਾਰਾ ਦੁੱਖਾਂ ਦੇ ਵਿੱਚ ਨਹੀਂ ਜ਼ਿੰਦਗੀ ਜਾਏਗੀ। ਐਡਾ ਵੱਡਾ ਜੋ ਫਲ ਪ੍ਰਾਪਤ ਹੁੰਦਾ ਹੈ, ਜਿਹੜਾ ਇਸ ਫਲ ਤੋਂ ਵਾਂਝਾ ਰਹਿ ਜਾਵੇ, ਹਉਮੈ ਦਾ ਵੀ ਨਾਸ਼ ਹੁੰਦਾ ਹੈ ਸੇਵਾ 'ਚ, ਮਨ ਚਾਹਿਆ ਫਲ ਵੀ ਮਿਲਦਾ ਹੈ, ਦੁਖਾਂ ਦਾ ਵੀ ਖਾਤਮਾ ਹੁੰਦਾ ਹੈ। ਜਿਹਨੇ ਵੀ ਸੇਵਾ ਕਰੀ ਹੈ ਚਾਹੇ ਦੁਨੀਆਂ ਮੰਗੀ ਹੈ, ਚਾਹੇ ਦੀਨ ਮੰਗਿਆ ਹੈ, ਉਹ ਦੋਵੇਂ ਚੀਜ਼ਾਂ ਸੇਵਾ 'ਚੋਂ ਪ੍ਰਾਪਤ ਹੋ ਜਾਂਦੀਆਂ ਨੇ, ਚਾਹੇ ਆਪਣਾ ਜਨਮ ਮਰਨ ਸਫਲ ਕਰਿਆ ਹੈ, ਵੱਡੀ ਤੋਂ ਵੱਡੀ ਪਦਵੀ ਸੇਵਾ ਵਿੱਚ ਮਿਲ ਜਾਂਦੀ ਹੈ ਤੇ ਮਹਾਰਾਜ ਕਹਿੰਦੇ ਸੇਵਾਦਾਰ ਜਿਹੜਾ ਹੈ -

ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ
ਫਿਰਿ ਸਲਲੈ ਸਲਲ ਸਮਾਇਦਾ ॥
ਅੰਗ - ੧੦੭੬

ਕਹਿੰਦੇ ਜਿਹੜਾ ਸੇਵਾ ਕਰਦਾ ਹੈ ਮਨ ਚਿਤ ਲਾ ਕੇ, ਗੁਰੂ ਦਾ ਹੋ ਜਾਂਦਾ ਹੈ।

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ ਪਾਣੀ ਢੋਵਣਾ
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।
ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।
ਚੰਦ ਮੁਮਾਰਖ ਈਦ ਪੁਗ ਖਲੋਵਣਾ।
ਭਾਈ ਗੁਰਦਾਸ ਜੀ, ਵਾਰ ੩/੧੮

ਜੇ ਗੁਰੂ ਦੇ ਗ੍ਰਿਹਿ ਵਿਚ ਰਹਿਣਾ ਸ਼ੁਰੂ ਕਰਿਆ ਹੈ -

ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਅੰਗ - ੨੮੬

ਸ਼ਰਤਾਂ ਦਸ ਦਿੱਤੀਆਂ ਸਾਰੀਆਂ। ਜੇ ਕਾਮਨਾ ਕੋਈ ਨਹੀਂ ਕਰਦਾ, ਸੇਵਾ ਦਾ ਫਲ ਤਾਂ ਮਿਲਣਾ ਹੀ ਮਿਲਣਾ ਹੈ, ਫੇਰ ਫਲ ਕੀ ਮਿਲਦਾ ਹੈ -

ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅੰਗ - ੨੮੬

ਉਹਨੂੰ ਵਾਹਿਗੁਰੂ ਮਿਲ ਜਾਂਦਾ ਹੈ ਜਿਹੜਾ ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ। ਜਿਹੜਾ ਕਾਮਨਾ ਨਾਲ ਸੇਵਾ ਕਰਦਾ ਹੈ, ਉਹਦੀ ਕਾਮਨਾ ਪੂਰੀ ਹੋ ਜਾਂਦੀ ਹੈ। ਬਹੁਤ ਵਾਰੀ ਆਪ ਨੇ ਸੁਣਿਆ ਹੈ ਕਿ ਭਾਈ ਆਦਮ ਬਰਾੜ, ਗੁਰੂ ਚੌਥੇ ਪਾਤਸ਼ਾਹ ਦੇ ਦਰ 'ਤੇ ਆਇਆ। ਉਹਨੇ ਸੇਵਾ ਕਰੀ, ਮਹਾਰਾਜ ਪ੍ਰਸੰਨ ਹੋਏ। ਕਹਿੰਦੇ ਮੰਗ ਕੀ ਮੰਗਦਾ ਹੈਂ? ਪੁੱਤਰ ਦੀ ਦਾਤ ਮੰਗੀ, ਸੱਤਰ ਸਾਲ ਦੀ ਉਮਰ ਹੋ ਚੁੱਕੀ ਹੈ। ਮਹਾਰਾਜ ਕਹਿੰਦੇ, ਤੇਰੀ ਕਿਸਮਤ 'ਚ ਤਾਂ ਲਿਖਿਆ ਨਹੀਂ ਹੈ ਤੇ ਅਸੀਂ ਆਪਣਾ ਪੁੱਤਰ ਜਿਹੜਾ ਸਾਡੇ ਚੌਥਾ ਪੁੱਤਰ ਹੋਣਾ ਹੈ, ਉਹ ਤੇਰੇ ਘਰ ਭੇਜ ਦਿੰਦੇ ਹਾਂ ਤੇ ਉਹ ਜਮਾਂਦਰੂ ਸਿੱਧ ਹੋਏਗਾ। ਉਹਦਾ ਨਾਉਂ ਭਗਤੂ ਰੱਖੀਂ ਤੇ ਭਾਈ ਭਗਤੂ ਦੀ ਓਲਾਦ, ਕੈਂਥਲ ਵਾਲੇ ਰਾਜੇ ਜਿਨ੍ਹਾਂ ਨੇ ਸੂਰਜ ਪ੍ਰਕਾਸ਼ ਲਿਖਾਇਆ ਹੈ, ਉਹ ਓਲਾਦ ਸੀ ਉਹਦੀ। ਸੇਵਾ ਦੇ ਨਾਲ ਐਨਾ ਹੀ ਨਹੀਂ ਕਿ ਪੁੱਤਰ ਦੀ ਪ੍ਰਾਪਤੀ ਹੋਈ, ਨਾਲ ਰਾਜ ਭਾਗ ਵੀ ਮਿਲਿਆ ਤੇ ਅਮਰ ਹੋ ਗਏ ਹਮੇਸ਼ਾ ਵਾਸਤੇ। ਸੇਵਾ ਹੋਰ ਕੀਤੀ, ਸੂਰਜ ਪ੍ਰਕਾਸ਼ ਦੀ ਛਪਾਈ ਕਰਾਈ। ਭਾਈ ਸੰਤੋਖ ਸਿੰਘ ਜੀ ਨੂੰ ਰੱਖਿਆ ਤੇ ਜਦੋਂ ਸੂਰਜ ਪ੍ਰਕਾਸ਼ ਦੀ ਗੱਲ ਆਏਗੀ ਤੇ ਉਨ੍ਹਾਂ ਦੀ ਬਾਤ ਵੀ ਨਾਲ ਆਏਗੀ। ਸੋ ਕਿੱਡਾ ਵੱਡਾ ਫਲ ਪ੍ਰਾਪਤ ਹੋਇਆ।

ਜਿਹੜੇ ਸੇਵਾ ਨਹੀਂ ਕਰਦੇ, ਮਹਾਰਾਜ ਕਹਿੰਦੇ, ਸੇਵਾ ਤੋਂ ਹੀਣੇ ਬੰਦੇ ਨੂੰ -

ਵਿਣੁ ਸੇਵਾ ਧ੍ਰਿਗੁ ਹਥ ਪੈਰ
ਹੋਰ ਨਿਹਫਲ ਕਰਣੀ।

ਧਿਰਕਾਰ ਹੈ ਤੇਰੇ ਹੱਥਾਂ ਨੂੰ, ਧਿਰਕਾਰ ਹੈ ਤੇਰੇ ਪੈਰਾਂ ਨੂੰ।

ਧਿਰਕਾਰ ਹੈ ਤੇਰੇ ਸਰੀਰ ਨੂੰ ਜਿਹੜਾ ਸੇਵਾ ਵਿਚ ਨਹੀਂ ਲਗਦਾ। ਉਹਦਾ ਜੀਉਣਾ ਹੀ ਧਿਰਕਾਰ ਹੈ, ਇਸ ਤਰ੍ਹਾਂ ਫੁਰਮਾਨ ਹੈ -

ਧਾਰਨਾ - ਕਾਹੇ ਜਗ ਆਏ ਨੇ,
ਸੇਵਾ ਤੋਂ ਹੀਣੇ ਬੰਦੇ।

ਇੱਕ ਪਾਸੇ ਤਾਂ ਮਹਾਰਾਜ ਫੁਰਮਾਨ ਕਰਦੇ ਨੇ ਕਿ ਸੇਵਾ ਕਰਕੇ ਪ੍ਰਮੇਸ਼ਰ ਨੂੰ ਮਿਲ ਸਕਦਾ ਹੈ, ਇੱਕ ਪਾਸੇ ਫੁਰਮਾਨ ਕਰਦੇ ਨੇ ਕਿ ਜਿਹੜੇ ਬੰਦੇ ਸੇਵਾ ਨਹੀਂ ਕਰਦੇ, ਉਹ ਇਹ ਦੱਸਣ ਕਿ ਸੰਸਾਰ 'ਚ ਕੀ ਕਰਨ ਆਏ ਨੇ? ਕਿਉਂਕਿ ਸੇਵਾ ਅਨਿਕ ਭਾਂਤ ਹੈ, ਗੁਰੂ ਦੀ ਸੇਵਾ, ਵਾਹਿਗੁਰੂ ਦੀ ਸੇਵਾ, ਦੁਨੀਆਂ ਦੀ ਸੇਵਾ, ਮਾਂ-ਬਾਪ ਦੀ ਸੇਵਾ, ਬੱਚਿਆ ਦੀ ਸੇਵਾ, ਪਸ਼ੂਆਂ ਦੀ ਸੇਵਾ, ਦਰਖਤਾਂ ਦੀ ਸੇਵਾ, ਸੇਵਾ ਦਾ ਕੋਈ ਥੋੜ੍ਹਾ ਜਿਹਾ ਥਾਉਂ ਤਾਂ ਨਹੀਂ ਹੈ। ਲੇਕਿਨ ਸਾਰਿਆਂ ਨਾਲੋਂ ਜੋ ਸਫਲ ਸੇਵਾ ਹੈ, ਉਹ ਗੁਰੂ ਦੀ ਤੇ ਪ੍ਰਮੇਸ਼ਰ ਦੀ ਸੇਵਾ ਸਫਲ ਹੋਇਆ ਕਰਦੀ ਹੈ। ਬਾਕੀ ਸੇਵਾ ਵਿਚ ਹਿਤ ਹੋਇਆ, ਹਿਤ ਪੂਰਾ ਨਾ ਹੋਵੇ ਗੁੱਸਾ ਆਇਆ ਕਰਦਾ ਹੈ। ਗੁਰਦੁਆਰਾ ਬਣਾ ਲਓ, ਲੋਕ ਪ੍ਰਸੰਸਾ ਕਰਦੇ ਨੇ, ਹਿਤ ਬੰਨ੍ਹ ਲਿਆ ਕਿ ਮੈਨੂੰ ਲੋਕ ਚੰਗਾ ਕਹਿਣ। ਚੋਣਾਂ ਹੋ ਗਈਆਂ, ਬਦਲ ਗਿਆ, ਮੁੜ ਕੇ ਗੁਰਦੁਆਰੇ ਹੀ ਨਹੀਂ ਜਾਦਾ। ਉਹ ਸੇਵਾ ਹਉਮੈ ਦੀ ਕਰ ਰਿਹਾ ਸੀ, ਮਹਾਰਾਜ ਕਹਿੰਦੇ, ਹਉਮੈ ਵਾਲੀ ਸੇਵਾ ਥਾਂ ਨਹੀਂ ਪਿਆ ਕਰਦੀ। ਨਾ ਸੁਖ ਆਉਂਦਾ ਹੈ, ਨਾ ਸੇਵਾ ਮਿਲਦੀ ਹੈ। ਜਿਹੜਾ ਹਉਮੈ ਵਿੱਚ ਸੇਵਾ ਕਰਦਾ ਹੈ ਉਹਦੀ ਸੇਵਾ ਥਾਂ ਨਹੀਂ ਪੈਂਦੀ ਤੇ ਜਿਹੜਾ ਸੇਵਾ ਨਹੀਂ ਕਰਦਾ, ਉਹਦਾ ਸੰਸਾਰ 'ਤੇ ਆਉਣਾ ਨਿਹਫਲ ਹੈ -

ਸਤਿਗੁਰੂ ਨ ਸੇਵਿਓ ਸਬਦੁ
ਨ ਰਖਿਓ ਉਰ ਧਾਰਿ॥ ਅੰਗ - ੧੪੧੪

ਸਤਿਗੁਰੂ ਦੀ ਤਾਂ ਸੇਵਾ ਨਹੀਂ ਕਰੀ ਤੇ ਸ਼ਬਦ ਜਿਹੜਾ ਹੈ ਗੁਰੂ ਦਾ, ਉਹਨੂੰ ਹਿਰਦੇ 'ਚ ਧਾਰਨ ਨਹੀਂ ਕਰਿਆ -

ਧਿਗੁ ਤਿਨਾ ਕਾ ਜੀਵਿਆ
ਕਿਤੁ ਆਏ ਸੰਸਾਰਿ ॥ ਅੰਗ- ੧੪੧੪

ਕਹਿੰਦੇ ਧਿਰਕਾਰ ਹੈ ਉਨ੍ਹਾਂ ਦਾ ਜੀਉਣਾ ਤੇ ਦੱਸੋ ਕਾਹਦੇ ਵਾਸਤੇ ਸੰਸਾਰ 'ਤੇ ਆਏ ਨੇ।

ਜਿਨਾ ਸਤਿਗੁਰੁ ਪੁਰਖੁ ਨ
ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਗ - ੧੪੧੮

ਜਿਨ੍ਹਾਂ ਨੇ ਸਤਿਗੁਰੂ ਦੀ ਸੇਵਾ ਨਹੀਂ ਕਰੀ ਤੇ ਉਹਦੇ ਸ਼ਬਦ ਦੀ ਵਿਚਾਰ ਨਹੀਂ ਕਰੀ -

ਉਨ੍ਹਾਂ ਨੂੰ ਮਨੁੱਖ ਨਾ ਕਹੋ ਉਹ ਤਾਂ ਪਸ਼ੂ ਨੇ -

ਜਿਨਾ ਸਤਿਗੁਰੁ ਪੁਰਖੁ ਨ ਸੇਵਿਓ
ਸਬਦਿ ਨ ਕੀਤੋ ਵੀਚਾਰੁ ॥
ਓਇ ਮਾਣਸ ਜੂਨਿ ਨ ਆਖੀਅਨਿ
ਪਸੂ ਢੋਰ ਗਾਵਾਰ ॥ ਅੰਗ - ੧੪੧੮

ਉਨ੍ਹਾਂ ਨੂੰ ਮਨੁੱਖ ਨਾ ਕਹੋ ਉਹ ਤਾਂ ਪਸ਼ੂ ਨੇ -

ਸਤਿਗੁਰ ਸੇਵਾ ਨਾ ਕਰਹਿ
ਫਿਰਿ ਫਿਰਿ ਪਛੁਤਾਣੇ ॥ ਅੰਗ - ੧੬੩

ਸਤਿਗੁਰ ਦੀ ਸੇਵਾ ਤਾਂ ਕਰਦੇ ਨਹੀਂ ਫੇਰ ਉਨ੍ਹਾਂ ਨੂੰ ਪਛਤਾਉਣਾ ਪੈਂਦਾ ਹੈ, ਕਿਉਂ ਪਛਤਾਉਣਾ ਪੈਂਦਾ ਹੈ? ਕਹਿੰਦੇ -

ਗਰਭ ਜੋਨੀ ਵਾਸੁ ਪਾਇਦੇ
ਗਰਭੇ ਗਲਿ ਜਾਣੇ ॥ ਅੰਗ - ੧੬੩

ਗਰਭ ਦੇ ਵਿਚ ਬਾਰ-ਬਾਰ ਆਉਣਗੇ, ਵਿਚੇ ਹੀ ਗਲ ਜਾਣਗੇ। ਹੁਣ ਸੇਵਾ ਤੇ ਨਾਮ ਦੋਹਾਂ ਦੀ ਵਿਚਾਰ ਕਰੀ ਚਲੋ ਤੇ ਸੇਵਾ ਕਰਨ ਵਾਲੇ ਨੂੰ ਵੱਡੀ ਤੋਂ ਵੱਡੀ ਪ੍ਰਾਪਤ ਹੁੰਦੀ ਹੈ, ਐਸ ਤਰ੍ਹਾਂ ਫੁਰਮਾਨ ਹੈ -

ਧਾਰਨਾ - ਵਾਹਵਾ ਵਾਹਵਾ ਬਈ
ਉਤਮ ਪਦਵੀ ਮਿਲਦੀ,
ਪਿਆਰੇ ਸੇਵਾ ਗੁਰਾਂ ਦੀ ਕਰਕੇ।

ਵੱਡੀ ਤੋਂ ਵੱਡੀ ਪਦਵੀ, ਗੁਰੂ ਨਾਨਕ ਪਾਤਸ਼ਾਹ ਦੀ ਸੇਵਾ, ਗੁਰੂ ਅੰਗਦ ਸਾਹਿਬ ਮਹਾਰਾਜ ਨੇ ਕੀਤੀ, ਬੜਾ ਲੰਮਾ ਪ੍ਰਸੰਗ ਹੈ, 51 ਘੰਟੇ ਆਪਾਂ ਇਸ ਗੱਲ 'ਤੇ ਵਿਚਾਰ ਕੀਤੀ ਸੀ ਕਿ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਨੂੰ ਕਿਵੇਂ ਰਿਝਾ ਲਿਆ। ਗੁਰੂ ਨਾਨਕ ਜੀ ਨੂੰ ਅਕਾਲ ਪੁਰਖ ਜੀ ਨੇ ਪੁਛਿਆ ਕਿ ਹੇ ਨਾਨਕ! ਤੂੰ ਗੁਰੂ ਨਹੀਂ ਧਾਰਿਆ ਸੰਸਾਰ ਦੇ ਅੰਦਰ, ਕੋਈ ਮਿਲਿਆ ਨਹੀਂ ਤੈਨੂੰ? ਮਹਾਰਾਜ ਕਹਿੰਦੇ ਨਾ ਮਹਾਰਾਜ! -

ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥
ਅੰਗ - ੯੩੬

ਆਹ ਤੇਰੇ ਸੰਸਾਰ ਦੇ ਅੰਦਰ ਤਾਂ ਕੋਈ ਹੈ ਨਹੀਂ, ਜਿਹੜਾ ਸਾਮ੍ਹਣੇ ਬੈਠ ਸਕੇ। ਜਿਹਨੂੰ ਅਸੀਂ ਨਿਵ ਸਕੀਏ, ਕੋਈ ਐਸਾ ਨਹੀਂ। ਇਸ ਕਰਕੇ ਮੈਂ ਤੇਰੇ ਦਰ 'ਤੇ ਹਾਜ਼ਰ ਹੋਇਆ ਹਾਂ। ਓਹੀ ਗੁਰੂ ਨਾਨਕ ਪਾਤਸ਼ਾਹ, ਜਦੋਂ ਗੁਰੂ ਅੰਗਦ ਸਾਹਿਬ ਮਹਾਰਾਜ ਆਏ, ਸਿਰਫ ਸਾਢੇ ਤਿੰਨ ਸਾਲ ਸੇਵਾ ਕਰੀ ਆਪ ਨੇ ਉਨ੍ਹਾਂ ਦੀ, ਸਾਢੇ ਤਿੰਨ ਸਾਲ ਦੀ ਸੇਵਾ ਕਰਕੇ ਅਖੀਰ ਗੁਰੂ ਨਾਨਕ ਪਾਤਸ਼ਾਹ ਨੂੰ ਪੰਜ ਪੈਸੇ ਨਾਰੀਅਲ ਲੈ ਕੇ ਪੰਜ ਪ੍ਰਕਰਮਾ ਕਰਨੀਆਂ ਪਈਆਂ, ਤੇ ਮੱਥਾ ਟੇਕ ਦਿਤਾ। ਚਰਨਾਂ ਦੇ ਉੱਤੇ ਮਸਤਕ ਲਾ ਦਿੱਤਾ ਗੁਰੂ ਨਾਨਕ ਪਾਤਸ਼ਾਹ ਨੇ। ਕਿੱਡੀ ਵੱਡੀ ਪਦਵੀ ਪ੍ਰਾਪਤ ਹੋ ਗਈ, ਇਕ ਜਗਿਆਸੂ ਦੇਵੀ ਨੂੰ ਮੰਨਣ ਵਾਲਾ, ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆਉਂਦਾ ਹੈ, ਉਸ ਵੇਲੇ ਵੱਡੇ-ਵੱਡੇ ਸਿੱਖ ਸੀ ਗੁਰੂ ਨਾਨਕ ਪਾਤਸ਼ਾਹ ਪਾਸ ਜਿਨ੍ਹਾਂ ਨੂੰ ਸਾਰੀ-ਸਾਰੀ ਜ਼ਿੰਦਗੀ ਲੰਘ ਗਈ ਸੀ ਸੇਵਾ ਕਰਦਿਆਂ ਨੂੰ। ਭਾਈ ਮਨਸੁਖ ਵਰਗੇ, ਭਾਈ ਭਗੀਰਥ ਵਰਗੇ, ਭਾਈ ਸਧਾਰਨ ਵਰਗੇ, ਭਾਈ ਬਾਲੇ ਵਰਗੇ, ਬਾਬਾ ਬੁੱਢਾ ਜੀ ਵਰਗੇ, ਲੇਕਿਨ ਉਨ੍ਹਾਂ ਨੂੰ ਕਿੱਡੀ ਵੱਡੀ ਪਦਵੀ ਪ੍ਰਾਪਤ ਹੋਈ, ਸਿਰਫ ਸੇਵਾ ਕਰਕੇ। ਮਹਾਰਾਜ ਫੁਰਮਾਨ ਕਰਦੇ ਨੇ ਕਿ-

ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ ॥ ਅੰਗ - ੫੫੨

ਚਿੱਤ ਲਾਉਣ ਦੀ ਗੱਲ ਬਾਰ-ਬਾਰ ਆਉਂਦੀ ਹੈ, ਇਹ ਗੱਲ ਸਮਝਣੀ ਚਾਹੀਦੀ ਹੈ। ਜੇ ਬੱਧਾ-ਰੱਧੀ ਦੀ ਗੱਲ ਕਰੇ, ਮਹਾਰਾਜ ਕਹਿੰਦੇ -

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਅੰਗ - ੭੮੭

ਇਹ ਭੇਤ ਹੈ ਥੋੜ੍ਹਾ ਜਿਹਾ ਜਿਹੜਾ ਚਿੱਤ ਲਾ ਕੇ ਕਰਦਾ ਹੈ ਸੇਵਾ, ਉਹਨੂੰ ਨਾ ਅਕੇਵਾਂ ਨਾ ਉਹਨੂੰ ਥਕੇਵਾਂ। ਨਾ ਉਹਨੂੰ ਘਬਰਾਹਟ ਹੈ, ਕੁਛ ਨਹੀਂ ਹੈ। ਕਿਉਂਕਿ ਚਿੱਤ ਲਾ ਕੇ ਕਰਦਾ ਹੈ, ਕਿਉਂਕਿ ਹਰੀ ਦਾ ਜਸ ਵੀ ਕਰਦਾ ਹੈ, ਕੀਰਤਨ ਵੀ ਸੁਣਾ ਰਿਹਾ ਹੈ। ਦੋ ਤਰ੍ਹਾਂ ਦੇ ਲੋਕ ਸੁਣਾਉਂਦੇ ਨੇ ਕੀਰਤਨ, ਇੱਕ ਸੇਵਾ ਦੇ ਵਿਚ ਸੁਣਾਉਂਦੇ ਨੇ, ਇੱਕ ਉਹਦਾ ਮੁੱਲ ਲੈਂਦੇ ਨੇ। ਉਹਦਾ ਮੁੱਲ ਕੌਡੀਆਂ ਲੈਂਦੇ ਨੇ, ਲਾਲਾਂ ਦੇ ਬਦਲੇ। ਜਿਹੜੇ ਸੇਵਾ ਕਰਦੇ ਨੇ ਉਨ੍ਹਾਂ ਦਾ ਮਾਣ ਵਧਦਾ ਹੈ ਦਿਨ-ਬ-ਦਿਨ। ਮਹਾਰਾਜ ਕਹਿੰਦੇ ਚਿੱਤ ਲਾ ਕੇ ਕਰੇ। ਫੇਰ ਕੀ ਹੁੰਦਾ ਹੈ? ਜੋ ਅੰਮ੍ਰਿਤ ਨਾਮ ਕਿਸੇ ਨੂੰ ਮਿਲਦਾ ਹੀ ਨਹੀਂ ਹੈ, ਉਸ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਹੜੀ ਦੇਵਤਿਆਂ ਨੂੰ ਪ੍ਰਾਪਤ ਨਹੀਂ ਹੋਈ। ਵਾਹਿਗੁਰੂ ਮਨ 'ਚ ਆ ਕੇ ਪ੍ਰਗਟ ਹੋ ਗਿਆ -

ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ ॥
ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ
ਆਇ ॥ ਜਨਮ ਮਰਨ ਦੁਖੁ ਕਟੀਐ
ਹਉਮੈ ਮਮਤਾ ਜਾਇ ॥ ਅੰਗ - ੫੫੨

ਹਉਮੈ ਵੀ ਖਤਮ ਹੋ ਗਈ, ਹੰਗਤਾ ਤੇ ਮਮਤਾ; ਜਿਹੜਾ ਮੋਹ ਸੀ, ਮੋਹ ਦੀ ਫੌਜ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਉਹ ਵੀ ਮਰ ਗਏ। ਫੇਰ -

ਉਤਮ ਪਦਵੀ ਪਾਈਐ ਸਚੇ ਰਹੈ ਸਮਾਇ ॥
ਅੰਗ - ੫੫੨

ਵੱਡੀ ਤੋਂ ਵੱਡੀ ਪਦਵੀ 'ਚ ਸਮਾਅ ਕੇ, ਵਾਹਿਗੁਰੂ ਦੇ ਵਿਚ ਲੀਨ ਹੋ ਕੇ ਰਹਿੰਦਾ ਹੈ। ਸੋ ਇਹ ਸੇਵਾ -

ਸਤਿਗੁਰ ਕੀ ਸੇਵਾ ਚਾਕਰੀ
ਸੁਖੀ ਹੂੰ ਸੁਖ ਸਾਰੁ ॥ ਅੰਗ - ੫੮੬

ਸਾਰੇ ਸੁੱਖਾਂ ਦਾ ਜੋ ਸ਼੍ਰੋਮਣੀ ਫਲ ਹੈ ਉਹ ਗੁਰੂ ਦੀ ਸੇਵਾ 'ਚ ਹੈ।

ਐਥੈ ਮਿਲਨਿ ਵਡਿਆਈਆ
ਦਰਗਹ ਮੋਖ ਦੁਆਰੁ ॥ ਅੰਗ - ੫੮੬

ਇੱਥੇ ਵਡਿਆਈਆਂ ਹੁੰਦੀਆਂ ਨੇ, ਕੌਣ ਪੁੱਛਦਾ ਹੈ ਸਾਡੇ ਲੋਕਾਂ ਨੂੰ ਜੇ ਹਰੀ ਦਾ ਜਸ ਨਾ ਕਰਦੇ ਹੁੰਦੇ। ਜੋ ਵੀ ਕਰਦਾ ਹੈ, ਨਮਸ਼ਕਾਰਾਂ ਕਰਦੇ ਹਾਂ, ਆਦਰ ਕਰਦੇ ਹਾਂ, ਉੱਚੇ ਥਾਉਂ ਬਿਠਾ ਕੇ ਆਪ ਹੇਠਾਂ ਬੈਠਦੇ ਹਾਂ, ਕਿਉਂ ਬੈਠਦੇ ਹਾਂ, ਕਿਉਂਕਿ ਉਹ ਸੇਵਾ ਕਰ ਰਿਹਾ ਹੈ ਗੁਰੂ ਦੀ। ਚਾਕਰੀ ਕਰ ਰਿਹਾ ਹੈ ਗੁਰੂ ਦੀ, ਚਾਕਰੀ ਕਰ ਰਿਹਾ ਹੈ ਗੁਰੂ ਦੀ ਬਗੈਰ ਕਿਸੇ ਭਾਵਨਾ ਤੋਂ, ਕਿਸੇ ਕਾਮਨਾ ਤੋਂ ਬਗੈਰ। ਸੋ ਇਸ ਤਰ੍ਹਾਂ ਗੁਰੂ ਇਤਿਹਾਸ ਦੇ ਅੰਦਰ ਬਹੁਤ ਜ਼ਿਕਰ ਆਉਂਦਾ ਹੈ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ, ਆਪ ਦੇ ਦੋ ਲੜਕੀਆਂ ਸੀ, ਵੱਡੀ ਦਾ ਨਾਮ ਦਾਨੀ ਸੀ ਤੇ ਛੋਟੀ ਦਾ ਨਾਮ ਬੀਬੀ ਭਾਨੀ ਸੀ। ਸੀਗੀਆਂ ਦੋਵੇਂ ਲੜਕੀਆਂ ਪਰ ਦੋਹਾਂ ਦੀਆਂ ਭਾਵਨਾ ਵਿੱਚ ਫਰਕ ਸੀ, ਦੋਵੇਂ ਦਮਾਦ ਸੀ, ਦੋਵੇਂ ਦਮਾਦਾਂ ਦੀ ਭਾਵਨਾ 'ਚ ਫਰਕ ਸੀ। ਸਿਰਫ ਭਾਵਨਾ ਕੰਮ ਕਰਦੀ ਹੈ ਆਪਣੀ। ਚਾਹੇ ਗੁਰੂ ਨੂੰ ਮਨੁੱਖ ਸਮਝ ਲਓ, ਚਾਹੇ ਗੁਰੂ ਨੂੰ ਪ੍ਰਮੇਸ਼ਰ ਸਮਝ ਲਓ। ਭਾਵਨਾ ਦਾ ਕੰਮ ਹੈ। ਆਮ ਤੌਰ 'ਤੇ ਬੱਚੇ ਪਿਤਾ ਨੂੰ ਕਦੇ ਵੀ ਮਾਣ ਨਹੀਂ ਦਿਆ ਕਰਦੇ ਜੋ ਉਨ੍ਹਾਂ ਦਾ ਮਾਣ ਸੰਸਾਰ 'ਚ ਹੁੰਦਾ ਹੈ। ਬੱਚੇ ਨੁਕਸ ਕੱਢਣਗੇ। ਬੱਚੇ ਗੱਲਾਂ ਕਰਨਗੇ ਕਿ ਇਹ ਤਾਂ ਐਵੇਂ ਹੈ ਜੀ। ਕਿਉਂਕਿ ਬੱਚਿਆਂ ਨੂੰ ਪੈਸਾ ਚਾਹੀਦਾ ਹੈ, ਬੱਚਿਆਂ ਦਾ ਹੋਰ ਤਰ੍ਹਾਂ ਦਾ ਸੋਚਣਾ ਹੈ। ਕੋਈ ਬੱਚਾ ਹੈ ਭਾਗਾਂ ਵਾਲਾ ਜਿਹੜਾ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੇ, ਕੋਈ-ਕੋਈ ਹੈ, ਹੁਣ ਤਾਂ ਕੋਈ ਰਿਹਾ ਹੀ ਨਹੀਂ, ਬਹੁਤ ਘੱਟ ਨੇ। ਪਹਿਲਾਂ ਹੁੰਦੇ ਸੀ, ਲੇਕਿਨ ਕੋਈਓ ਬੱਚਾ ਹੋਏਗਾ, ਜਿਹੜਾ ਆਪਣੇ ਮਾਂ-ਬਾਪ ਨੂੰ ਪ੍ਰਮੇਸ਼ਰ ਦਾ ਸਰੂਪ ਸਮਝੇ। ਇਹ ਬੀਬੀ ਭਾਨੀ, ਗੁਰੂ ਅਮਰਦਾਸ ਜੀ ਨੂੰ ਕੇਵਲ ਪਿਤਾ ਨਹੀਂ ਸੀ ਸਮਝਦੀ। ਉਨ੍ਹਾਂ ਨੂੰ ਪਾਰਬ੍ਰਹਮ ਪ੍ਰਮੇਸ਼ਰ ਸਮਝ ਕੇ ਦਿਨ ਰਾਤ ਸੇਵਾ 'ਚ ਲੱਗੀ ਰਹਿੰਦੀ ਸੀ। ਜੇ ਕਹਿਣਾ ਕਿ ਬੀਬੀ ਤੁਸੀਂ ਕਪੜੇ ਧੋ ਲਓ, ਤੁਹਾਡੇ ਕੱਪੜਿਆਂ 'ਚ ਵਲ ਪਏ ਹੋਏ ਨੇ, ਕੇਸ ਤੁਹਾਡੇ ਤੋਂ ਵਾਹੇ ਨਹੀਂ ਗਏ। ਉਹ ਕਹਿੰਦੀ ਨਾ, ਇਹੀ ਸਮਾਂ ਮੈਂ ਪ੍ਰਭੂ ਦੀ ਸੇਵਾ ਵਿਚ ਲਾਉਣਾ ਚਾਹੁੰਦੀ ਹਾਂ, ਮੈਨੂੰ ਫੁਰਸਤ ਨਹੀਂ ਹੈ, ਵਿਹਲ ਨਹੀਂ ਹੈ ਮੈਨੂੰ ਇਨ੍ਹਾਂ ਚੀਜ਼ਾਂ ਵਾਸਤੇ। ਸੋ ਵਿਦੇਹ ਹੋ ਕੇ ਸੇਵਾ ਕਰਿਆ ਕਰਦੀ ਸੀ ਤੇ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਸਰੂਪ ਸਮਝਦੀ ਹੈ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

ਧਾਰਨਾ - ਗੁਰ ਗੋਬਿੰਦ-ਗੋਬਿੰਦ ਗੁਰੂ ਹੈ,
ਨਾਨਕ ਭੇਦ ਨ ਭਾਈ।
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ
ਨਾਨਕ ਭੇਦੁ ਨ ਭਾਈ ॥ ਅੰਗ - ੪੪੨

ਗੁਰੂ ਜੋ ਹੋਇਆ ਕਰਦਾ ਹੈ ਉਹ ਪ੍ਰਮੇਸ਼ਰ ਦਾ ਸਰਗੁਨ ਸਰੂਪ ਹੋਇਆ ਕਰਦਾ ਹੈ, ਪ੍ਰਮੇਸ਼ਰ ਆਪ ਨਿਰਗੁਨ ਸਰੂਪ ਹੈ, ਗੁਰੂ ਉਹਦਾ ਸਰਗੁਨ ਸਰੂਪ ਹੈ ਤੇ ਗੁਰੂ ਪ੍ਰਮੇਸ਼ਰ ਦੇ ਨਿਰਗੁਨ ਸਰੂਪ ਦੇ ਨਾਲ ਜਗਿਆਸੂ ਨੂੰ ਮਿਲਾ ਕੇ ਉਹਦਾ ਜਨਮ ਮਰਨ ਕੱਟ ਦਿੰਦਾ ਹੈ। ਇਹ ਭਾਵਨਾ ਜਿੰਨਾਂ ਚਿਰ ਹਿਰਦੇ 'ਚ ਨਹੀਂ ਆਉਂਦੀ ਓਨੀਂ ਦੇਰ ਤਕ ਰੂਹਾਨੀ ਤਰੱਕੀ ਨਹੀਂ ਹੋਇਆ ਕਰਦੀ। ਗੁਰੂ ਨੂੰ ਹੋਰ ਸਮਝਣਾ ਤੇ ਪ੍ਰਮੇਸ਼ਰ ਨੂੰ ਹੋਰ ਸਮਝਣਾ। ਮਹਾਰਾਜ ਕਹਿੰਦੇ ਕਿ ਗੁਰੂ ਤਾਂ ਹੁੰਦਾ ਹੀ ਪ੍ਰਮੇਸ਼ਰ ਹੈ।

ਗੁਰ ਗੋਬਿੰਦ ਗੋਪਾਲ ਗੁਰ
ਗੁਰ ਪੂਰਨ ਨਾਰਾਇਣਹ ॥
ਗੁਰ ਦਇਆਲ ਸਮਰਥ ਗੁਰ
ਗੁਰ ਨਾਨਕ ਪਤਿਤ ਉਧਾਰਣਹ ॥
ਅੰਗ - ੭੧੦

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥ ਅੰਗ- ੧੧੪੨

ਉਹ ਤਾਂ ਹੁੰਦਾ ਹੀ ਪੂਰਾ ਪਰਮੇਸ਼ਰ ਹੈ, ਮਾੜਾ ਮੋਟਾ ਫਰਕ ਨਹੀਂ ਹੈ ਮਹਾਰਾਜ ਜੀ ਕਹਿੰਦੇ। ਗੁਰੂ ਅੰਗਦ ਸਾਹਿਬ ਮਹਾਰਾਜ

ਨੇ, ਆਪ ਦੀ ਹਜ਼ੂਰੀ ਦੇ ਅੰਦਰ ਕੁਛ ਬਹੁਤ ਉੱਚ ਕੋਟੀ ਦੇ ਸਿੱਖ ਬੈਠੇ ਨੇ। ਜਿਹੜੇ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਬਚਪਨ ਤੋਂ ਲੈ ਕੇ ਅਖੀਰ ਤੱਕ ਨਾਲ ਰਹੇ। ਆਪ ਨੇ ਭਾਈ ਬਾਲਾ ਜੀ ਨੂੰ ਪੁੱਛਿਆ, ਜਿਸਨੇ ਜਨਮ ਸਾਖੀ ਲਿਖਾਈ, ਕਹਿਣ ਲੱਗੇ, ਕਿਉਂ ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਅਨੇਕਾਂ ਕੌਤਕ ਦੇਖੇ ਤੇ ਨਾਲ ਰਹੇ ਤੇ ਬਚਨ ਸਰਵਣ ਕਰੇ। ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਸਾਰੀ ਜ਼ਿੰਦਗੀ ਸਮਝਦੇ ਕੀ ਰਹੇ? ਦੋਵੇਂ ਹੱਥ ਜੋੜ ਲਏ ਭਾਈ ਬਾਲੇ ਨੇ, ਕਹਿਣ ਲੱਗੇ, ਮਹਾਰਾਜ! ਗੁਰੂ ਨਾਨਕ ਸਾਹਿਬ ਤਾਂ ਪੂਰਨ ਸੰਤ ਸੀਗੇ। ਅੱਛਾ ਭਾਈ ਤੂੰ ਸੰਤ ਹੋਇਆ। ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਤੁਸੀਂ ਦੱਸੋ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਉਸ ਵੇਲੇ ਆਪ ਨੇ ਦੋਵੇਂ ਹੱਥ ਜੋੜ ਕੇ ਕਹਿਣ ਲੱਗੇ ਕਿ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ। ਕਹਿੰਦੇ ਅੱਛਾ ਭਾਈ ਤੂੰ ਬ੍ਰਹਮਗਿਆਨੀ ਹੋਇਆ। ਭਾਈ ਮਨਸੁਖ ਨੂੰ ਪੁਛਿਆ ਕਿ ਭਾਈ ਮਨਸੁਖ ਜੀ ਤੁਸੀਂ ਗੁਰੂ ਪਾਤਸ਼ਾਹ ਨੂੰ ਕੀ ਸਮਝਦੇ ਰਹੇ, ਭਾਈ ਭਗੀਰਥ ਜੀ ਤੁਸੀਂ ਕੀ ਸਮਝਦੇ ਰਹੇ? ਕਹਿੰਦੇ, ਪਾਤਸ਼ਾਹ! ਸਾਨੂੰ ਤਾਂ ਉਹ ਰੱਬ ਵਰਗੇ ਲਗਦੇ ਸੀ। ਕਹਿੰਦੇ ਅੱਛਾ ਭਾਈ! ਵਰਗੇ ਲਗਦੇ ਸੀ? ਕਹਿੰਦੇ, ਹਾਂ ਜੀ। ਫੇਰ ਸਾਰਿਆਂ ਨੇ ਗੁਰੂ ਅੰਗਦ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਓਸ ਵੇਲੇ ਗੁਰੂ ਅੰਗਦ ਸਾਹਿਬ ਨੇ ਨੇਤਰ ਬੰਦ ਕਰ ਲਏ, ਗਹਿਰੇ ਚਲੇ ਗਏ ਅੰਦਰ, ਕਾਫੀ ਦੇਰ ਚੁੱਪ ਰਹੇ। ਉਸ ਤੋਂ ਬਾਅਦ ਨੇਤਰ ਖੋਲ੍ਹੇ, ਨੇਤਰਾਂ ਦੇ ਵਿਚ ਲਾਲੀ ਸੀ। ਕੋਇਆਂ ਦੇ ਵਿਚ ਦੋ ਜਲ ਦੇ ਟੇਪੇ ਸੀ, ਆਪ ਕਹਿਣ ਲੱਗੇ, ਪੇਮੀਓ! ਗੁਰੂ ਨਾਨਕ ਪਾਤਸ਼ਾਹ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ, ਗੁਰੂ ਪ੍ਰਮੇਸ਼ਰ ਸੰਸਾਰ ਦੇ ਉਪਰ ਸਾਕਾਰ ਰੂਪ ਧਾਰ ਕੇ ਗੁਰੂ ਸਰੂਪ ਵਿੱਚ ਪ੍ਰਗਟ ਹੋਏ, ਉਹ ਤਾਂ ਆਪ ਹੀ ਪ੍ਰਮੇਸ਼ਰ ਸੀਗੇ। ਵਰਗੇ ਨਹੀਂ, ਉਹ ਤਾਂ ਸੀਗੇ ਹੀ ਪ੍ਰਮੇਸ਼ਰ। ਵਰਗੇ ਦਾ ਤੇ ਸੀਗੇ ਦਾ ਤਾਂ ਫਰਕ ਹੁੰਦਾ ਹੈ। ਵਰਗਾ ਤਾਂ ਹੋ ਗਿਆ ਕਿ ਫਲਾਣੇ ਵਰਗਾ ਹੈ ਇਹ, ਉਹ ਤਾਂ ਨਾ ਹੋਇਆ ਫੇਰ। ਇੱਥੇ ਭੇਤ ਰਹਿ ਗਿਆ, ਚਾਰ ਨਿਸ਼ਚੇ ਹੁੰਦੇ ਨੇ, ਪਹਿਲਾ ਹੁੰਦਾ ਹੈ ਕਿ ਮੇਰਾ ਗੁਰੂ ਜੋ ਹੈ ਉਹ ਚੰਗਾ ਸੰਤ ਹੈ। ਦੂਸਰਾ ਹੁੰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਨਾਲੋਂ ਚੰਗਾ ਸੰਤ ਹੈ। ਤੀਸਰਾ ਹੁੰਦਾ ਹੈ ਕਿ ਮੇਰਾ ਗੁਰੂ ਰੱਬ ਵਰਗਾ ਹੈ, ਚੌਥਾ ਹੁੰਦਾ ਹੈ ਕਿ ਇਹ ਤਾਂ ਹੈ ਹੀ ਰੱਬ। ਜਿਹੜੇ ਚੌਥੇ ਨਿਸ਼ਚੇ ਵਾਲੇ ਨੇ ਉਹ ਤਰ ਜਾਇਆ ਕਰਦੇ ਨੇ। ਸਾਰਿਆਂ ਨੇ ਨਮਸ਼ਕਾਰ ਕਰ ਦਿੱਤੀ ਕਹਿੰਦੇ ਪਾਤਸ਼ਾਹ! ਤਾਂ ਹੀ ਤੁਸੀਂ ਆਪ ਪ੍ਰਮੇਸ਼ਰ ਬਣ ਗਏ ਨਾ, ਉਨ੍ਹਾਂ ਨੂੰ ਪ੍ਰਮੇਸ਼ਰ ਰੂਪ ਸਮਝ ਕੇ। ਐਨੀ ਉੱਚੀ ਆਪ ਦੀ ਭਾਵਨਾ ਸੀ, ਤਾਂ ਹੀ ਗੁਰੂ ਨਾਨਕ ਪਾਤਸ਼ਾਹ ਨੇ ਸਾਢੇ ਤਿੰਨ ਸਾਲ ਦੇ ਅੰਦਰ ਆਪ ਨੂੰ ਪ੍ਰਵਾਨ ਕਰ ਦਿੱਤਾ, ਹੁਣ ਸਾਡੇ ਸਮਝ ਵਿੱਚ ਆਈ ਹੈ ਇਹ ਗੱਲ ਕਿ ਅਸੀਂ ਗੁਰੂ ਨਾਨਕ ਨੂੰ ਉਹ ਕੁਛ ਨਾ ਸਮਝੇ, ਜੋ ਕੁਛ ਉਹ ਸੀਗੇ। ਕਹਿੰਦੇ –

ਗੁਰ ਕੀ ਮਹਿਮਾ ਕਿਆ ਕਹਾ
ਗੁਰੁ ਬਿਬੇਕ ਸਤ ਸਰੁ ॥
ਓਹੁ ਆਦਿ ਜੁਗਾਦੀ ਜੁਗਹ
ਜੁਗੁ ਪੂਰਾ ਪਰਮੇਸਰੁ ॥ ਅੰਗ – ੩੯੭

ਕਹਿੰਦੇ ਉਹ ਤਾਂ ਆਦਿ ਤੋਂ ਹੀ ਪ੍ਰਮੇਸ਼ਰ ਸੀ ਇੱਥੇ ਆ ਕੇ ਤਪ ਤਾਂ ਨਹੀਂ ਨਾ ਕਰਿਆ। ਇੱਥੇ ਆ ਕੇ ਸਾਧਨਾ ਨਹੀਂ ਕਰੀਆਂ। ਇੱਥੇ ਆ ਕੇ ਗੁਰਿਆਈ ਨਹੀਂ ਮਿਲੀ ਉਹ ਤਾਂ ਆਦਿ ਤੋਂ ਜਦੋਂ ਤੋਂ ਸੰਸਾਰ ਰਚਿਆ ਹੈ ਉਹ ਤਾਂ ਜੁਗਾਂ ਜੁਗਾਂਤਰਾਂ ਤੋਂ ਪੂਰਨ ਪ੍ਰਮੇਸ਼ਰ ਸੀ।

ਸਫਲ ਮੂਰਤਿ ਗੁਰਦੇਉ ਸੁਆਮੀ
ਸਰਬ ਕਲਾ ਭਰਪੂਰੇ ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ
ਸਦਾ ਸਦਾ ਹਜੂਰੇ ॥ ਅੰਗ – ੮੦੨

ਆਹ ਗੱਲ ਫੇਰ ਨੋਟ ਕਰਨ ਵਾਲੀ ਹੈ ਕਿ ਗੁਰੂ ਨਾਨਕ ਪਾਰਬ੍ਰਹਮ ਪ੍ਰਮੇਸ਼ਰ ਨੇ ਤੇ ਸਾਡੇ ਨਾਲ ਰਹਿੰਦੇ ਨੇ, ਭਟਕਣ ਦੀ ਲੋੜ ਨਹੀਂ ਹੈ ਕਿ ਓਸ ਤੀਰਥ 'ਤੇ ਜਾਵਾਂਗੇ ਓਥੇ ਗੁਰੂ ਦਸਵੇਂ ਪਾਤਸ਼ਾਹ ਮਿਲਣਗੇ। ਕਿੰਨਿਆਂ ਦੇ ਵਿਚਾਰ ਨੇ ਇਹ। ਤੀਰਥ ਆਪਣੇ ਥਾਉਂ ਹੁੰਦਾ ਹੈ, ਮਹੱਤਤਾ ਰਖਦੇ ਨੇ। ਓਥੇ ਗੁਰੂਆਂ ਨੇ ਕੌਤਕ ਕੀਤੇ ਹੁੰਦੇ ਨੇ, ਉਹ ਧਰਤੀ ਪਵਿੱਤਰ ਹੁੰਦੀ ਹੈ। ਜੇ ਕਿਸੇ ਦੇ ਇਹ ਖਿਆਲ ਵਿਚ ਹੋਵੇ ਕਿ ਓਥੇ ਗੁਰੂ ਮਹਾਰਾਜ, ਗੁਰੂ ਦਸਵੇਂ ਪਾਤਸ਼ਾਹ ਰਹਿੰਦੇ ਨੇ। ਕਿੰਨੇ ਹੀ ਖਿਆਲ ਨੇ, ਮੈਂ ਸੁਣਦਾ ਰਹਿੰਦਾ ਹਾਂ। ਕਹਿੰਦੇ ਜੀ, ਗੁਰੂ ਸਾਹਿਬ ਹਜ਼ੂਰ ਸਾਹਿਬ ਰਹਿੰਦੇ ਨੇ। ਚੁੱਪ ਕਰ ਜਾਈਦਾ ਹੈ। ਕਈ ਕਹਿੰਦੇ ਨੇ ਜੀ ਗੁਰੂ ਸਾਹਿਬ ਹੇਮਕੁੰਟ ਬਰਫਾਂ 'ਤੇ ਰਹਿੰਦੇ ਨੇ। ਗੁਰੂ ਗ੍ਰੰਥ ਸਾਹਿਬ ਨੂੰ ਪੁੱਛੋ ਕਿ ਗੁਰੂ ਕਿੱਥੇ ਰਹਿੰਦਾ ਹੈ? ਕਬੀਰ ਸਾਹਿਬ ਕਹਿੰਦੇ ਕਿ ਮੈਨੂੰ ਵੀ ਇਸੇ ਤਰ੍ਹਾਂ ਭੁਲੇਖਾ ਸੀ ਕਿ ਰੱਬ ਮੱਕੇ 'ਚ ਰਹਿੰਦਾ ਹੈ। ਕਹਿੰਦੇ ਮੈਂ ਹੱਜ ਕਰਨ ਵਾਸਤੇ ਤਿਆਰੀ ਕਰ ਲਈ, ਕਿ ਜੇ ਉਥੇ ਰਹਿੰਦਾ ਹੈ ਚਲੋ ਚੱਲ ਕੇ ਮਿਲਦੇ ਹਾਂ। ਕਬੀਰ ਸਾਹਿਬ ਨੂੰ ਤਾਂ ਕੋਈ ਹਿੰਦੂ ਕਹਿੰਦਾ ਸੀ, ਨਾ ਮੁਸਲਮਾਨ ਕਹਿੰਦਾ ਸੀ, ਉਹ ਕਹਿੰਦੇ ਸੀ ਕਿ ਅਸੀਂ ਦੋਵੇਂ ਨਹੀਂ ਹੈਗੇ ਅਸੀਂ ਤਾਂ ਮਨੁੱਖ ਹਾਂ। ਤਿਆਰੀ ਕਰ ਲਈ ਤੇ ਜਿਸ ਵਕਤ ਤੁਰ ਕੇ ਸ਼ਹਿਰ ਤੋਂ ਬਾਹਰ ਨੂੰ ਗਏ। ਕਬੀਰ ਸਾਹਿਬ ਕਹਿੰਦੇ ਅੱਗੇ ਮੈਂ ਕੀ ਦੇਖਦਾ ਹਾਂ ਕਿ ਮੈਨੂੰ ਰੱਬ ਮਿਲ ਗਿਆ ਤਾਂ ਮੇਰੇ ਨਾਲ ਅੱਗੇ ਤਾਂ ਪਿਆਰ ਨਾਲ ਗੱਲ ਕਰਦਾ ਹੁੰਦਾ ਸੀ, ਅੱਜ ਮੇਰੇ ਬਹੁਤ ਨਰਾਜ਼ ਹੋ ਗਿਆ, ਮੈਨੂੰ ਬੁਰੀਆਂ ਭਲੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿਤੀਆਂ ਤੇ ਮੇਰੇ ਨਾਲ ਲੜਾਈ ਕਰ ਲਈ। ਕਹਿੰਦੇ ਕਿਹੜੀ ਗੱਲ ਦੀ ਲੜਾਈ ਕਰ ਲਈ ਕਿ ਤੂੰ ਮੱਕੇ ਨੂੰ ਜਾ ਰਿਹਾ ਹੈਂ। ਕਹਿੰਦੇ ਨਹੀਂ ਉਨ੍ਹਾਂ ਨੇ ਮੇਰੇ ਨਾਲ ਇੱਕ ਲੜਾਈ ਕਰੀ –

ਕਬੀਰ ਹਜ ਕਾਬੇ ਹਉ ਜਾਇ ਥਾ
ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ
ਤੁਝੈ ਕਿਨ੍ਹਿ ਫੁਰਮਾਈ ਗਾਇ ॥ ਅੰਗ-੧੩੭੫

ਮੇਰੇ ਨਾਲ ਲੜ ਪਿਆ, ਤੈਨੂੰ ਆਹ ਗੱਲ ਦੱਸੀ ਕੀਹਨੇ ਹੈ ਕਿ ਮੈਂ ਮੱਕੇ 'ਚ ਰਹਿੰਦਾ ਹਾਂ? ਮਹਾਰਾਜ ਕਹਿੰਦੇ, ਅਕੀਦੇ ਨੇ ਲੋਕਾਂ ਦੇ ਕਿ ਦੱਖਣ ਦੇ ਵਿਚ ਰੱਬ ਰਹਿੰਦਾ ਹੈ, ਸ਼ਾਸਤਰਾਂ ਵਾਲੇ, ਹਿੰਦੂ ਧਰਮ ਦਾ ਨਿਹਚਾ ਹੈ ਕਿ ਦੱਖਣ ਦੇ ਵਿਚ ਰੱਬ ਰਹਿੰਦਾ ਹੈ। ਮੁਸਲਮਾਨਾਂ ਦਾ ਅਕੀਦਾ ਹੈ ਕਿ ਰੱਬ ਪੱਛਮ 'ਚ ਰਹਿੰਦਾ

ਹੈ। ਹੁਣ ਦੱਸੋ ਦੋਹਾਂ ਨੂੰ ਕਿਵੇਂ ਮਿਲਾ ਦਿਓਗੇ ਤੁਸੀਂ। ਉਹ ਕਹਿੰਦੇ ਦੱਖਣ 'ਚ ਰੱਬ ਹੈ। ਉਹ ਕਹਿੰਦੇ ਪੱਛਮ 'ਚ ਰੱਬ ਹੈ। ਸੰਤ ਕਹਿੰਦੇ ਕਿ ਫੇਰ ਬਾਕੀ ਦੇਸ਼ ਕੀਹਦਾ ਰਹਿ ਗਿਆ। ਰੱਬ ਦੋ ਨੇ ਕਿ ਇੱਕ ਹੈ। ਇਹ ਭੁਲੇਖੇ ਨੇ ਸਾਧਸੰਗਤ ਜੀ! ਸਾਡੇ ਮਨਾਂ 'ਚ ਪੈਂਦੇ। ਮਹਾਰਾਜ ਕਹਿੰਦੇ ਤੁਸੀਂ ਯਾਦ ਰੱਖੋ -

ਸਫਲ ਮੂਰਤਿ ਗੁਰਦੇਉ ਸੁਆਮੀ
ਸਰਬ ਕਲਾ ਭਰਪੂਰੇ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ
ਸਦਾ ਸਦਾ ਹਜੂਰੇ ॥ ਅੰਗ - ੮੦੨

ਉਹ ਤਾਂ ਜਾਂਦੇ ਹੀ ਨਹੀਂ ਸਿੱਖ ਨੂੰ ਛੱਡ ਕੇ, ਨਾਲ ਰਹਿੰਦੇ ਨੇ।

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥
ਅੰਗ - ੩੯੪

ਤੂੰ ਨਹੀਂ ਯਾਦ ਰਖਦਾ। ਤੂੰ ਹਰ ਵਕਤ ਭੁੱਲਿਆ ਰਹਿੰਦਾ ਹੈਂ, ਗੁਰੂ ਤਾਂ ਐਨਾ ਸਮਰੱਥ ਹੈ ਘਟ-ਘਟ 'ਚ ਵਿਆਪਕ ਹੈ। ਇਹਦੇ ਵਾਸਤੇ ਇਸ ਤਰ੍ਹਾਂ ਦਾ ਨਿਹਚਾ, ਬੀਬੀ ਭਾਨੀ ਦਾ ਸੀ, ਕਦੇ ਵੀ ਪਿਤਾ ਕਰਕੇ ਨਹੀਂ ਸੀ ਦੇਖਦੀ ਉਹ ਭੁੱਲ ਕੇ ਵੀ। ਬੀਬੀ ਦਾਨੀ ਦਾ ਹੋਰ ਤਰ੍ਹਾਂ ਸੀ ਜਿਵੇਂ ਸੰਸਾਰ 'ਚ ਹੁੰਦਾ ਹੈ ਕਿ ਮੇਰੇ ਪਿਤਾ ਜੀ ਬਹੁਤ ਚੰਗੇ ਨੇ, ਲੋਕ ਇਨ੍ਹਾਂ ਦੀ ਬੜੀ ਮਾਨਤਾ ਕਰਦੇ ਨੇ, ਗੁਰੂ ਨੇ। ਨਮਸ਼ਕਾਰ ਵੀ ਕਰਦੇ ਸੀ, ਸੇਵਾ ਵੀ ਕਰਦੇ ਸੀ, ਪਰ ਨਿਹਚੇ 'ਚ ਫਰਕ ਸੀ ਦੋਹਾਂ ਦੇ। ਇਵੇਂ ਜਿਵੇਂ ਦੋਹਾਂ ਦਾਮਾਦਾਂ ਦੇ ਨਿਹਚੇ 'ਚ ਫਰਕ ਸੀ। ਭਾਈ ਜੇਠਾ ਜੀ ਦਾ, ਗੁਰੂ ਰਾਮਦਾਸ ਮਹਾਰਾਜ ਜੀ ਦਾ ਹੋਰ ਸੀ ਨਿਹਚਾ। ਭਾਈ ਰਾਮੇ ਦਾ ਨਿਹਚਾ ਹੋਰ ਸੀ। ਉਹ ਗੁਰੂ ਮਹਾਰਾਜ ਨੂੰ ਇੱਕ ਚੰਗੇ ਸਾਧੂ ਸਮਝਦੇ ਸੀ। ਇਹ ਪਾਰਬ੍ਰਹਮ ਪ੍ਰਮੇਸ਼ਰ ਸਮਝਦੇ ਸੀ। ਜਿੰਨੀ ਦੇਰ ਤੱਕ ਪ੍ਰਤੀਤ ਨਹੀਂ ਨਾ ਆਉਂਦੀ, ਓਨੀਂ ਦੇਰ ਤਕ ਗੱਲ ਨਹੀਂ ਬਣਦੀ। ਸਾਰਿਆਂ ਤੋਂ ਵੱਡੀ ਚੀਜ਼ ਰੂਹਾਨੀ ਮੰਜ਼ਲ ਦੇ ਅੰਦਰ ਭਰੋਸਾ ਯਕੀਨ, ਪ੍ਰਤੀਤ ਹੈ। ਜੇ ਪ੍ਰਤੀਤ ਨਹੀਂ ਆਉਂਦੀ ਤਾਂ ਅੱਗੇ ਗੱਲ ਨਹੀਂ ਚਲਦੀ -

ਧਾਰਨਾ - ਗੁਰ ਕੀ ਪਰਤੀਤ ਜੀ,
ਜਿਸਦੇ ਮਨ ਵਿਚ ਹੈ ਭਾਈ।
ਜਾ ਕੈ ਮਨਿ ਗੁਰ ਕੀ ਪਰਤੀਤਿ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਅੰਗ - ੨੮੩

ਜੇ ਪ੍ਰਤੀਤ ਹੀ ਨਹੀਂ, ਭਰੋਸਾ ਨਹੀਂ ਹੈ। ਫੇਰ ਤਾਂ ਗੱਲ ਕੋਈ ਨਹੀਂ ਬਣਿਆ ਕਰਦੀ। ਇੱਕ ਰਾਜਾ ਸੀ ਉਹਨੇ ਆਪਣੇ ਵਜ਼ੀਰ ਨੂੰ ਪੁੱਛਿਆ ਕਿ ਇੱਕ ਗੱਲ ਦੀ ਮੈਨੂੰ ਸਮਝ ਨਹੀਂ ਆਉਂਦੀ ਕਿ ਪੀਰ ਵੱਡਾ ਹੈ ਕਿ ਭਰੋਸਾ ਵੱਡਾ ਹੈ। ਸਾਡੇ ਕੰਮ ਆਉਣ ਵਾਲੀ ਗੱਲ ਹੈ, ਧਿਆਨ ਨਾਲ ਅਪਣਾਓ ਇਸ ਚੀਜ਼ ਨੂੰ। ਕਿਉਂਕਿ ਮੇਰੇ ਕੋਲ ਜਦੋਂ ਆਉਂਦੇ ਨੇ, ਕੋਈ ਕਹਿੰਦਾ ਹੈ ਕਿ ਮੇਰਾ ਆਹ ਨਹੀਂ ਹੁੰਦਾ ਜੀ, ਮੇਰਾ ਆਹ ਨਹੀਂ ਹੁੰਦਾ। ਮੇਰਾ ਪਤੀ ਸ਼ਰਾਬ ਪੀਂਦਾ ਹੈ, ਮੇਰਾ ਪੁੱਤਰ ਪੀਂਦਾ ਹੈ ਜੀ। ਸਾਨੂੰ ਆਹ ਔਕੜ ਹੈ, ਮੈਂ ਕਹਿੰਦਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਕੋਲ ਜਾ ਕੇ ਕਹਿ ਦਿਓ। ਮਹਾਰਾਜ ਜੀ ਤਾਂ ਕੋਲ ਹੀ ਨੇ, ਮੈਂ ਤਾਂ ਉਨ੍ਹਾਂ ਦਾ ਇਕ ਨਿੱਕਾ ਜਿਹਾ ਏਜੰਟ ਬੈਠਾ ਹਾਂ ਇੱਥੇ, ਮਾਲਕ ਬੈਠੇ ਨੇ ਜਾ ਕੇ ਉਨ੍ਹਾਂ ਨੂੰ ਕਹੋ। ਮੈਂ ਕਿਉਂ ਕਹਿੰਦਾ ਹਾਂ, ਮੈਂ ਕਹਿੰਦਾ ਕਿ ਤੂੰ ਜਾ ਕੇ ਨਿਹਚੇ ਨਾਲ ਕਹਿ ਦੇ, ਉਹ ਉਦੋਂ ਹੀ ਸੁਣ ਲੈਣਗੇ, ਐਸੀ ਗੱਲ ਨਹੀਂ ਸੁਣਨੀ, ਨਿਹਚੇ ਦੀ ਤਾਰ ਜੋੜ ਲੈ, ਹੁਣੇ ਆਪਣਾ ਨੰਬਰ ਘੁੰਮਾ ਦੇ, ਓਸੇ ਵੇਲੇ ਘੰਟੀ ਵੱਜਣ ਲੱਗ ਜਾਏਗੀ ਓਧਰਲੇ ਪਾਸੇ। ਜੇ ਤਾਰ ਹੀ ਨਹੀਂ ਜੁੜੀ ਹੋਈ ਫੇਰ ਨੰਬਰ ਘੁੰਮਾਈ ਜਾਹ ਜਿੰਨਾ ਚਿਰ ਜੀਅ ਕਰਦਾ ਹੈ। ਘੰਟੀ ਤਾਂ ਫੇਰ ਵੱਜਣੀ ਨਹੀਂ ਨਾ। ਇਹਨੂੰ ਪ੍ਰਤੀਤ ਕਹਿੰਦੇ ਨੇ, ਪਰਤੀਤ ਤੋਂ ਬਗੈਰ ਗੱਲ ਨਹੀਂ ਬਣਿਆ ਕਰਦੀ। ਭਰੋਸਾ, ਯਕੀਨ, faith; ਮੈਂ ਕਹਿ ਦਿੱਤਾ ਕਿ ਜਾਹ, ਪਹਿਲਾਂ ਤਾਂ ਮੇਰੀ ਗੱਲ 'ਤੇ ਭਰੋਸਾ ਹੋਣਾ ਚਾਹੀਦਾ ਹੈ ਕਿ ਬਾਬਾ ਜੀ ਨੇ ਕਹਿ ਦਿਤਾ ਹੁਣ ਗੁਰੂ ਸਾਹਿਬ ਗੱਲ ਸੁਣ ਲੈਣਗੇ। ਫੇਰ ਇਹ ਭਰੋਸਾ ਹੋਣਾ ਚਾਹੀਦਾ ਹੈ ਕਿ ਮੈਂ ਜੀਹਦੇ ਅੱਗੇ ਹੱਥ ਜੋੜੀਂ ਖੜ੍ਹਾ ਹਾਂ ਉਹਨੇ ਤਾਂ ਮੇਰੀ ਗੱਲ ਹੁਣੇ ਸੁਣ ਲੈਣੀ ਹੈ। ਢੀਠ ਹੋ ਕੇ ਮੰਗੋ, ਫੇਰ ਦੇ ਦਿੰਦਾ ਹੈ, ਇਨ੍ਹਾਂ ਕੋਲ ਕੀ ਘਾਟਾ ਹੈ।

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ
ਜਿਸੁ ਦੇਹਿ ਸੁ ਪਾਵਏ ॥ ਅੰਗ - ੯੧੭

ਦਿੰਦਾ ਕੀਹਨੂੰ ਹੈ, ਜਿਹੜਾ ਪਿਆਰ ਤੇ ਪਰਤੀਤ ਨਾਲ ਮੰਗਦਾ ਹੈ, ਉਹਨੂੰ ਮਿਲ ਜਾਂਦਾ ਹੈ। ਕੁਛ ਮੰਗ ਲਓ ਇਨ੍ਹਾਂ ਤੋਂ -

ਜੋ ਮਾਗਹਿ ਠਾਕੁਰ ਅਪੁਨੇ ਤੇ
ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ
ਈਹਾ ਊਹਾ ਸਚੁ ਹੋਵੈ ॥ ਅੰਗ - ੬੮੧
ਜੋ ਮਾਗਹਿ ਸੋਈ ਸੋਈ ਪਾਵਹਿ
ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ-੭੧੪

ਭਰੋਸਾ ਲਿਆਓ ਮਿਲ ਜਾਂਦਾ ਹੈ। ਵਜ਼ੀਰ ਕਹਿਣ ਲੱਗਿਆ ਮਹਾਰਾਜ! ਪੀਰ ਵੱਡਾ ਹੁੰਦਾ ਹੈ ਭਰੋਸਾ ਵੀ ਵੱਡਾ ਹੁੰਦਾ ਹੈ। ਕਹਿਣ ਲੱਗੇ, ਨਹੀਂ ਮੈਨੂੰ ਇੱਕ ਗੱਲ ਦੱਸੋ, ਜਦੋਂ ਬਾਰ-ਬਾਰ ਕਹੀ ਗਏ, ਉਹ ਕਹਿਣ ਲੱਗੇ ਮਹਾਰਾਜ ਭਰੋਸਾ ਵੱਡਾ ਹੁੰਦਾ ਹੈ। ਹੁਣ ਅਸੀਂ ਕਹਾਂਗੇ ਕਿ ਪੀਰ ਵੱਡਾ ਹੋਵੇ। ਪੀਰ ਪੂਰਾ ਹੋਵੇ। ਫੇਰ ਉਹ ਭਰੋਸਾ ਆਪੇ ਕਰਾ ਲੈਂਦਾ ਹੈ। ਬਿਲਕੁਲ ਨਹੀਂ ਹੁੰਦਾ। ਹੁਣ ਗੁਰੂ ਦਸਵੇਂ ਪਾਤਸ਼ਾਹ ਕਿਹੜੀ ਗੱਲ 'ਚ ਘੱਟ ਸੀਗੇ। ਵਿਚਾਰ ਕਰਕੇ ਦੇਖ ਲਓ, ਗੰਗੂ ਨੂੰ ਭਰੋਸਾ ਆਇਆ ਸਤਾਈ ਸਾਲ ਨਾਲ ਰਹਿ ਕੇ? ਦੁਲੱਚਾ ਮਸੰਦ ਗੁਰੂ ਨੌਂਵੇਂ ਪਾਤਸ਼ਾਹ ਨਾਲ ਵੀ ਰਿਹਾ, ਅੱਠਵੇਂ ਪਾਤਸ਼ਾਹ ਨਾਲ ਵੀ ਰਿਹਾ, ਗੁਰੂ ਦਸਵੇਂ ਪਾਤਸ਼ਾਹ ਨਾਲ ਵੀ ਰਿਹਾ, ਕਿਸੇ ਪ੍ਰੇਮੀ ਨੇ ਬੰਦ ਭੇਜ ਦਿੱਤੇ ਹੀਰੇ ਜੁੜਾ ਕੇ, ਮਾਤਾ ਜੀ ਵਾਸਤੇ। ਇਹਨੂੰ ਭਰੋਸਾ ਨਹੀਂ ਸੀ, ਇਹਨੇ ਬੰਦ ਆਪਣੀ ਘਰਵਾਲੀ ਨੂੰ ਦੇ ਦਿੱਤੇ। ਉਹ ਪ੍ਰੇਮੀ ਜਦੋਂ ਆਇਆ ਉਹਨੇ ਸਹਿਜ ਸੁਭਾਅ ਮਹਾਰਾਜ ਕੋਲ ਬੇਨਤੀ ਕਰੀ ਕਿ ਪਾਤਸ਼ਾਹ! ਮੈਂ ਦੇਸਾਂ ਪ੍ਰਦੇਸਾਂ ਤੋਂ ਲਿਆਇਆ ਸੀ, ਇਕ ਬੰਦ ਸੀਗੇ, ਉਨ੍ਹਾਂ 'ਚ ਹੀਰੇ ਬੜੇ ਕੀਮਤੀ

ਜੜੇ ਹੋਏ ਸੀ, ਪਹੁੰਚ ਗਏ ਹੋਣੇ ਆਪ ਦੇ ਪਾਸ। ਮਹਾਰਾਜ ਕਹਿੰਦੇ, ਦੇਖੋ ਭਾਈ ਤੋਸ਼ੇਖਾਨੇ। ਇੰਚਾਰਜ ਨੇ ਦੱਸਿਆ ਕਿ ਮਹਾਰਾਜ ਐਸੀ ਤਾਂ ਕੋਈ ਚੀਜ਼ ਨਹੀਂ ਇੱਥੇ ਆਈ, ਕੋਈ ਨਹੀਂ ਆਇਆ ਲੈ ਕੇ। ਕਹਿੰਦਾ, ਸੱਚੇ ਪਾਤਸ਼ਾਹ! ਮੈਂ ਭੇਜੇ ਸੀ। ਕਹਿੰਦੇ, ਕੀਹਦੇ ਕੋਲ ਭੇਜੇ ਸੀ? ਕਹਿੰਦੇ, ਦੁਲੱਚੇ ਮਸੰਦ ਦੇ ਕੋਲ। ਦੁਲੱਚੇ ਨੂੰ ਬੁਲਾ ਲਿਆ। ਜਦੋਂ ਮਹਾਰਾਜ ਨੇ ਸਾਰਿਆਂ ਦੇ ਸਾਮ੍ਹਣੇ ਪੁੱਛਿਆ, ਕਹਿੰਦਾ ਤੁਸੀਂ ਤਾਂ ਨਿਆਣੇ ਓਂ, ਨੌਂ ਸਾਲ ਦੀ ਤੁਹਾਡੀ ਉਮਰ ਹੈ, ਬੱਚਿਆਂ ਵਾਲੀਆਂ ਗੱਲਾਂ ਕਰਦੇ ਓਂ। ਸਿੱਖੀ ਤਾਂ ਚਲਾ ਹੀ ਅਸੀਂ ਰਹੇ ਹਾਂ। ਕਿੱਡੇ-ਕਿੱਡੇ ਪਰਗਣੇ ਸਾਡੇ ਹੱਥ ਵਿਚ ਨੇ, ਜੇ ਅਸੀਂ ਚਾਹੀਏ ਤਾਂ ਤੁਹਾਡੇ ਤਕ ਸੰਗਤ ਲਿਆਉਂਦੇ ਹਾਂ, ਜੇ ਅਸੀਂ ਨਾ ਚਾਹੀਏ ਤਾਂ ਇੱਥੇ ਆਏਗਾ ਕਿਹੜਾ। ਗੁਰੂ ਤਾਂ ਅਸੀਂ ਬਣਾਉਂਦੇ ਹਾਂ ਮਹਾਰਾਜ। ਤੁਸੀਂ ਜ਼ਰਾ ਮਸੰਦਾਂ ਦੇ ਨਾਲ ਬਣਾ ਕੇ ਰੱਖਿਆ ਕਰੋ। ਉਹਨੂੰ ਸਹਿਜ ਸੁਭਾਅ ਸਮਝਦਾ ਹੈ ਕਿ ਸਾਡਾ ਬਣਾਇਆ ਹੋਇਆ ਹੈ, ਕਿੱਡਾ ਨਿਹਚਾ ਪਤਲਾ ਹੈ। ਜਦੋਂ ਉਹ ਨਾ ਹੀ ਮੰਨਿਆ, ਗੁਰੂ ਮਹਾਰਾਜ ਕਹਿੰਦੇ ਜਾਓ ਭਾਈ, ਇਹਦੀ ਘਰਵਾਲੀ ਦੇ ਪਾਏ ਹੋਏ ਨੇ, ਉਥੋਂ ਲਿਆਓ। ਦੋ ਸਿੰਘ ਚਲੇ ਗਏ, ਜਾ ਕੇ ਲੈ ਆਏ। ਕਹਿੰਦੇ, ਆਹ ਕਿੱਥੋਂ ਆ ਗਏ? ਸ਼ਰਮਿੰਦਾ ਹੋ ਜਾਂਦਾ ਹੈ, ਨੀਵੀਂ ਪਾ ਲੈਂਦਾ ਹੈ। ਕਿਉਂਕਿ ਭਰੋਸਾ ਨਹੀਂ ਸੀ, ਤਿੰਨ ਗੁਰੂਆਂ ਨਾਲ ਰਿਹਾ, ਫੇਰ ਵੀ ਭਰੋਸਾ ਨਾ ਆਇਆ। ਬੇਅੰਤ ਹੀ ਸੀ ਸਿੱਖ। ਜਿਹੜਾ ਦੁਨੀਚੰਦ ਮਸੰਦ ਸੀ, ਜਦੋਂ ਮਹਾਰਾਜ ਜੀ ਨੇ ਕਿਹਾ ਕਿ ਕੱਲ੍ਹ ਨੂੰ ਜਦੋਂ ਹਾਥੀ ਆ ਕੇ ਦਰਵਾਜ਼ੇ ਨਾਲ ਟੱਕਰ ਮਾਰੇਗਾ, ਸਾਡਾ ਸ਼ੇਰ ਜਾਏਗਾ ਲੜਨ ਵਾਸਤੇ ਦੁਨੀਚੰਦ। ਕੱਦਕਾਠ 'ਚ ਬਹੁਤ ਵੱਡਾ ਸੀ, ਸਾਢੇ ਛੇ ਫੁੱਟ ਕੱਦ ਸੀ। ਪੰਜਾਹ ਇੰਚ ਚੌੜੀ ਛਾਤੀ ਸੀ। ਕਹਿੰਦੇ ਸਾਡੇ ਕੋਲ ਵੀ ਸ਼ੇਰ ਹੈਗਾ। ਉਹ ਨਾਲੇ ਆਪ ਨੱਠ ਗਿਆ, ਨਾਲੇ ਡੇਢ ਸੌ ਸਿੰਘ ਹੋਰ ਨਾਲ ਨਠਾ ਲਿਆ, ਪਿੱਛੇ ਕਿਲੇ ਦੀ ਕੰਧ ਨਾਲ ਰੱਸਾ ਪਾ ਕੇ ਫਟਾ-ਫਟ ਉਤਰੀ ਗਏ। ਗੁਰੂ ਤਾਂ ਪੂਰਾ ਸੀ, ਪਰ ਭਰੋਸਾ ਘੱਟ ਸੀਗਾ। ਮਹਾਰਾਜ ਕਹਿੰਦੇ, ਗੁਰੂ ਤਾਂ ਪੂਰਾ ਹੁੰਦਾ ਹੈ -

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ ॥ ਅੰਗ- ੧੩੭੨

ਹੁਣ ਅੰਨ੍ਹੇ ਨੂੰ ਕਿਉਂ ਨਹੀਂ ਲਗਦੀ, ਬਾਂਸ ਚੋਂ ਕਿਉਂ ਨਹੀਂ ਆਵਾਜ਼ ਆਉਂਦੀ, ਕਿਉਂਕਿ ਹੇਠਾਂ ਹਵਾ ਨੂੰ ਸਾਂਭਣ ਵਾਲਾ ਲੱਗਿਆ ਨਹੀਂ ਹੋਇਆ, ਬੰਸਰੀ 'ਚੋਂ ਕਿਉਂ ਆਵਾਜ਼ ਆਉਂਦੀ ਹੈ, ਉਹ ਹਵਾ ਹੇਠਾਂ ਤੋਂ ਗੇੜਾ ਖਾ ਕੇ ਮੋਰੀਆਂ 'ਚੋਂ ਨਿਕਲਦੀ ਹੈ, ਉਹਦੇ ਉੱਤੇ ਉਂਗਲੀਆਂ ਰੱਖ-ਰੱਖ ਕੇ ਰਾਗ ਕੱਢੀ ਜਾਂਦੇ ਨੇ। ਭਰੋਸਾ ਵੱਡੀ ਚੀਜ਼ ਹੈ, ਕਹਿੰਦਾ, ਸਬੂਤ? ਕਹਿੰਦਾ, ਜੇ ਸਬੂਤ ਲੈਣਾ ਹੈ ਤਾਂ ਮੈਨੂੰ ਛੇ ਮਹੀਨੇ ਦਿਓ। ਸਮਾਂ ਮਿਲ ਗਿਆ ਤੇ ਓਸਨੇ ਜੰਗਲ ਵਿੱਚ ਜਾ ਕੇ ਇੱਕ ਮਜ਼ਾਰ ਬਣਾ ਦਿੱਤਾ ਤੇ ਆਪਣੇ ਇੱਕ ਪੈਰ ਦੀ ਜੁੱਤੀ ਉਹਦੇ 'ਚ ਰੱਖ ਦਿੱਤੀ ਤੇ ਨਾਉਂ ਰੱਖ ਦਿੱਤਾ ਕਿ ਪੀਰ ਜੁੱਤੇ ਸ਼ਾਹ ਦਾ ਮਜ਼ਾਰ। ਮਸ਼ਹੂਰ ਕਰ ਦਿੱਤਾ ਕਿ ਇੱਥੇ ਸਭ ਸੁੱਖਾਂ ਵਰ ਆਉਂਦੀਆਂ ਨੇ। ਭਰੋਸੇ ਵਾਲੇ ਆਉਣ ਲਗ ਗਏ, ਰੌਲਾ ਪੈਣ ਲਗ ਗਿਆ। ਬੇਅੰਤ ਮੇਲਾ ਲੱਗਣ ਲਗ ਗਿਆ, ਛੇ ਮਹੀਨੇ ਬਾਅਦ ਰਾਜੇ ਦਾ ਲੜਕਾ ਬਿਮਾਰ ਹੋ ਗਿਆ। ਕਹਿੰਦਾ, ਵਜ਼ੀਰ ਸਾਹਿਬ ਦਵਾਈ ਨਹੀਂ ਲਗ ਰਹੀ? ਕਹਿੰਦਾ, ਮਹਾਰਾਜ ਤੁਸੀਂ ਮੰਨਤ ਮੰਨ ਲਓ, ਪੀਰ ਜੁੱਤੇਸ਼ਾਹ ਦੀ, ਆਹ ਜੰਗਲ ਵਿੱਚ ਹੈਗਾ। ਰਾਜੇ ਨੇ ਨੰਗੇ ਪੈਰੀਂ ਜਾ ਕੇ ਮੰਨਤ ਮੰਨ ਲਈ, ਲੜਕਾ ਰਾਜ਼ੀ ਹੋ ਗਿਆ। ਰਾਜ਼ੀ ਹੋਣ ਤੇ ਜਿਸ ਵਕਤ ਇਹ ਬੇਅੰਤ ਭੇਟਾਵਾਂ ਲੈ ਕੇ ਤੁਰਿਆ, ਨਾਲੇ ਮਨ 'ਚ ਖਿਆਲ ਕਰਿਆ ਕਿ ਮੈਂ ਇਹ ਵੱਡਾ ਬਣਾ ਦੇਣਾ ਹੈ। ਇਹ ਤਾਂ ਬੜੀ ਵੱਡੀ ਜਗ੍ਹਾ ਹੈ। ਓਨੇ ਨੂੰ ਵਜ਼ੀਰ ਪਹਿਲਾਂ ਲੈ ਕੇ ਚਲਿਆ ਗਿਆ, ਰਾਜਾਂ ਨੂੰ ਤੇ ਮਜ਼ਦੂਰਾਂ ਨੂੰ, ਉਹਨੇ ਉਹ ਮਜ਼ਾਰ ਢਾਹੁੰਣਾ ਸ਼ੁਰੂ ਕਰ ਦਿਤਾ। ਰਾਜਾ ਕਹਿਣ ਲੱਗਿਆ, ਵਜ਼ੀਰ ਸਾਹਿਬ ਇਹ ਕੀ ਤੁਸੀਂ ਕਰ ਰਹੇ ਓਂ। ਰਾਜਾ ਪਹੁੰਚਦਾ ਹੈ, ਰਾਣੀਆਂ ਪਹੁੰਚਦੀਆਂ ਨੇ, ਬੈਂਡ ਵਾਜੇ ਵੱਜ ਰਹੇ ਨੇ। ਕਹਿਣ ਲੱਗਿਆ, ਮਹਾਰਾਜ! ਮੈਂ ਕੁਛ ਨਹੀਂ ਕਰ ਰਿਹਾ, ਮੈਂ ਤੁਹਾਡੇ ਸਵਾਲ ਦਾ ਜਵਾਬ ਦੇਣਾ ਹੈ।

ਕਹਿੰਦੇ, ਕੀ ਜਵਾਬ?

ਕਹਿੰਦਾ, ਤੁਸੀਂ ਮੇਰੇ ਤੋਂ ਪੁੱਛਿਆ ਸੀ ਕਿ ਪੀਰ ਵੱਡਾ ਹੁੰਦਾ ਹੈ ਕਿ ਯਕੀਨ ਵੱਡਾ ਹੁੰਦਾ ਹੈ?

ਕਹਿੰਦੇ ਆਹ ਕੋਈ ਪੀਰ ਨਹੀਂ ਹੈ, ਇਹ ਤਾਂ ਮੈਂ ਆਪਣੇ ਪੈਰ ਦਾ ਇੱਕ ਜੁੱਤਾ ਇਹਦੇ ਵਿੱਚ ਦੱਬ ਕੇ ਨੀਂਹ ਦੇ ਵਿੱਚ ਇਹਦਾ ਨਾਉਂ ਪੀਰ ਜੁੱਤੇਸ਼ਾਹ ਦਾ ਮਜਾਰ ਕਰ ਦਿੱਤਾ। ਦੇਖਦੇ-ਦੇਖਦੇ ਉਹ ਪੁੱਟ ਲਿਆ, ਕਹਿੰਦਾ ਲਓ ਮਹਾਰਾਜ! ਆਹ ਜੁੱਤੀ ਮੇਰੀ ਹੈ ਤੇ ਆਹ ਮੈਂ ਵਿੱਚ ਦੱਬੀ ਸੀ। ਇਹ ਤੁਹਾਡੇ ਸਵਾਲ ਦਾ ਜਵਾਬ ਦੇਣਾ ਸੀ। ਜੇ ਭਲਾ ਪੀਰ ਵੀ ਪੂਰਾ ਹੋਵੇ, ਮੁਰੀਦ ਵੀ ਪੂਰਾ ਹੋਵੇ, ਫੇਰ ਤਾਂ ਕੋਈ ਘਾਟਾ ਨਹੀਂ ਹੁੰਦਾ। ਜੇ ਭਲਾ ਪੀਰ ਮਾੜਾ ਵੀ ਹੋਵੇ, ਮੁਰੀਦ ਭਰੋਸੇ ਵਾਲਾ ਹੋਵੇ, ਉਹ ਲੰਘ ਜਾਇਆ ਕਰਦਾ ਹੈ।

ਇਕ ਮਿਸਾਲ ਆਉਂਦੀ ਹੈ ਬੜੀ ਵੱਡੀ। ਇੱਕ ਸਾਧਾਰਣ ਮੁੰਡਾ ਜੱਟਾਂ ਦਾ, ਜਿਸਨੂੰ ਸਤਿਸੰਗ ਦਾ ਸ਼ੌਂਕ ਸੀ, ਸਤਿਸੰਗ 'ਚ ਜਾਇਆ ਕਰਦਾ ਸੀ, ਨਾਮਦੇਵ ਬਾਰੇ ਸੁਣਿਆ, ਕਬੀਰ ਜੀ ਬਾਰੇ, ਰਵਿਦਾਸ ਜੀ, ਸੈਣ ਨਾਈ ਜੀ ਬਾਰੇ ਸੁਣਿਆ। ਇਹ ਸੁਣ ਕੇ ਮਨ 'ਚ ਖਿਆਲ ਆ ਗਿਆ -

ਇਹ ਬਿਧਿ ਸੁਨਿ ਕੈ ਜਾਟਰੋ
ਉਠਿ ਭਗਤੀ ਲਾਗਾ ॥ ਅੰਗ - ੪੮੮

ਭਗਤੀ ਕਰਨ ਲਗ ਗਿਆ, ਲੱਗਿਆ ਕਿਵੇਂ, ਭਾਈ ਗੁਰਦਾਸ ਜੀ ਦਸਦੇ ਨੇ ਖੋਲ੍ਹ ਕੇ ਕਿ ਧੰਨਾ ਹਰ ਵਕਤ ਸੋਚਦਾ ਸੀ ਕਿ ਮੈਨੂੰ ਕੋਈ ਪੂਰਾ ਮਿਲ ਜਾਵੇ ਤੇ ਮੈਂ ਪ੍ਰਮੇਸ਼ਰ ਦੇ ਦਰਸ਼ਨ ਕਰ ਲਵਾਂ। ਜੇ ਕਬੀਰ ਜੁਲਾਹਾ ਕਰ ਸਕਦਾ ਹੈ, ਨਾਮਦੇਵ ਕਰ ਸਕਦਾ ਹੈ ਛੀਂਬਾ, ਤੇ ਨਾਈ ਕਰ ਸਕਦਾ ਹੈ, ਰਵਿਦਾਸ ਚਮਾਰ ਕਰ ਸਕਦਾ ਹੈ, ਫੇਰ ਮੈਨੂੰ ਕਿਹੜਾ ਪ੍ਰਮੇਸ਼ਰ ਵਲੋਂ ਬੰਧੀ ਹੈ, ਮੈਂ ਵੀ ਕਰ ਸਕਦਾ ਹਾਂ। ਕੋਈ ਰਾਹ ਦੱਸਣ ਵਾਲਾ ਲੱਭ ਜਾਵੇ, ਉਨ੍ਹਾਂ ਦੇ ਪਿੰਡ ਦਾ ਇੱਕ ਬ੍ਰਾਹਮਣ ਸੀ, ਉਹ ਬਾਹਰ ਸੁਥਰਾ ਟੋਭਾ ਸੀ ਉਥੇ ਆ ਕੇ ਉਹਦੇ ਕੰਢੇ 'ਤੇ ਬੈਠ ਕੇ ਉਪਾਸਨਾ ਕਰਿਆ ਕਰਦਾ ਸੀ, ਠਾਕਰਾਂ ਨੂੰ ਭੋਗ ਲਵਾਉਣਾ। ਆ ਕੇ ਲੱਕੜੀਆਂ ਗੱਡ ਲੈਣੀਆਂ

ਦੋ ਤਿੰਨ ਉਪਰ ਕਪੜਾ ਪਾ ਲੈਣਾ ਤੇ ਵਿੱਚ ਮੂਰਤੀਆਂ ਰੱਖ ਲੈਣੀਆਂ, ਆਪ ਦਰਵਾਜ਼ੇ ਮੂਹਰੇ ਬਹਿ ਜਾਂਦਾ ਸੀ, ਬੜੀ ਦੇਰ ਤੱਕ ਬੈਠਾ ਰਹਿੰਦਾ ਸੀ। ਇਹ ਧੰਨਾ ਦੇਖਦਾ ਰਹਿੰਦਾ ਸੀ ਹਮੇਸ਼ਾਂ ਤੇ ਇਹਨੇ ਕਿਹਾ ਕਿ ਇਹ ਜ਼ਰੂਰ ਰੱਬ ਨੂੰ ਮਿਲਾ ਦਏਗਾ, ਇਹਦੇ ਨਾਲ ਗੱਲ ਤਾਂ ਕਰੀਏ, ਰੱਬ ਨੂੰ ਹੋਰ ਕਿੱਥੋਂ ਭਾਲਾਂਗੇ। ਪੂਰਾ ਤਾਂ ਹੈ ਨਹੀਂ ਸੀ ਉਹ, ਧੰਨਾ ਇੱਕ ਦਿਨ ਉਹਦੇ ਕੋਲ ਚਲਿਆ ਗਿਆ। ਭਾਈ ਗੁਰਦਾਸ ਜੀ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

ਧਾਰਨਾ - ਧੰਨਾ ਗਊ ਚਰਾਵਣ ਆਵੇ,
ਬਾਮ੍ਹਣ ਪੂਜੇ ਦੇਵਤੇ।
ਬਾਮ੍ਹਣ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ॥
ਭਾਈ ਗੁਰਦਾਸ ਜੀ ਵਾਰ, ੧੦/੧੩

ਉਹ ਰੋਜ਼ ਗਊਆਂ ਚਰਾਵਣ ਆਉਂਦਾ ਹੈ ਤੇ ਉਹ ਰੋਜ਼ ਦੇਵਤਿਆਂ ਦੀ ਪੂਜਾ ਕਰਨ ਆਉਂਦਾ ਹੈ, ਝੁੰਘੜਮਾਟਾ ਕਰ ਲੈਂਦਾ ਹੈ ਤੇ ਉਹਦੇ ਵਿੱਚ ਬੜੀ ਦੇਰ ਤਕ ਬੈਠਾ ਰਹਿੰਦਾ ਹੈ ਤੇ ਇੱਕ ਦਿਨ ਧੰਨਾ ਇੱਕ ਪਾਸਿਓਂ ਛੁਪ ਕੇ ਦੇਖਦਾ ਰਿਹਾ ਕਿ ਇਹ ਕਰਦਾ ਕੀ ਹੈ? ਬੜਾ ਕੁਛ ਉਹਨੇ ਦੇਖਿਆ ਪੂਜਾ ਕਰਦੇ ਨੂੰ -

ਧੰਨੈ ਡਿਠਾ ਚਲਿਤੁ ਏਹੁ
ਪੂਛੈ ਬਾਮ੍ਹਣੁ ਆਖਿ ਸੁਣਾਵੈ॥
ਭਾਈ ਗੁਰਦਾਸ ਜੀ ਵਾਰ, ੧੦/੧੩

ਪੰਡਤ ਜੀ ਦੇ ਕੋਲ ਆ ਗਿਆ, ਜਦੋਂ ਉਹਨੇ ਸਾਰਾ ਕੁਛ ਬੰਦ ਕਰ ਲਿਆ, ਟਰੰਕੀ ਦੇ ਅੰਦਰ, ਕਹਿਣ ਲੱਗਿਆ, ਦਾਦਾ ਜੀ! ਤੁਸੀਂ ਇਹ ਕੀ ਕਰਦੇ ਹੁੰਦੇ ਓਂ? ਕਹਿੰਦਾ, ਧੰਨਿਆਂ! ਤੂੰ ਕੀ ਲੈਣਾ ਹੈ ਇਸ ਗੱਲ ਤੋਂ? ਕਹਿੰਦਾ, ਮੈਂ ਦਾਦਾ ਜੀ! ਪੁੱਛਣਾ ਹੈ ਕਿ ਇਹ ਤੁਸੀਂ ਕਰ ਕਰਦੇ ਓਂ?

ਕਹਿਣ ਲੱਗੇ, ਮੈਂ ਠਾਕੁਰ ਦੀ ਪੂਜਾ ਕਰਦਾ ਹਾਂ।

ਕਹਿਣ ਲੱਗਿਆ, ਇਹਦੇ ਨਾਲ ਕੀ ਮਿਲਦਾ ਹੁੰਦਾ ਹੈ?

ਉਹ ਕਹਿੰਦਾ, ਇਹਦੇ ਮਿਲਣ ਦੀ ਗੱਲ ਕਰਦਾ ਹੈਂ ਇਹਦੇ ਤੋਂ ਤਾਂ ਜੋ ਇੱਛਾ ਕਰੋ, ਓਹੀ ਮਿਲ ਜਾਂਦਾ ਹੈ।

ਠਾਕੁਰ ਦੀ ਸੇਵਾ ਕਰੈ
ਜੋ ਇਛੈ ਸੋਈ ਫਲੁ ਪਾਵੈ।
ਭਾਈ ਗੁਰਦਾਸ ਜੀ ਵਾਰ, ੧੦/੧੩

ਸੇਵਾ ਤਾਂ ਆਲ੍ਹੀ ਨਹੀਂ ਜਾਂਦੀ ਕਿਸੇ ਦੀ। ਜਾਨਵਰਾਂ ਦੀ ਸੇਵਾ ਨਹੀਂ ਆਲ੍ਹੀ ਜਾਂਦੀ। ਇੱਕ ਕੋਈ ਪ੍ਰੇਮੀ ਸੀ, ਮਹਾਤਮਾ ਦੇ ਪਾਸ ਆਇਆ, ਕਹਿਣ ਲੱਗਿਆ, ਮਹਾਰਾਜ! ਮੈਨੂੰ ਕੋਈ ਜੁਗਤ ਦੱਸੋ। ਗਰੀਬੀ ਹੈ ਮੇਰੇ ਘਰ 'ਚ। ਕਹਿੰਦੇ ਤੂੰ ਸੇਵਾ ਕਰਿਆ ਕਰ। ਕਹਿੰਦਾ, ਕਾਹਦੀ ਕਰਿਆ ਕਰਾਂ ਮਹਾਰਾਜ? ਕਹਿੰਦੇ ਕਾਸੇ ਦੀ ਕਰ ਲੈ, ਪੰਛੀਆਂ ਦੀ ਚਾਹੇ ਕਰਨ ਲਗ ਜਾ। ਉਹ ਪੰਛੀਆਂ ਦੀ ਸੇਵਾ ਕਰਨ ਲਗ ਗਿਆ, ਪੰਛੀ ਆਉਣੇ ਸ਼ੁਰੂ ਹੋ ਗਏ, ਦਾਣਾ ਪਾਉਂਦਾ ਹੈ, ਬੇਅੰਤ ਪੰਛੀ ਆਉਣੇ ਸ਼ੁਰੂ ਹੋ ਗਏ। ਪੰਛੀਆਂ ਨੂੰ ਪਤਾ ਹੁੰਦਾ ਹੈ, ਇਹ ਟੈਲੀਪੈਥੀ ਜਾਣਦੇ ਨੇ; ਜੇ ਸਾਡੇ ਦਿਲ 'ਚ ਬੇਈਮਾਨੀ ਹੋਵੇ ਤੇ ਅਸੀਂ ਕੁਛ ਕਰ ਦੇਈਏ, ਫੇਰ ਬੜੇ ਔਖੇ ਆਉਂਦੇ ਨੇ। ਲੇਕਿਨ ਸੱਚਾ ਹੋਵੇ ਆਦਮੀ ਫੇਰ ਬੇਅੰਤ ਆ ਜਾਂਦੇ ਨੇ। ਆਉਂਦੇ-ਆਉਂਦੇ ਕੋਈ ਮਹਾਤਮਾ ਆਏ ਕਹਿੰਦੇ ਪ੍ਰੇਮੀਆਂ! ਤੂੰ ਪੰਛੀਆਂ ਦੀ ਸੇਵਾ ਤਾਂ ਕਰਦਾ ਹੈਂ, ਪਰ ਤੂੰ ਇੱਕ ਪੰਛੀ ਹੈ ਜਿਹੜਾ ਮੋਤੀ ਖਾਂਦਾ ਹੈ। ਉਹਦਾ ਚੋਗ ਮੋਤੀ ਹੈ, ਤੂੰ ਦੋ ਚਾਰ ਮੋਤੀ ਵੀ ਰੱਖ ਦਿਆ ਕਰ, ਕਿਤੇ ਉਹ ਆ ਜਾਏਗਾ, ਉਹ ਬੜਾ ਭਾਰਾ ਫਲ ਤੈਨੂੰ ਦੇ ਜਾਏਗਾ। ਮੋਤੀ ਰੱਖਣੇ ਸ਼ੁਰੂ ਕਰ ਦਿੱਤੇ, ਹੌਲੀ-ਹੌਲੀ ਹੰਸ ਉਡਦੇ-ਉਡਦੇ ਆਏ, ਨਿਗ੍ਹਾ ਪਏ ਮੋਤੀ, ਉਥੇ ਉਤਰ ਆਏ। ਇਹਨੇ ਦੁੱਧ ਰੱਖਿਆ ਹੋਇਆ ਸੀ, ਮੋਤੀ ਰੱਖੇ ਹੋਏ ਸੀ। ਹੰਸਾਂ ਨੇ ਚੁੰਝ ਮਾਰੀ, ਚੁੱਝ ਮਾਰ ਕੇ ਦੁੱਧ ਫਟ ਗਿਆ, ਪਾਣੀ ਅੱਡ ਹੋ ਗਿਆ, ਫੁੱਟੀਆਂ ਖਾ ਲਈਆਂ। ਜਿਹੜਾ ਚੋਗ ਪਾਇਆ ਸੀ ਚੁਗ ਲਿਆ, ਚੁਗਣ ਤੋਂ ਬਾਅਦ ਜਦੋਂ ਪ੍ਰਸੰਨ ਹੋਏ ਤਾਂ ਉਨ੍ਹਾਂ ਨੇ ਉਗਲ ਦਿੱਤਾ ਇੱਕ ਲਾਲ, ਲਾਲ ਜਦੋਂ ਬਜ਼ਾਰ 'ਚ ਜਾ ਕੇ ਦਿਖਾਇਆ ਉਹ ਕਹਿੰਦੇ ਇਹ ਤਾਂ ਹਜ਼ਾਰਾਂ ਰੁਪਏ ਦਾ ਹੈ, ਬਹੁਤ ਕੀਮਤੀ ਚੀਜ਼ ਹੈ। ਰੋਜ਼ ਹੀ ਕਰਨ ਲਗ ਗਿਆ, ਜਦੋਂ ਹੰਸ ਆਉਣ ਤੇ ਲਾਲ ਦੇ ਜਾਣ। ਅਮੀਰ ਹੋ ਗਿਆ। ਗੁਰੂ ਚੌਥੇ ਪਾਤਸ਼ਾਹ ਨੇ ਗੁਰਸਿੱਖਾਂ ਨੂੰ ਇਹ ਸਾਖੀ ਸੁਣਾਈ ਸੀ ਕਿ ਸਿੰਘੋ! ਸੇਵਾ ਕੀਤੀ ਹੋਈ ਬਿਰਥਾ ਨਹੀਂ ਜਾਇਆ ਕਰਦੀ। ਸੇਵਾ ਫਲ ਦੇ ਹੀ ਜਾਂਦੀ ਹੈ, ਚਾਹੇ ਕਿਸੇ ਦੀ ਕਰ ਲਓ ਸੇਵਾ। ਕਹਿੰਦੇ, ਧੰਨਿਆਂ ਪੰਛੀਆਂ ਦੀ ਸੇਵਾ ਨਹੀਂ ਬਿਰਥੀ ਜਾਂਦੀ ਇਹ ਤਾਂ ਤੂੰ ਠਾਕੁਰ ਦੀ ਸੇਵਾ ਕਰਦਾ ਹੈਂ ਇਹਦਾ ਫਲ ਤਾਂ ਬਹੁਤ ਵੱਡਾ ਹੈ -

ਧਾਰਨਾ - ਜੋ ਇਛੇ ਸੋ ਪਾਵੇ ਜੀ,
ਸੇਵਾ ਕਰਕੇ ਠਾਕਰ ਜੀ ਦੀ।
ਠਾਕੁਰ ਦੀ ਸੇਵਾ ਕਰੈ
ਜੋ ਇਛੈ ਸੋਈ ਫਲੁ ਪਾਵੈ।
ਭਾਈ ਗੁਰਦਾਸ ਜੀ ਵਾਰ, ੧੦/੧੩

ਕੋਈ ਚੀਜ਼ ਮੰਗ ਲਈਂ ਜਿਹੜੀ ਤੇਰਾ ਜੀਅ ਕਰਦਾ ਹੈ, ਸਾਰੀਆਂ ਮੰਗਾਂ, ਸਾਰੀਆਂ ਇੱਛਾ ਪੂਰੀਆਂ ਹੋ ਜਾਦੀਆਂ ਨੇ।

ਧੰਨਾ ਕਰਦਾ ਜੋਦੜੀ
ਮੈ ਭਿ ਦੇਹ ਇਕ ਜੇ ਤੁਧੁ ਭਾਵੈ॥
ਭਾਈ ਗੁਰਦਾਸ ਜੀ ਵਾਰ, ੧੦/੧੩

ਦਾਦਾ ਜੀ! ਤਾਂ ਮੈਨੂੰ ਵੀ ਇੱਕ ਠਾਕੁਰ ਦੇ ਦਿਓ। ਮੈਂ ਵੀ ਸੇਵਾ ਕਰਿਆ ਕਰਾਂਗਾ। ਬਾਰ-ਬਾਰ ਕਹਿਣ ਲੱਗਿਆ ਕਿ ਧੰਨਿਆਂ! ਤੂੰ ਜੱਟਾਂ ਦਾ ਮੁੰਡਾ, ਨਾ ਤੈਨੂੰ ਨਾਹੁਣ ਦੀ ਜਾਂਚ, ਨਾ ਤੈਨੂੰ ਸੁਥਰਾ ਰਹਿਣ ਦੀ ਜਾਂਚ, ਤੈਨੂੰ ਮੈਂ ਕਿਵੇਂ ਸਮਝਾਵਾਂ, ਤੇਰੇ ਕੋਲ ਨਹੀਂ ਠਾਕੁਰਾਂ ਨੇ ਰਹਿਣਾ; ਨਾ ਤੂੰ ਸੇਵਾ ਕਰ ਸਕੇਂ। ਜਵਾਬ ਦੇ ਦਿੱਤਾ, ਕਹਿੰਦਾ ਫੇਰ ਐਵੇਂ ਹੀ ਮੰਗਦਾ ਹੈਂ? ਮਿਲਦਾ ਹੈ ਕਿਤੇ? -

ਰਾਮ ਪਦਾਰਥੁ ਪਾਇ ਕੈ
ਕਬੀਰਾ ਗਾਂਠਿ ਨ ਖੋਲ੍ ॥
ਨਹੀ ਪਟਣੁ ਨਹੀ ਪਾਰਖੂ
ਨਹੀ ਗਾਹਕੁ ਨਹੀ ਮੋਲੁ ॥ ਅੰਗ - ੧੩੬੫

ਜਿੱਥੇ ਜਗਿਆਸੂ ਹੀ ਨਾ ਹੋਵੇ, ਉਥੇ ਤਾਂ ਕਹਿੰਦੇ ਬੋਲਣਾ ਹੀ ਨਹੀਂ ਚਾਹੀਦਾ। ਧੰਨੇ ਨੇ ਗੱਲ ਸਮਝ ਲਈ ਆਪਣੀ। ਕਹਿੰਦਾ,

ਦਾਦਾ ਜੀ! ਬੈਠੋ, ਮੈਂ ਆਇਆ ਹੁਣੇ। ਸਾਰਿਆਂ ਨਾਲੋਂ ਜਿਹੜੀ ਚੰਗੀ ਗਊ ਸੀ, ਕਪਲ ਗਊ, ਉਹ ਇਹਦੇ ਘਰ ਲਿਜਾ ਕੇ ਕਿੱਲ੍ਹੇ 'ਤੇ ਬੰਨ੍ਹ ਆਇਆ। ਅਰਦਾਸ ਕਰ ਦਿੱਤੀ। ਗਊ ਦੇ ਦਿੱਤੀ ਤੇ ਵਾਪਸ ਆ ਗਿਆ। ਕਹਿੰਦਾ, ਦਾਦਾ ਜੀ! ਜਿਹੜੀ ਸਾਰਿਆਂ ਨਾਲੋਂ ਵੱਧ ਮੇਰੀ ਗਊ ਦੁੱਧ ਦਿੰਦੀ ਹੈ ਉਹ ਮੈਂ ਤੁਹਾਡੇ ਕੀਲੇ 'ਤੇ ਬੰਨ੍ਹ ਆਇਆ ਤੇ ਹੁਣ ਤਾਂ ਦੇ ਦਿਓ, ਕਹਿੰਦੇ ਧੰਨਿਆਂ! ਪੱਠੇ ਕੌਣ ਪਾਊ? ਮੈਂ ਤਾਂ ਜਾਣਾ ਨਹੀਂ ਕਿਤੇ ਖੁਰਪਾ ਲੈ ਕੇ। ਕਹਿੰਦਾ, ਦਾਦਾ ਜੀ! ਪੱਠੇ ਵੀ ਮੈਂ ਹੀ ਪਾਇਆ ਕਰਾਂਗਾ। ਕ੍ਰਿਪਾ ਕਰੋ, ਮੈਨੂੰ ਦੇ ਦਿਓ। ਉਹਨੇ ਕਿਹਾ ਕਿ ਅਣਜਾਣ ਮੁੰਡਾ ਹੈ, ਚਲੋ ਠੀਕ ਹੈ। ਇੱਕ ਪੱਥਰ ਸੀ ਉਸ ਕੋਲ ਲਪੇਟ ਕੇ ਦੇ ਦਿਤਾ -

ਪਥਰੁ ਇਕ ਲਪੇਟਿ ਕਰਿ
ਦੇ ਧੰਨੈ ਨੋ ਗੈਲ ਛੁਡਾਵੈ॥
ਭਾਈ ਗੁਰਦਾਸ ਜੀ ਵਾਰ, ੧੦/੧੩

ਕਹਿੰਦਾ ਹੁਣ ਐਉਂ ਕਰੀਂ ਇਹਦਾ ਇਸ਼ਨਾਨ ਕਰਾਈਂ, ਫੇਰ ਇਹਨੂੰ ਭੋਗ ਲਵਾਈਂ।

ਕਹਿੰਦਾ, ਕੀ ਹੁੰਦਾ ਹੈ ਭੋਗ?

ਕਹਿੰਦਾ, ਰੋਟੀ ਖਲਾਈਦੀ ਹੈ ਨਾ ਜਿਵੇਂ ਤੂੰ ਖਾਂਦਾ ਹੈ, ਐਉਂ ਖਲਾਈਂ। ਪ੍ਰਸ਼ਾਦਾ ਛਕਾਈਂ।

100% ਵਿਸ਼ਵਾਸ਼ ਕਰ ਲਿਆ, ਪਰਤੀਤ ਦੀ ਗੱਲ ਮੈਂ ਦਸਦਾ ਹਾਂ, ਭਰੋਸਾ ਕਰ ਲਿਆ 100%, ਚਲਾਕ ਬੰਦੇ ਨੂੰ ਤਾਂ ਭਰੋਸਾ ਨਹੀਂ ਹੁੰਦਾ, ਉਹ ਕਹਿੰਦਾ ਹੈ ਇਕ ਏਸ ਤਰ੍ਹਾਂ ਕਿਵੇਂ ਹੋ ਜਾਏਗਾ? ਉਹ ਤਾਂ ਤਰਕ ਦੇ ਵਿਚ ਰਹਿੰਦਾ ਹੈ। ਤਰਕ ਮਾੜੀ ਨਹੀਂ ਹੁੰਦੀ, ਲੇਕਿਨ ਬਹੁਤ ਜ਼ਿਆਦਾ ਤਰਕ ਜੋ ਹੈ ਉਹ ਖਰਾਬ ਵੀ ਕਰ ਦਿੰਦੀ ਹੈ। ਕਿਉਂਕਿ ਭੋਲਾ ਭਾਅ ਨਹੀਂ ਰਹਿੰਦਾ, ਭੋਲੇਭਾਅ 'ਚ ਤਾਂ ਰੱਬ ਮਿਲਦਾ ਹੈ, ਤਰਕ ਦੇ ਵਿੱਚ ਨਹੀਂ ਕਿਸੇ ਨੂੰ ਕਦੇ ਮਿਲਿਆ।

ਭੋਲੇ ਭਾਇ ਮਿਲੇ ਰਘੁਰਾਇਆ ॥ ਅੰਗ-੩੨੪

ਚਤੁਰਾਈ ਨਾਲ ਤਾਂ ਅੱਜ ਤੱਕ ਨਹੀਂ ਕਿਸੇ ਨੂੰ ਮਿਲਿਆ, ਭੋਲਾਪਨ ਪ੍ਰਮੇਸ਼ਰ ਨੂੰ ਮਿਲਾਉਂਦਾ ਹੈ। ਲੈ ਕੇ ਚਲਿਆ ਗਿਆ, ਇਸ਼ਨਾਨ ਕਰਾਇਆ, ਆਪ ਇਸ਼ਨਾਨ ਕਰਿਆ, ਇਕੱਲਾ ਸੀਗਾ ਉਸ ਤੋਂ ਬਾਅਦ ਉਹਨੇ ਪ੍ਰਸ਼ਾਦਾ ਤਿਆਰ ਕਰਿਆ, ਦੁੱਧ ਰਿੜਕਿਆ, ਦਹੀਂ ਕੱਢਿਆ, ਮੱਖਣ ਅੱਡ ਕੱਢਿਆ ਤੇ ਲੱਸੀ ਬਣਾਈ ਤੇ ਉਸ ਤੋਂ ਬਾਅਦ ਮਿੱਸੇ ਪ੍ਰਸ਼ਾਦੇ ਲਾਹੇ। ਆਪਣੀ ਜਾਣ 'ਚ ਚੰਗੇ ਤੋਂ ਚੰਗਾ ਪ੍ਰਸ਼ਾਦਾ ਜਿਹੜਾ ਮਿੱਸਾ ਹੁੰਦਾ ਹੈ; ਇਹ ਪਤਾ ਹੈ ਪਿੰਡਾਂ ਵਾਲਿਆਂ ਨੂੰ ਪਿਆਜ ਨਾਲ ਸਵੇਰੇ-ਸਵੇਰੇ ਦਹੀਂ ਹੋਵੇ, ਲੱਸੀ ਹੋਵੇ ਖੇਤ 'ਚ ਬੈਠਾ ਖਾਂਦਾ ਹੋਵੇ, ਉਹਦੇ ਨਾਲ ਛੱਤੀ ਪ੍ਰਕਾਰ ਦੇ ਅੰਮ੍ਰਿਤ ਨਹੀਂ ਪਹੁੰਚਦੇ, ਇਹ ਤਾਂ ਟੇਬਲਾਂ ਵਗੈਰਾਂ ਦੀਆਂ ਗੱਲਾਂ ਨੇ। ਆਹ ਹੋਰ ਰਸ ਦਿੰਦਾ ਹੈ, ਉਹ ਹੋਰ ਰਸ ਦਿੰਦੇ ਨੇ। ਇਸਨੇ ਪ੍ਰਸ਼ਾਦਾ ਤਿਆਰ ਕਰਿਆ ਤੇ ਲਿਆ ਕੇ ਅੱਗੇ ਰੱਖ ਦਿੱਤਾ। ਹੁਣ ਬੇਨਤੀ ਕਰਨੀ ਨਹੀਂ ਜਾਣਦਾ, ਕੋਈ ਤਰੀਕਾ ਨਹੀਂ ਆਉਂਦਾ, ਕਹਿੰਦਾ ਲਓ ਮਹਾਰਾਜ ਤੁਸੀਂ ਛਕੋ ਹੁਣ। ਉਹ ਜਦੋਂ ਕਿਸੇ ਨੇ ਵੀ ਨਹੀਂ ਛਕਿਆ, ਕਹਿੰਦਾ ਇਹ ਗੁਪਤ ਛਕਦੇ ਹੋਣੇ ਨੇ, ਉਹ ਵੀ ਝੁੰਗੜਮਾਟਾ ਕਰਦਾ ਹੈ, ਓਹਲਾ ਜਿਹਾ ਕਰਦਾ ਹੈ ਇਹਨੇ ਵੀ ਕੱਪੜਾ ਰੱਸੀ ਬੰਨ੍ਹ ਕੇ ਮੂਹਰੇ ਤਾਣ ਦਿੱਤਾ। ਥੋੜ੍ਹੀ ਜਿਹੀ ਦੇਰ ਬਾਅਦ ਦੇਖਦਾ ਹੈ ਕੁਛ ਵੀ ਨਹੀਂ ਖਾਧਾ। ਫੇਰ ਦੇਖਦਾ ਹੈ ਕੁਛ ਨਹੀਂ ਖਾਧਾ, ਘੜੀਆਂ ਬੀਤ ਗਈਆਂ, ਘੰਟੇ ਬੀਤ ਗਏ, ਸਮਾਂ ਲੰਘਦਾ ਜਾਂਦਾ ਹੈ, ਦਿਨ ਚੜ੍ਹ ਗਿਆ, ਫੇਰ ਦੇਖਦਾ ਹੈ ਕਿ ਇਹ ਠੰਢਾ ਹੋ ਗਿਆ, ਹੁਣ ਤਾਂ ਇਨ੍ਹਾਂ ਨੇ ਖਾਣਾ ਹੀ ਨਹੀਂ। ਦੁਬਾਰਾ ਫੇਰ ਲਾਹ ਕੇ ਲਿਆਉਂਦੇ ਨੇ। ਦੋ ਤਿੰਨ ਵਾਰੀ ਇਸ ਤਰ੍ਹਾਂ ਲਿਆਇਆ, ਦੁਪਹਿਰਾ ਹੋ ਗਿਆ, ਓਧਰ ਡੰਗਰ ਜਿਹੜੇ ਨੇ ਕਿੱਲ੍ਹਿਆਂ 'ਤੇ ਖੜ੍ਹੇ ਗੇੜੇ ਦਿੰਦੇ ਨੇ, ਏਧਰ ਇਹਨੂੰ ਹੋ ਗਿਆ ਕਿ ਜੇ ਨਾ ਮੈਂ ਛਕਾਇਆ ਤਾਂ ਮੇਰੀ ਭਗਤੀ 'ਚ ਵਿਘਨ ਪੈ ਜਾਏਗਾ। ਭਾਈ ਸਾਹਿਬ ਲਿਖਦੇ ਨੇ ਕਿ -

ਠਾਕੁਰ ਨੋ ਨ੍ਹਾਵਾਲਿਕੈ ਛਾਹਿ
ਰੋਟੀ ਲੈ ਭੋਗੁ ਚੜ੍ਹਾਵੈ।
ਭਾਈ ਗੁਰਦਾਸ ਜੀ ਵਾਰ, ੧੦/੧੩

ਜਦੋਂ ਬੇਬੱਸੀ ਹੋ ਗਈ ਉਹ ਕਹਿਣ ਲੱਗਿਆ ਠਾਕੁਰ ਜੀ, ਮੈਨੂੰ ਭੁੱਲ ਗਿਆ, ਮੈਂ ਪੰਡਤ ਜੀ ਨੂੰ ਪੁੱਛਣਾ ਸੀ ਕਿ ਤੁਸੀਂ ਕੀ ਖਾਂਦੇ ਹੁੰਦੇ ਓਂ, ਅੱਜ ਤਾਂ ਤੁਸੀਂ ਮਿੱਸੀਆਂ ਰੋਟੀਆਂ ਖਾ ਲਓ। ਕੱਲ੍ਹ ਤੋਂ ਮੈਂ ਸਿਖ ਕੇ ਆਵਾਂਗਾ, ਜਿਹੜਾ ਕੁਛ ਤੁਸੀਂ ਖਾਂਦੇ ਓਂ, ਓਹੀ ਤੁਹਾਨੂੰ ਖਲਾ ਦਿਆ ਕਰਾਂਗਾ। ਅੱਜ ਤਾਂ ਪ੍ਰਸ਼ਾਦੇ ਤੁਸੀਂ ਛਕ ਲਓ, ਇਹਦੇ 'ਚ ਭੋਰਾ ਜਿੰਨਾਂ ਵੀ ਨਹੀਂ ਉਹਦੇ ਮਨ 'ਚ ਆਇਆ ਕਿ ਆਹ ਪੱਥਰ ਨੇ ਕਿਤੇ ਰੋਟੀਆਂ ਖਾਣੀਆਂ ਨੇ। ਪੂਰਾ ਭਰੋਸਾ ਹੈ, ਭੋਰਾ ਸ਼ੱਕ ਨਹੀਂ ਆ ਰਿਹਾ। ਸਮਾਂ ਲੰਘਦਾ ਜਾਂਦਾ ਹੈ, ਓਸ ਵੇਲੇ, ਫੇਰ ਹੱਥ ਜੋੜ ਲਏ, ਲੰਮਾ ਪੈ ਗਿਆ, ਬਹੁਤ ਬੇਨਤੀਆਂ ਕਰਦਾ ਹੈ ਏਸ ਤਰ੍ਹਾਂ ਦੇ ਨਾਲ -

ਧਾਰਨਾ - ਪੈਰੀਂ ਪੈ ਪੈ ਕੇ ਬਹੁਤ ਮਨਾਵੇ,
ਹੱਥ ਜੋੜ ਕਰੇ ਮਿੰਨਤਾਂ।
ਠਾਕੁਰ ਨੋ ਨ੍ਹਾਵਾਲਿਕੈ
ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿੰਨਤਾਂ
ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।
ਹਉਂ ਭੀ ਮੁਹੁ ਨ ਜੁਠਾਲਸਾਂ
ਤੂ ਰੁਠਾ ਮੈ ਕਿਹੁ ਨ ਸੁਖਾਵੈ।
ਭਾਈ ਗੁਰਦਾਸ ਜੀ ਵਾਰ, ੧੦/੧੩

ਬਾਰ-ਬਾਰ ਬੇਨਤੀਆਂ ਕਰਦਾ ਹੈ, ਰੋਂਦਾ ਹੈ, ਲੰਮਾ ਪੈਂਦਾ ਹੈ ਪਾਤਸ਼ਾਹ! ਅੱਜ ਖਾ ਲਓ, ਜੇ ਤੂੰ ਨਹੀਂ ਖਾਣੀ, ਤੂੰ ਨਹੀਂ ਖਾਂਦਾ ਫੇਰ ਮੈਂ ਵੀ ਨਹੀਂ ਖਾਣੀ। ਮੈਂ ਵੀ ਮੂੰਹ ਜੂਠਾ ਨਹੀਂ ਕਰਨਾ, ਅੰਨ੍ਹ ਦਾ ਇੱਕ ਦਾਣਾ ਨਹੀਂ ਖਾਣਾ। ਜਦੋਂ ਪ੍ਰਮੇਸ਼ਰ ਨੇ ਦੇਖਿਆ ਕਿ ਦ੍ਰਿੜ੍ਹ ਇਰਾਦਾ ਹੈ, 100% ਪ੍ਰਤੀਤ ਹੈ, ਸਵੇਰੇ ਦੋ ਵਜੇ ਤੋਂ ਲੈ ਕੇ ਦਿਨ ਦੇ ਦੋ ਵੱਜ ਗਏ, ਅਜੇ ਤਕ ਇੱਕ ਫੁਰਨਾ ਵੀ ਨਹੀਂ ਇਹਦੇ ਮਨ 'ਚ ਆਇਆ ਕਿ ਮੈਂ ਰੋਟੀ ਨਹੀਂ ਖਾਣੀ। ਫੇਰ ਪ੍ਰਮੇਸ਼ਰ ਕੀ ਕਰਦਾ ਹੈ, ਪਿਆਰ ਦੇ ਵਸ ਵਿੱਚ ਆ ਜਾਂਦਾ ਹੈ। ਪਿਆਰ ਦੇ ਵਸੀਭੂਤ ਹੋ ਕੇ ਜਿਹੋ ਜਿਹੀ ਸ਼ਕਲ ਕਹੋ ਓਹੀ ਜਿਹੀ ਧਾਰ ਲੈਂਦਾ ਹੈ। ਜਦੋਂ ਰੋਂਦੇ-ਰੋਂਦੇ ਨੂੰ ਉੱਤੇ ਨੂੰ ਗਰਦਨ

ਚੁੱਕੀ, ਕੀ ਦੇਖਦਾ ਹੈ ਉਹ ਪੱਥਰ ਤਾਂ ਹੈ ਹੀ ਨਹੀਂ, ਉਹਦੇ ਥਾਂ ਦੇ ਉੱਤੇ ਪ੍ਰਮੇਸ਼ਰ ਬੈਠੇ ਨੇ, ਰੋਸ਼ਨੀ ਹੀ ਰੋਸ਼ਨੀ ਹੋਈ ਪਈ ਹੈ, ਝਿਲਮਿਲ-ਝਿਲਮਿਲ ਹੋ ਰਿਹਾ ਹੈ। ਮੁਸਕਰਾ ਰਹੇ ਨੇ, ਧੰਨੇ ਦੀ ਜਾਨ 'ਚ ਜਾਨ ਆਈ, ਹਉਕੇ ਲੈਂਦਾ ਹੈ, ਬੇਨਤੀਆਂ ਕਰਦਾ ਹੈ ਕਿ ਤੁਸੀਂ ਅੱਜ ਛਕ ਲਓ ਤੇ ਮੈਂ ਕੱਲ੍ਹ ਤੋਂ ਜੋ ਕੁਛ ਛਕੋਗੇ, ਉਸ ਤਰ੍ਹਾਂ ਦਾ ਬਣਾ ਲਿਆ ਕਰੂੰ। ਕਹਿੰਦੇ ਧੰਨਿਆਂ! ਮੈਂ ਰੋਟੀਆਂ ਦਾ ਭੁੱਖਾ ਨਹੀਂ ਹੈਗਾ, ਮੈਂ ਤਾਂ ਜੇ ਭੁੱਖਾ ਹਾਂ, ਮੈਂ ਕੇਵਲ ਪਿਆਰ ਦਾ ਭੁੱਖਾ ਹਾਂ। ਪ੍ਰਤੱਖ ਹੋ ਗਿਆ, ਕਹਿੰਦਾ ਲਿਆ ਰੋਟੀ। ਹੁਣ ਮਿੱਸੀਆਂ ਰੋਟੀਆਂ ਗੰਢੇ (ਪਿਆਜ) ਨਾਲ ਖਾ ਰਿਹਾ ਹੈ ਰੱਬ। ਦਹੀਂ ਖਾ ਲਿਆ ਲੱਸੀ ਪੀ ਲਈ, ਪ੍ਰਤੱਖ ਹੋ ਗਿਆ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

ਧਾਰਨਾ - ਰੋਟੀ ਖਾ ਲਈ ਹੈ ਧੰਨੇ ਦੀ ਆ ਕੇ, ਰੱਬ ਪ੍ਰਤੱਖ ਹੋ ਗਿਆ।

ਗੋਸਾਈ ਪਰਤਖਿ ਹੋਇ ਰੋਟੀ
ਖਾਇ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ॥
ਭਾਈ ਗੁਰਦਾਸ ਜੀ ਵਾਰ, ੧੦/੧੩

ਪ੍ਰਤੱਖ ਹੋ ਗਿਆ, ਪ੍ਰਸ਼ਾਦੇ ਛਕਣ ਲਗ ਗਿਆ। ਧੰਨਾ ਦੇਖਦਾ ਹੈ ਕਿ ਰੋਟੀਆਂ ਤਾਂ ਉਡ-ਉਡ ਕੇ ਜਾ ਰਹੀਆਂ ਨੇ ਇਹਦੇ ਵਲ ਨੂੰ, ਮਾੜਾ ਜਿਹਾ ਦੇਖਦਾ ਹੈ ਤੇ ਰੋਟੀ ਉਡ ਕੇ ਚਲੀ ਜਾਂਦੀ ਹੈ, ਜਦੋਂ ਚਾਰ ਕੁ ਰਹਿ ਗਈਆਂ ਤਾਂ ਇਹਨੇ ਉੱਤੇ ਹੱਥ ਰੱਖ ਲਿਆ। ਕਹਿੰਦੇ ਕੀ ਗੱਲ ਧੰਨਿਆਂ! ਕਹਿੰਦਾ ਮਹਾਰਾਜ ਮੈਂ ਵੀ ਸਵੇਰ ਦਾ ਹੀ ਭੁੱਖਾ ਹਾਂ। ਮੇਰੇ ਜੋਗੀਆਂ ਛੱਡ ਦਿਓ। ਡੰਗਰ ਸਾਰੇ ਖੜ੍ਹੇ ਨੇ, ਪੱਠੇ ਵੱਢਣੇ ਨੇ, ਬਾਹਰ ਲੈ ਕੇ ਜਾਣੇ ਨੇ। ਕਹਿੰਦੇ, ਧੰਨਿਆਂ! ਤੂੰ ਇਸ ਗੱਲ ਦਾ ਫਿਕਰ ਨਾ ਕਰ। ਮੈਂ ਤੇਰੇ ਪਿਆਰ ਦੇ ਵਸ ਵਿੱਚ ਆ ਗਿਆ। ਸਭ ਦੁਨੀਆਂ ਮੇਰੇ ਵਸ ਵਿੱਚ ਹੈ, ਕਰੋੜਾਂ ਬ੍ਰਹਿਮੰਡ ਮੇਰੇ ਅੱਖ ਦੇ ਇਸ਼ਾਰੇ 'ਚ ਨੇ। ਜੇ ਮੈਂ ਇੱਕ ਫੁਰਨਾ ਕਰ ਦੇਵਾਂ ਸਾਰੇ ਖਤਮ ਹੋ ਜਾਣ, ਇੱਕ ਫੁਰਨਾ ਕਰ ਦੇਵਾਂ ਕਰੋੜਾਂ ਬ੍ਰਹਿਮੰਡ ਬਣ ਜਾਣ। ਪਰ ਮੈਨੂੰ ਕੋਈ ਪਿਆਰ ਨਹੀਂ ਕਰਦਾ, ਮੈਂ ਸਭ ਕੁਛ ਬਣਾਉਂਦਾ ਹਾਂ ਦੁਨੀਆਂ ਵਾਸਤੇ, ਪੁੱਤਰ ਧੀਆਂ ਸਿਹਤ, ਖਾਣਾ-ਪੀਣਾ ਠੰਢਾ ਪਾਣੀ, ਹਰੇਕ ਚੀਜ਼ ਹਵਾ ਦਿੰਦਾ ਹਾਂ। ਬਿਰਧ ਹੋ ਜਾਂਦਾ ਹੈ, ਪੁੱਤਰ ਦਿੰਦਾ ਹਾਂ ਸਾਂਭਣ ਵਾਸਤੇ। ਜੇ ਬੱਚਾ ਛੋਟਾ ਜਿਹਾ ਹੈ ਉਹਨੂੰ ਮਾਂ-ਬਾਪ ਦਿੰਦਾ ਹਾਂ, ਪਰ ਮੈਨੂੰ ਤਾਂ ਕੋਈ ਯਾਦ ਹੀ ਨਹੀਂ ਕਰਦਾ। ਮੇਰੀਆਂ ਦਿੱਤੀਆਂ ਹੋਈਆਂ ਚੀਜ਼ਾਂ ਦੇ ਨਾਲ ਪਰਚਿਆ ਰਹਿੰਦਾ ਹੈ। ਧੰਨਿਆਂ! ਮੈਂ ਵੀ ਪਿਆਰ ਦਾ ਭੁੱਖਾ ਹਾਂ, ਰੋਟੀ ਦਾ ਨਹੀਂ ਮੈਂ ਭੁੱਖਾ, ਰੋਟੀ ਦੇ ਇਕੱਲੇ-ਇਕੱਲੇ ਦਾਣੇ 'ਚ ਮੈਂ ਹੀ ਸਮਾਇਆ ਹੋਇਆ ਹਾਂ। ਹਰ ਥਾਂ ਦੇ ਵਿਚ ਮੈਂ ਹੀ ਹਾਂ, ਮੇਰੇ ਤੋਂ ਬਿਨਾਂ ਹੋਰ ਕੋਈ ਹੈ ਨਹੀਂ। ਪਰ ਮੈਂ ਪਿਆਰ ਭਾਲਦਾ ਫਿਰਦਾ ਹਾਂ, ਆਪਣੀ ਸ੍ਰਿਸ਼ਟੀ ਦੇ ਵਿਚੋਂ। ਤੂੰ ਮੈਨੂੰ ਪਿਆਰ ਕੀਤਾ ਹੈ। ਇਹ ਪ੍ਰਤੀਤ ਦੀ ਗੱਲ ਹੈ ਸਾਧਸੰਗਤ ਜੀ, ਭਰੋਸੇ ਦੀ। ਜੇ ਭਰੋਸਾ ਨਾ ਹੋਵੇ, ਫੇਰ ਸਿੱਖੀ ਧਾਰਨ ਕਰੀ ਹੋਈ ਹੈ। ਮਹਾਰਾਜ ਕਹਿੰਦੇ, ਉਹ ਜਿਹੜੀ ਸਿੱਖੀ ਹੈ ਨਾ, ਭਰੋਸੇ ਤੋਂ ਬਗੈਰ, ਉਹ ਸਫਲ ਨਹੀਂ ਹੋਇਆ ਕਰਦੀ, ਜੇ ਪਰਤੀਤ ਨਹੀਂ ਹੈ, ਮਹਾਰਾਜ ਕਹਿੰਦੇ ਫੇਰ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਭਾਵੇਂ ਸੌ ਵਾਰੀ ਆਵੇ, ਸੌ ਵਾਰੀ ਆ ਕੇ ਮੱਥੇ ਟੇਕੀ ਜਾਵੇ, ਜਦ ਪ੍ਰਤੀਤ ਹੀ ਨਹੀਂ -

ਜੋ ਬਿਨੁ ਪਰਤੀਤੀ ਕਪਟੀ
ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥
ਅੰਗ - ੭੩੪

ਗੁਰੂ ਮਹਾਰਾਜ, ਗੁਰੂ ਅੰਗਦ ਸਾਹਿਬ ਮਹਾਰਾਜ, ਆਪ ਆਪਣੇ ਪਿਛਲੇ ਨਗਰ ਨਾਂਗੇ ਦੀ ਸਰਾਏਂ ਜੋ ਹਰੀ ਕੇ ਦੇ ਨਾਲ ਸੀ, ਉਥੇ ਆਉਂਦੇ ਨੇ ਤੇ ਜਦੋਂ ਉਨ੍ਹਾਂ ਪਿੰਡ ਵਾਸੀਆਂ ਨੂੰ ਪਤਾ ਲੱਗਿਆ ਕਿ ਲਹਿਣਾ ਜੀ ਆਏ, ਨਾਲ ਇਹ ਵੀ ਪਤਾ ਲੱਗਿਆ ਕਿ ਗੁਰੂ ਨਾਨਕ ਪਾਤਸ਼ਾਹ ਦੀ ਕ੍ਰਿਪਾ ਇਹਨਾਂ 'ਤੇ ਹੋ ਗਈ ਹੈ ਤੇ ਬਹੁਤ ਵੱਡੀ ਪਦਵੀ ਪ੍ਰਾਪਤ ਇਨ੍ਹਾਂ ਨੇ ਕੀਤੀ ਹੋਈ ਹੈ, ਓਸ ਵੇਲੇ ਪਿੰਡ ਦੇ ਲੋਕ, ਬੀਬੀਆਂ ਬੱਚੇ ਇਕ ਦਮ ਧਾਈ ਕਰਕੇ ਦਰਸ਼ਨਾਂ ਨੂੰ ਚੱਲ ਪਏ, ਭੇਟਾ ਲਿਆ-ਲਿਆ ਰੱਖੀ ਜਾਂਦੇ ਨੇ। ਦੀਵਾਨ ਲਗ ਗਿਆ, ਸੰਗਤ ਬੈਠੀ ਹੈ, ਫਰਸ਼ ਵਿਛ ਗਏ, ਮਹਾਰਾਜ ਵਾਸਤੇ ਇੱਕ ਪਲੰਘ ਵਿਛਿਆ ਹੋਇਆ ਹੈ ਤੇ ਉਥੇ ਦੇ ਚੌਧਰੀ ਨੇ ਗੱਲ ਜਦੋਂ ਸੁਣੀ, ਕਹਿਣ ਲੱਗਿਆ ਕਿ ਠੀਕ ਹੈ, ਫੇਰ ਸਾਨੂੰ ਵੀ ਦਰਸ਼ਨ ਕਰਨ ਜਾਣਾ ਚਾਹੀਦਾ ਹੈ ਤੇ ਐਡੇ ਵੱਡੇ ਮਹਾਂਪੁਰਸ਼ ਨੇ ਤਾਂ ਦਰਸ਼ਨ ਤਾਂ ਜ਼ਰੂਰ ਕਰਨੇ ਚਾਹੀਦੇ ਨੇ, ਫੇਰ ਮੇਰੇ ਪਿੰਡ ਵਿਚੋਂ ਨੇ, ਇਨ੍ਹਾਂ ਦਾ ਪਿਤਾ ਮੇਰੇ ਕੋਲ ਮੈਨੇਜਰ ਲੱਗਿਆ ਹੋਇਆ ਸੀ। ਦਰਸ਼ਨ ਕਰਨ ਆਉਂਦਾ ਹੈ, ਪਹਿਲਾਂ ਸੁਨੇਹਾ ਭੇਜ ਦਿੱਤਾ। ਕਹਿੰਦਾ ਕਹਿ ਦਿਓ ਲਹਿਣਾ ਜੀ ਨੂੰ ਕਿ ਚੌਧਰੀ ਆ ਰਿਹਾ ਹੈ ਅੱਜ, ਆਪ ਆ ਰਿਹਾ ਹੈ, ਬੁਲਾਉਣਾ ਤਾਂ ਤੁਹਾਨੂੰ ਸੀ ਉਥੇ। ਲੇਕਿਨ ਆਪ ਆ ਰਿਹਾ, ਮਹਾਰਾਜ ਨੇ ਦੇਖ ਲਿਆ ਕਿ ਮਾਣ ਦਾ ਭਰਿਆ ਹੋਇਆ ਸੁਨੇਹਾ ਦਿੱਤਾ ਹੈ। ਇਹ ਜਗਿਆਸੂ ਹੋ ਕੇ ਨਹੀਂ ਆ ਰਿਹਾ, ਪਰਤੀਤ ਨਹੀਂ ਇਹਦੇ ਹਿਰਦੇ ਦੇ ਅੰਦਰ, ਮਾਣ ਲੈ ਕੇ ਨਾਲ ਆ ਰਿਹਾ ਹੈ। ਮਹਾਰਾਜ ਕਹਿੰਦੇ ਐਉਂ ਕਰੋ ਪ੍ਰੇਮੀਓ! ਇਹਨੇ ਭੁੰਝੇ ਤਾਂ ਬੈਠਣਾ ਨਹੀਂ ਹੈ। ਆਹ ਇੱਕ ਪਗੂੰੜਾ ਡਾਹ ਦਿਓ ਇਥੇ, ਉਹਦੇ ਉੱਤੇ ਬਹਿ ਜਾਏਗਾ। ਉੱਤੇ ਕਪੜਾ ਵਿਛਾ ਦਿਓ, ਚੌਧਰੀ ਹੈਂਕੜਬਾਜ਼ ਹੈ, ਘਰੋੜੇ 'ਤੇ ਨਹੀਂ ਬੈਠਣਾ ਇਸਨੇ। ਬਿਸਤਰਾ ਵਿਛਾ ਦਿੱਤਾ, ਮਹਾਰਾਜ ਦਾ ਪਲੰਘ ਲੱਗਿਆ ਹੋਇਆ ਹੈ, ਇਹ ਜਿਸ ਵਕਤ ਗਿਆ, ਨਾ ਤਾਂ ਇਹਨੇ ਨਮਸ਼ਕਾਰ ਕਰੀ, ਦੱਸ ਵੀਹ ਬੰਦੇ ਨਾਲ ਲਏ ਹੋਏ ਨੇ ਤੇ ਗਰਦਨ ਉਪਰ ਨੂੰ ਚੁੱਕੀ ਹੋਈ ਹੈ। ਆਕੜਿਆ ਹੋਇਆ ਤੁਰਿਆ ਆਉਂਦਾ ਹੈ ਤੇ ਸੇਵਾਦਾਰ ਨੇ ਕਿਹਾ ਕਿ ਚੌਧਰੀ ਜੀ! ਇੱਥੇ ਬਹਿ ਜਾਓ ਤੁਸੀਂ। ਪੰਗੂੜੇ ਵਲ ਦੇਖਿਆ, ਝਾਕਿਆ ਹੀ ਨਾ, ਕਹਿੰਦਾ ਇਸ 'ਤੇ ਮੈਂ ਬਹਿ ਜਾ? ਇਹ ਲਹਿਣਾ ਉਪਰ ਬੈਠਾ ਹੈ ਤੇ ਮੈਂ ਥੱਲੇ ਬਹਿ ਜਾਵਾ? ਜਾ ਕੇ ਸਿੱਧਾ ਹੀ ਗੁਰੂ ਮਹਾਰਾਜ ਦੇ ਸਰ੍ਹਾਣੇ ਵਲ ਬਹਿ ਗਿਆ। ਹੇਠਾਂ ਨਹੀਂ ਬੈਠਿਆ, ਮਹਾਰਾਜ ਚੁੱਪ ਰਹੇ।

ਜਾਇ ਸਿਰ੍ਹਾਨੇ ਕੀ ਦਿਸ਼ ਬੈਠਾ।
ਸਰਦਾਰੀ ਕੇ ਮਾਨ ਅਮੈਠਾ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੬੩

ਮਾਣ ਦਾ ਮੱਤਿਆ ਹੋਇਆ ਜਾ ਕੇ ਸਰ੍ਹਾਣੇ ਵਲ ਬਹਿ ਗਿਆ।

ਮੂਰਖ ਨਹਿਂ ਜਾਨੀ ਬਡਿਆਈ।
ਮੈਂ ਸਰਦਾਰ-ਲਖਹਿ ਗਰਬਾਈ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੬੩

ਮੈਂ ਐਨੇ ਪਿੰਡਾਂ ਦਾ ਮਾਲਕ ਹਾਂ, ਪਰ ਗੁਰੂ ਦੀ ਵਡਿਆਈ ਨੂੰ ਨਹੀਂ ਸੀ ਜਾਣਦਾ। ਭਰੋਸਾ ਨਹੀਂ ਸੀ, ਪਰਤੀਤ ਨਹੀਂ ਸੀ ਕੋਈ ਵੀ, ਸਰ੍ਹਾਣੇ ਵਲ ਜਾ ਕੇ ਬਹਿ ਗਿਆ, ਮਹਾਰਾਜ ਚੁੱਪ ਰਹੇ, ਕੋਈ ਬਚਨ ਨਹੀਂ ਕਰਿਆ ਆਪ ਨੇ, ਅਭਿਮਾਨ ਦੇ ਨਾਲ ਬੈਠਾ ਰਿਹਾ। ਬੜਾ ਹੋਰ ਹੀ ਤਰ੍ਹਾਂ ਦਾ ਚਿਹਰਾ ਹੋਇਆ ਪਿਆ ਹੈ, ਕਿ ਮੈਨੂੰ ਕਹਿਣ। ਲੇਕਿਨ ਥੋੜ੍ਹੀ ਦੇਰ ਤੋਂ ਬਾਅਦ ਮਹਾਰਾਜ ਨੇ ਸੁਖ-ਸਾਂਦ ਪੁੱਛੀ ਉਸ ਤੋਂ ਬਾਅਦ ਤੁਰ ਆਇਆ ਤੇ ਪਿੱਛੋਂ ਜਿਸ ਵਕਤ ਸਿੱਖਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਦੇਖੋ ਸਾਰਾ ਸੰਸਾਰ ਤੁਹਾਡੀ ਵਡਿਆਈ ਕਰਦਾ ਹੈ। ਗੁਰੂ ਨਾਨਕ ਤਾਂ ਆਪ ਪ੍ਰਮੇਸ਼ਰ ਸੀ, ਪ੍ਰਮੇਸ਼ਰ ਦੀ ਥਾਂ 'ਤੇ ਹੁਣ ਤੁਸੀਂ ਪ੍ਰਮੇਸ਼ਰ ਬਣੇ ਓਂ ਤੇ ਆਹ ਚੌਧਰੀ ਕਿਹੋ ਜਿਹਾ ਸੀ। ਆਇਆ ਸੀ ਦਰਸ਼ਨ ਕਰਨ ਵਾਸਤੇ, ਪਰ ਦੇਖੋ ਕਿੰਨਾ ਅਭਿਮਾਨ ਹੈ। ਮਹਾਰਾਜ ਕਹਿੰਦੇ, ਪ੍ਰੇਮੀਓਂ! ਇੱਕ ਦਰਖਤ ਹੁੰਦਾ ਹੈ ਸਿੰਮਲ, ਇੱਕ ਹੁੰਦਾ ਹੈ ਮਨ ਦੇ ਪਿੱਛੇ ਲਗਣ ਵਾਲਾ ਉਹਨੂੰ ਮਨਮੁਖ ਕਹਿੰਦੇ ਨੇ। ਇਹ ਦੋਵੇਂ ਜਿਹੜੇ ਨੇ ਇਨ੍ਹਾਂ ਨੂੰ ਫਲ ਨਹੀਂ ਪਿਆ ਕਰਦਾ -

ਧਾਰਨਾ - ਖਾਲੀ ਰਹਿ ਜਾਂਦੇ ਨੇ,
ਮਨਮੁਖ ਤੇ ਸਿੰਮਲ ਭਾਈ।

ਸਿੰਮਲ ਰੁਖੁ ਸਰਾਇਰਾ
ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ
ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ
ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀ ਨਾਨਕਾ
ਗੁਣ ਚੰਗਿਆਈਆ ਤਤੁ ॥
ਸਭੁ ਕੋ ਨਿਵੈ ਆਪ ਕਉ
ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ
ਸੁ ਗਉਰਾ ਹੋਇ ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ ॥ ਅੰਗ - ੪੭੦

ਸੁਨਿ ਸ਼੍ਰੀ ਅੰਗਦ ਸਹਿਜ ਸੁਭਾਇ।
ਬਾਕ ਬਖਾਨਯੋ ਸਭਿਨਿ ਸੁਨਾਇ।
ਪਲੰਘ ਪੰਘੁਰਾ ਕਛੂ ਨ ਰਹਯੋ।
ਅਬਿ ਤੇ ਇਨ ਕੇ ਸਭਿ ਕਿਛੇ ਦਹਯੋ।
ਕਰਨਿ ਬਿਅਦਬੀ ਬਡਿਅਨਿ ਕੇਰੀ।
ਨਾਸ਼ ਦੇਤਿ ਕਰਿ ਬਡਿਹੁਂ ਬਡੇਰੀ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੬੨

ਮਹਾਰਾਜ ਕਹਿੰਦੇ ਪ੍ਰੇਮੀਓ! ਸਿੰਮਲ ਰੁੱਖ ਫਲਿਆ ਹੋਇਆ ਬਹੁਤ ਹੁੰਦਾ ਹੈ, ਪਰ ਉਹਦੇ ਵਿੱਚ ਕੁਛ ਨਹੀਂ, ਖਾਲੀ ਹੋਇਆ ਕਰਦਾ ਹੈ। ਏਸੇ ਤਰ੍ਹਾਂ ਜਿਹੜਾ ਵੱਡਿਆਂ ਦੀ ਬੇਅਦਬੀ ਕਰਦਾ ਹੈ, ਪਲੰਘ ਪਘੂੰੜਾ ਇਹਦਾ ਕੁਛ ਵੀ ਨਹੀਂ ਰਹਿਣਾ। ਬਚਨ ਕਰ ਦਿੱਤਾ ਮਹਾਰਾਜ ਨੇ ਸਹਿਜ ਸੁਭਾਅ ਕਿ ਨਾ ਪਲੰਘ ਰਹਿਣਾ ਹੈ ਨਾ ਪਘੂੰੜਾ ਰਹਿਣਾ ਹੈ, ਕਿਉਂਕਿ ਵੱਡਿਆਂ ਦੀ ਜੋ ਬੇਅਦਬੀ ਕਰਦਾ ਹੈ, ਉਹਦੀ ਸੰਪੱਤੀ ਨਾਸ ਹੋ ਜਾਇਆ ਕਰਦੀ ਹੈ। ਚਲਿਆ ਗਿਆ, ਏਸੇ ਤਰ੍ਹਾਂ ਦੇ ਨਾਲ ਖਤਮ ਹੋ ਗਿਆ ਥੋੜ੍ਹੀ ਦੇਰ ਤੋਂ ਬਾਅਦ।

ਗੁਰੂ ਅੰਗਦ ਸਾਹਿਬ ਜਿਸ ਥਾਂ 'ਤੇ ਰਹਿੰਦੇ ਸੀ, ਖਡੂਰ ਸਾਹਿਬ ਉਥੇ ਵੀ ਇੱਕ ਚੌਧਰੀ ਸੀ ਬੇਪਰਤੀਤਾ, ਉਹਦਾ ਨਾਉਂ ਸੀ ਮਲੂਕਾ ਚੌਧਰੀ, ਗੁਰੂ ਮਹਾਰਾਜ ਦੀ ਮਹਿਮਾ ਸੁਣੀ ਕਿ ਬੇਅੰਤ ਸੰਗਤ ਇੱਥੇ ਆਉਂਦੀ ਹੈ ਤੇ ਵੱਡੇ ਬੀਮਾਰ ਰਾਜ਼ੀ ਹੋ ਕੇ ਜਾਂਦੇ ਨੇ, ਆ ਕੇ ਚਰਨੀਂ ਢਹਿ ਪਿਆ, ਪਾਤਸ਼ਾਹ! ਮੈਨੂੰ ਬਚਾਓ, ਤੁਹਾਡੀ ਮਹਿਮਾ ਬਹੁਤ ਵੱਡੀ ਹੈ ਤੇ ਮੈਨੂੰ ਮਿਰਗੀ ਨੇ ਬਹੁਤ ਤੰਗ ਕਰਿਆ ਹੋਇਆ ਹੈ, ਮਹਾਰਾਜ ਕਹਿੰਦੇ ਚੌਧਰੀ ਸ਼ਰਾਬ ਪੀਣੀ ਤੂੰ ਛੱਡ ਦੇ, ਮਿਰਗੀ ਹਟ ਜਾਏਗੀ। ਬਚਨ ਮੰਨ ਲਿਆ, ਅੱਠ ਸਾਲ ਲੰਘ ਗਏ, ਮਿਰਗੀ ਹਟ ਗਈ, ਸ਼ਰਧਾ ਅੰਦਰ ਆਈ ਨਹੀਂ ਭਰੋਸਾ ਹੈ ਨਹੀਂ। ਕਹਿਣ ਲੱਗਿਆ, ਮਿਰਗੀ ਕਿਤੇ ਇਨ੍ਹਾਂ ਨੇ ਹਟਾਈ ਹੈ, ਮੇਰੀ ਆਪੇ ਹੀ ਹਟ ਗਈ ਸੀ। ਇਨ੍ਹਾਂ ਨੇ ਥੋੜ੍ਹਾ ਹਟਾਈ ਹੈ, ਇਨ੍ਹਾਂ ਨੇ ਦਵਾਈ ਹੀ ਨਹੀਂ ਮੈਨੂੰ ਦਿੱਤੀ ਕੋਈ। ਦੱਸੋ, ਸਿਆਣੇ ਬੰਦੇ ਓਂ ਤੁਸੀਂ ਕਿ ਬਿਨਾਂ ਦਵਾਈ ਤੋਂ ਵੀ ਕਦੇ ਕੋਈ ਬਿਮਾਰੀ ਹਟਦੀ ਹੈ। ਦਲੀਲਾਂ ਦੇਣ ਲਗ ਗਿਆ, ਅੱਜ ਗੁਰੂ ਅੰਗਦ ਸਾਹਿਬ ਹੇਠਾਂ ਬੈਠੇ ਨੇ, ਵਿਹੜੇ 'ਚ। ਸੰਗਤਾਂ ਆਈਆਂ ਹੋਈਆਂ ਨੇ, ਬਚਨ ਬਿਲਾਸ ਚੱਲ ਰਹੇ ਨੇ। ਉਸ ਵੇਲੇ ਚੁਬਾਰੇ 'ਤੇ ਬੈਠਾ ਹੈ, ਬੱਦਲ ਹੋਏ-ਹੋਏ ਨੇ, ਸਾਉਣ ਦਾ ਮਹੀਨਾ ਹੈ, ਮਾੜੀ-ਮਾੜੀ ਕਣੀ ਪੈ ਰਹੀ ਹੈ। ਨੌਕਰ ਨੂੰ ਕਹਿੰਦਾ ਜਾਹ, ਸ਼ਰਾਬ ਲੈ ਆ, ਕਹਿੰਦਾ ਤੁਹਾਨੂੰ ਤਾਂ ਮਨ੍ਹਾਂ ਕਰੀ ਹੋਈ ਸੀ। ਕਹਿੰਦਾ ਛੱਡ ਪਰ੍ਹੇ, ਆਹ ਕੋਈ ਗੱਲ ਹੁੰਦੀ ਹੈ? ਸ਼ਰਾਬ ਦੀ ਬੋਤਲ ਆ ਗਈ ਤੇ ਪੀਣੀ ਸ਼ੁਰੂ ਕਰ ਦਿੱਤੀ। ਗੁਰੂ ਅੰਗਦ ਸਾਹਿਬ ਵਲ ਨੂੰ, ਜਿਧਰ ਬੈਠੇ ਸੀ ਉਸ ਬਨ੍ਹੇਰੇ ਵਲ ਨੂੰ ਆ ਗਿਆ, ਉੱਚੀ-ਉੱਚੀ ਹਾਕਾਂ ਮਾਰਨ ਲਗ ਗਿਆ, ਕਹਿੰਦਾ ਓ ਤਪੇ! ਓ ਤਪੇ! ਕਹਿੰਦਾ -

ਤਪਾ! ਹਟਾਯੋ ਹੁਕਮ ਤੁਮਾਰਾ।
ਬੂੰਦੈਂ ਬਰਖਤਿ, ਬਡੀ ਬਹਾਰਾ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੬੪

ਕਹਿੰਦਾ, ਦੇਖ ਕਿੰਨਾ ਵਧੀਆ ਮੀਂਹ ਪੈ ਰਿਹਾ ਹੈ, ਮਾੜੀਆਂ-ਮਾੜੀਆਂ ਕਣੀਆਂ ਪੈ ਰਹੀਆਂ ਨੇ ਤੇ ਦੇਖ ਉਹ ਕਿੰਨੀ ਵੱਡੀ ਬਹਾਰ ਹੈ, ਅੱਜ ਕਹਿੰਦੇ -

ਰਹਯੋ ਨ ਜਾਹਿ ਮੋਹਿ ਤੇ ਕੈਸੇ।

ਪਾਵਤਿ ਅਤਿ ਪ੍ਰਮੋਦ ਮੈਂ ਐਸੇ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੬੩

ਮਹਾਰਾਜ ਜੀ ਉਪਰ ਨੂੰ ਦੇਖੇ, ਕਹਿੰਦਾ ਮੈਂ ਪੀ ਲਈ ਫੇਰ। ਮਹਾਰਾਜ ਜੀ ਨੇ ਹੱਥ ਉਪਰ ਨੂੰ ਕਰ ਦਿੱਤਾ ਕਿ ਲੈ ਫੇਰ ਮਿਰਗੀ ਵੀ ਆਈ। ਉਥੇ ਹੀ ਮਿਰਗੀ ਪੈ ਗਈ, ਗਰਦਨ ਭਰਨੇ ਥੱਲੇ ਆਇਆ। ਪੈ ਗਈ ਨਾ ਮਹਿੰਗੀ ਸਿੱਖੀ, ਬਿਨਾਂ ਪਰਤੀਤ ਤੋਂ। ਇੱਕ ਹੋਰ ਮਿਸਾਲ ਹੈ, ਮਾਣਾ ਸਿੰਘ ਸੀਗਾ, ਗੁਰੂ ਅੰਗਦ ਸਾਹਿਬ ਦੇ ਦਰਬਾਰ 'ਚ, ਮਹਾਰਾਜ ਜੀ ਦਾ ਗੋਤੀ ਸੀ। ਆਹ ਗੋਤ ਵੀ ਬੜੀ ਬੀਮਾਰੀ ਹੁੰਦੀ ਹੈ। ਭਾਈਚਾਰਾ ਵੀ ਬੜੀ ਬੀਮਾਰੀ ਹੁੰਦੀ ਹੈ, ਇਨ੍ਹਾਂ ਨੂੰ ਕਦੇ ਨਹੀਂ ਸ਼ਰਧਾ ਆਉਂਦੀ। ਐਸੀਆਂ ਗੁਰੂ ਘਰ 'ਚ ਬੇਅੰਤ ਮਿਸਾਲਾਂ ਨੇ। ਜਿੱਥੇ ਭਾਈਚਾਰੇ ਨੇ, ਉੱਥੇ ਗੁਰੂਆਂ ਨੂੰ ਵੀ ਆ ਕੇ ਉਨ੍ਹਾਂ ਨੇ ਤੰਗ ਕਰਿਆ ਹੈ। ਸਮਝਦੇ ਹੀ ਨਹੀਂ, ਕਹਿੰਦੇ ਸਾਡੇ ਪਿੰਡ ਦਾ ਹੈ ਇਹ ਤਾਂ। ਦੂਜਾ ਕਹਿੰਦਾ ਹੈ ਕਿ ਇਹ ਤਾਂ ਮੇਰਾ ਹੀ ਭਾਈਚਾਰਾ ਹੈ। ਇੱਕ ਜਿਹੜੇ ਮਿੱਤਰ ਹੁੰਦੇ ਨੇ ਬਚਪਨ ਦੇ, ਉਹ ਕਹਿੰਦੇ ਨੇ ਕਿ ਇਹ ਤਾਂ ਸਾਡੇ ਨਾਲ ਹੀ ਫਿਰਦਾ ਹੁੰਦਾ ਸੀ। ਇੱਕ ਮਾਂ-ਬਾਪ ਨੂੰ ਸ਼ਰਧਾ ਨਹੀਂ ਆਉਂਦੀ, ਇੱਕ ਭਰਾਵਾਂ ਨੂੰ ਨਹੀਂ ਆਉਂਦੀ, ਇੱਕ ਪੁੱਤਰਾਂ ਨੂੰ ਨਹੀਂ ਆਉਂਦੀ, ਇਨ੍ਹਾਂ ਨੂੰ ਸ਼ਰਧਾ ਨਹੀਂ ਆਇਆ ਕਰਦੀ ਕਦੇ ਵੀ ਕਿੱਡਾ ਹੀ ਵੱਡਾ ਕਿਉਂ ਨਾ ਹੋ ਜਾਵੇ, ਪਿੱਛੋਂ ਤਾਂ ਲੋਕਾਂ ਤੋਂ ਸੁਣ-ਸੁਣ ਕੇ ਗੱਲਾਂ ਕਰੀ ਜਾਣਗੇ, ਅੰਦਰ ਨਹੀਂ ਆਏਗਾ ਕਦੇ। ਕੋਈ ਵਿਰਲਾ ਹੈ ਜਿਸਦੇ ਅੰਦਰ ਸ਼ਰਧਾ ਆ ਜਾਏ।

ਇਹ ਆ ਗਿਆ, ਆ ਕੇ ਰਹਿਣ ਲੱਗ ਗਿਆ ਮਹਾਰਾਜ ਕੋਲ ਖਡੂਰ ਸਾਹਿਬ; ਸੇਵਾ ਕੋਈ ਨਾ ਕਰਿਆ ਕਰੇ। ਜੇ ਕੋਈ ਪੁੱਛੇ ਤਾਂ ਕਹਿ ਦਿਆ ਕਰੇ ਕਿ ਮੇਰਾ ਗੋਤੀ ਹੈ ਗੁਰੂ ਸਾਹਿਬ। ਸਾਡਾ ਦੋਹਾਂ ਦਾ ਇੱਕੋ ਹੀ ਗੋਤ ਹੈ, ਭਾਈਚਾਰਾ ਹੈ, ਮੇਰੇ ਤਾਂ ਇਹ ਭਰਾ ਲਗਦੇ ਨੇ। ਚੁੱਪ ਕਰ ਰਿਹਾ ਕਰਨ ਸਿੱਖ।

ਇੱਕ ਦਿਨ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਮਹਾਰਾਜ! ਆਹ ਜਿਹੜਾ ਭਾਈ ਮ੍ਹਾਣਾ ਹੈ ਨਾ ਇਹ ਸੇਵਾ ਨਹੀਂ ਕਰਦਾ। ਕੁਛ ਨਹੀਂ ਕਰਦਾ। ਉਨ੍ਹਾਂ ਨੇ ਕਿਹਾ ਕਿ ਦੇਖ ਭਾਈ ਮ੍ਹਾਣਾ! ਗੁਰੂ ਘਰ ਹੈ ਇਹ, ਇੱਥੇ ਥਾਂ-ਥਾਂ ਤੋਂ ਦਾਣਾ-ਦਾਣਾ ਇਕੱਠਾ ਹੁੰਦਾ ਹੈ, ਪੈਸਾ-ਪੈਸਾ ਇਕੱਠਾ ਹੁੰਦਾ ਹੈ ਭਾਵਨਾ ਦੇ ਨਾਲ, ਸ਼ਰਧਾ ਦੇ ਨਾਲ ਆਉਂਦਾ ਹੈ ਇਹ ਤਾਂ ਸਫਲ ਹੁੰਦਾ ਹੈ ਜੇ ਖਾਣ ਵਾਲੇ ਬੰਦਗੀ ਕਰਨ, ਸੇਵਾ ਕਰਨ, ਤਾਂ ਉਹਦਾ ਫਲ ਉਨ੍ਹਾਂ ਵੀ ਮਿਲਦਾ ਹੈ ਤੇ ਜੇ ਨਾ ਕਰਨ ਉਨ੍ਹਾਂ ਨੂੰ ਤਾਂ ਫਲ ਮਿਲ ਹੀ ਜਾਏਗਾ। ਪਰ ਖਾਣ ਵਾਲਿਆਂ ਨੂੰ ਜਿਹੜਾ ਹੈ ਉਹਨੂੰ ਜ਼ਹਿਰ ਹੋ ਕੇ ਲੱਗੇਗਾ। ਜਿਹੋ ਜਿਹੀ ਜ਼ਹਿਰ ਖਾ ਲਈ, ਉਹੋ ਜਿਹਾ ਪੂਜਾ ਦਾ ਧਾਨ ਖਾ ਲਿਆ।

ਧਰਮਾਸਾਲਾ ਦੀਆਂ ਰੋਟੀਆ ਤਿੰਨ ਕੰਮ ਕਰੇਨਿ,
ਮਤ ਮਾਰਨ, ਹੱਡ ਗਾਲਨ,
ਭਜਨ ਕਰਨ ਨ ਦੇਨਿ।

ਜੇ ਸੇਵਾ ਨਹੀ ਕਰੇਗਾ, ਨਾਮ ਨਹੀਂ ਜਪੇਗਾ, ਫੇਰ ਨਹੀਂ ਕੱਖ ਵੀ ਬਣਦਾ, ਨਾਲੇ ਤਾਂ ਬੀਮਾਰ ਰਹੇਗਾ, ਰੋਜ਼ ਡਾਕਟਰਾਂ ਕੋਲ ਜਾਏਗਾ। ਮੱਤ ਮਾਰੀ ਜਾਏਗੀ, ਉਲਟੀਆਂ ਗੱਲਾਂ ਸੋਚੇਗਾ। ਬੇਅਦਬੀਆਂ ਕਰੇਗਾ, ਬੇਅੰਤ ਕਿਸਮ ਦੇ ਔਗੁਣ ਉਸ ਵਿੱਚ ਪੈਦਾ ਹੋ ਜਾਣਗੇ। ਕਿਰਮ ਬਣ ਕੇ ਉਸ ਅੰਦਰ ਪੈ ਜਾਣਗੇ। ਫੇਰ ਭਜਨ 'ਚ ਉਹਦਾ ਚਿੱਤ ਲੱਗਣਾ ਹੀ ਨਹੀਂ ਜਾਂ ਸੌਂ ਜਾਏਗਾ, ਜਾਂ ਲੱਗਣਾ ਹੀ ਨਹੀਂ ਹੈ, ਔਖਾ ਹੋ ਜਾਏਗਾ। ਉਹ ਕਹਿੰਦੇ ਦੇਖ ਤੂੰ ਸੇਵਾ ਕਰਿਆ ਕਰ। ਕਹਿੰਦਾ ਬਾਬਾ! ਤੈਨੂੰ ਪਤਾ ਹੈ ਗੁਰੂ ਸਾਹਿਬ ਮੇਰਾ ਭਾਈਚਾਰਾ ਹੈ, ਤੂੰ ਮੈਨੂੰ ਕੀ ਕਹਿ ਸਕਦਾ ਹੈਂ, ਮੈਨੂੰ ਉਹ ਕਹਿਣ। ਇੱਕ ਗੁਰੂ ਮਹਾਰਾਜ ਕੋਲ ਕਹਿਣ ਲੱਗਿਆ, ਕਹਿੰਦਾ, ਮਹਾਰਾਜ ਮੈਨੂੰ ਇਹ ਸੇਵਾ ਨੂੰ ਕਹੀ ਜਾਂਦੇ ਨੇ, ਤੁਸੀਂ ਕਹੋ ਮੈਨੂੰ ਕਿ ਕੀ ਸੇਵਾ ਕਰਾਂ। ਮਹਾਰਾਜ ਕਹਿੰਦੇ, ਕਰੇਂਗਾ? ਕਹਿੰਦਾ ਹਾਂ। ਕਹਿੰਦੇ, ਜੰਗਲ 'ਚ ਚਲਿਆ ਜਾਹ, ਉਥੇ ਚਿਖਾ ਜਾਲ ਕੇ ਵਿੱਚ ਮਾਰ ਛਾਲ। ਹੁਕਮ ਮੰਨ ਕੇ ਚਲਿਆ ਗਿਆ ਤੇ ਜਦੋਂ ਅੱਗ ਜਾਲ ਲਈ, ਚਿਖਾ ਜਲਣ ਲੱਗੀ, ਆਲੇ-ਦੁਆਲੇ ਗੇੜੇ ਕੱਢੀ ਜਾਂਦਾ ਹੈ। ਇੰਨੇ ਨੂੰ ਇੱਕ ਚੋਰ ਰਾਜੇ ਦੀ ਚੋਰੀ ਕਰਕੇ ਆ ਰਿਹਾ ਸੀ, ਥੈਲਾ ਭਰਿਆ ਪਿਆ ਸੀ ਗਹਿਣਿਆਂ ਦਾ।

ਉਹ ਕਹਿੰਦਾ ਕੋਈ ਮਰ ਗਿਆ ਇਥੇ?

ਕਹਿੰਦਾ, ਨਾ।

ਕਹਿੰਦੇ, ਫੇਰ ਤੂੰ ਅੱਗ ਕਿਉਂ ਲਾਈ ਹੈ ਚਿਖਾ ਨੂੰ? ਤੂੰ ਗੇੜੇ ਕਿਉਂ ਕੱਢਦਾ ਹੈਂ?

ਉਹ ਕਹਿੰਦਾ ਮੈਂ ਕਾਹਦਾ ਦੱਸਾਂ? ਕਹਿੰਦਾ, ਚਾਰ ਕੁ ਦਿਨ ਰੋਟੀਆਂ ਤਾਂ ਖਾ ਲਈਆਂ ਗੁਰੂ ਕੋਲ ਜਾ ਕੇ ਤੇ ਮੈਂ ਪੁੱਛਿਆ ਕਿ ਕੋਈ ਸੇਵਾ ਦੱਸੋ। ਮੈਨੂੰ ਕਹਿੰਦੇ ਕਿ ਉਥੇ ਚਿਖਾ ਜਾਲ ਕੇ ਮਰ ਜਾ। ਕਹਿੰਦਾ, ਦੋ ਦਿਨ ਰੋਟੀਆਂ ਖਾਣ ਦੀ ਸਜ਼ਾ ਦੇ ਦਿੱਤੀ ਗੁਰੂ ਨੇ।

ਉਹ ਕਹਿੰਦਾ, ਨਾ ਓਏ, ਭੋਲਿਆ! ਅਸੀਂ ਚੋਰੀਆਂ ਕਰਨ ਵਾਲੇ ਹਾਂ, ਗੁਰੂ ਤਾਂ ਸਮਰੱਥ ਪੁਰਸ਼ ਹੋਇਆ ਕਰਦੇ ਨੇ, ਅਸੀਂ ਵੀ ਇਨ੍ਹਾਂ ਦੀ ਸੁਖਣਾ ਸੁੱਖ ਕੇ ਹੀ ਜਾਂਦੇ ਹਾਂ।

ਕਹਿੰਦਾ, ਵੇਚ ਦੇ ਫੇਰ ਮੈਨੂੰ ਜਿਹੜਾ ਤੇਰਾ ਆਹ ਬਚਨ ਹੈ?

ਕਹਿੰਦਾ ਕੀ ਦੇ ਦਏਂਗਾ ਇਹਦੇ ਬਦਲੇ?

ਕਹਿੰਦਾ, ਆਹ ਦੇਖ ਥੈਲਾ ਗਹਿਣਿਆਂ ਨਾਲ ਭਰਿਆ ਪਿਆ ਹੈ, ਪੂਰੀ ਉਮਰ ਜੋਗਾ ਬਹੁਤ ਹੈ। ਕਹਿੰਦਾ ਲਿਆ ਫੇਰ।

ਉਹਨੇ ਥੈਲਾ ਲੈ ਲਿਆ ਤੇ ਇਹਨੇ ਉਹਦੇ ਸਾਮ੍ਹਣੇ ਹੀ ਛਾਲ ਮਾਰੀ। ਛਾਲ ਮਾਰੀ ਤਾਂ ਕੀ ਦੇਖਦਾ ਹੈ, ਵਿਮਾਨ ਆ ਗਏ, ਦੇਵਤੇ ਆ ਗਏ ਤੇ ਜੈ-ਜੈਕਾਰ ਹੋਣ ਲੱਗ ਗਈ ਕਿ ਇਹਨੇ ਗੁਰੂ ਦਾ ਬਚਨ ਖਰੀਦ ਲਿਆ। ਗੁਰੂ ਦੇ ਬਚਨ ਦੇ ਉੱਤੇ ਜਾਨ ਦਿੱਤੀ ਹੈ ਇਹਨੇ। ਵਿਮਾਨਾਂ 'ਚ ਚੜ੍ਹ ਕੇ ਚਲਿਆ ਗਿਆ।

ਜਦੋਂ ਇਹ ਪਿੰਡ ਚਲਿਆ ਗਿਆ ਮ੍ਹਾਣਾ, ਉਥੇ ਇਹਦੇ 'ਤੇ ਪੈ ਗਿਆ ਸ਼ੱਕ, ਰਾਜੇ ਨੇ ਫੜ ਲਿਆ, ਫੜ ਕੇ ਜਦੋਂ ਸਜ਼ਾ ਦੇਣ ਲੱਗਿਆ, ਕਹਿੰਦਾ ਮੈਂ ਤਾਂ ਨਹੀਂ ਚੋਰੀ ਕਰੀ, ਮੈਂ ਤਾਂ ਬਚਨ ਵੇਚਿਆ ਹੈ। ਉਹ ਕਹਿੰਦਾ ਫੇਰ ਤਾਂ ਤੈਨੂੰ ਬਹੁਤ ਜ਼ਿਆਦਾ ਸਜ਼ਾ ਦੇਣੀ ਚਾਹੀਦੀ ਹੈ। ਉਹਨੇ ਫਾਂਸੀ 'ਤੇ ਚਾੜ੍ਹ ਦਿੱਤਾ। ਕਹਿੰਦੇ,

ਜਿਹੜੀ ਪਰਤੀਤ ਤੋਂ ਬਗੈਰ ਸਿੱਖੀ ਹੈ ਨਾ, ਕਹਿੰਦੇ ਉਹ ਮਹਿੰਗੀ ਪੈਂਦੀ ਹੈ।

ਗੁਰੂ ਸੰਤ ਤੇ ਲਾਭ ਤਿਹ
ਗੁਰਮੁਖ ਦ੍ਰਿੜ ਮਤਿ ਜੋਇ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੬੬

ਜਿਹਦੀ ਮਤ ਦ੍ਰਿੜ੍ਹ ਹੋਵੇ ਉਹ ਸੰਤ ਤੋਂ ਲਾਭ ਲੈ ਸਕਦਾ ਹੈ, ਉਹ ਗੁਰੂ ਤੋਂ ਲਾਭ ਲੈ ਸਕਦਾ ਹੈ -

ਮਨਮੁਖ ਚੰਚਲ ਸਿੱਖ ਕੋ ਸਿੱਖੀ ਉਲਟੀ ਹੋਇ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੬੬

ਜਿਹੜਾ ਚੰਚਲ ਬੁੱਧੀ ਵਾਲਾ ਹੈ, ਚਲਾਕੀਆਂ ਕਰਦਾ ਹੈ, ਕਹਿੰਦੇ ਉਹਨੂੰ ਸਿੱਖੀ ਉਲਟੀ ਹੋ ਜਾਂਦੀ ਹੈ।

ਮਹਿਮਾ ਸਤਿਗੁਰ ਬਚਨ ਕੀ
ਦੇਖਹੁ ਪੁੰਨ ਪ੍ਰਮਾਨ।
ਬਿਮੁਖ ਭਯੋ ਸਿਖ ਫਾਂਸ
ਤਿਸ ਤਸਕਰ ਸੁਰਗ ਮਹਾਨ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੬੬

ਕਹਿੰਦੇ ਉਹ ਬੇਮੁਖ ਹੋ ਗਿਆ, ਉਹਨੂੰ ਤਾਂ ਫਾਂਸੀ ਮਿਲੀ, ਉਹਨੇ ਸਤਿਗੁਰੂ ਦੇ ਬਚਨ ਨੂੰ ਮੰਨਿਆਂ ਤੇ ਉਹ ਕਹਿੰਦੇ ਦੇਖੋ ਵਿਮਾਨਾਂ 'ਚ ਚੜ੍ਹ ਕੇ ਸਵਰਗਾਂ ਨੂੰ ਚਲਿਆ ਗਿਆ। ਪਰਤੀਤ ਹੋਣੀ ਚਾਹੀਦੀ ਹੈ, ਬੀਬੀ ਭਾਨੀ ਦੀ 100% ਗੁਰੂ ਮਹਾਰਾਜ ਦੇ ਉੱਤੇ ਪਰਤੀਤ ਸੀ, ਮੈਂ ਦੋ ਗੱਲਾਂ ਦੱਸੀਆਂ ਨੇ ਇੱਕ ਪਰਤੀਤ ਤੇ ਇੱਕ ਐਵੇਂ ਹੀ ਜਿਹੜਾ ਹੁੰਦਾ ਹੈ, ਦੋਹਾਂ ਦੇ ਵਿੱਚ ਫਰਕ ਹੈ। ਭਰੋਸੇ ਤੋਂ ਹੀਣ ਜਿਹੜੇ ਨੇ -

ਜੋ ਬਿਨੁ ਪਰਤੀਤੀ ਕਪਟੀ
ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥
ਅੰਗ - ੭੩੪

ਉਨ੍ਹਾਂ ਨੂੰ ਕਦੇ ਸੁੱਖ ਨਹੀਂ ਹੋ ਸਕਦਾ ਕਿਉਂਕਿ ਭਰੋਸਾ ਹੀ ਨਹੀਂ ਹੈ, ਗੁਰੂ ਮਹਾਰਾਜ ਦੀ ਹਰ ਵਕਤ ਸੇਵਾ ਕਰਦੀ ਹੈ, ਸਾਰਾ ਦਿਨ ਲੰਗਰ ਵਿੱਚ ਰਹਿੰਦੀ ਹੈ, ਬੇਅੰਤ ਸੰਗਤਾਂ ਆਉਂਦੀਆਂ ਨੇ, ਅੰਮ੍ਰਿਤ ਵੇਲੇ ਇਸ਼ਨਾਨ ਕਰਦੀ ਹੈ, ਪਿਤਾ ਜੀ ਦਾ ਇਸ਼ਨਾਨ ਕਰਾਉਂਦੀ ਹੈ। ਉਸ ਤੋਂ ਬਾਅਦ ਧਿਆਨ ਰੱਖਦੀ ਹੈ ਕਿ ਕੋਈ ਚੀਜ਼ ਤਾਂ ਨਹੀਂ ਮੰਗ ਰਹੇ। ਤੁਰਦੀ ਫਿਰਦੀ ਸੇਵਾ ਕਰਦੀ, ਨਿਗ੍ਹਾ ਰਖਦੀ ਹੈ ਗੁਰੂ ਮਹਾਰਾਜ 'ਚ। ਵਸਤਰ ਧੋਂਦੀ ਹੈ, ਬਰਤਨ ਮਾਂਜਦੀ ਹੈ, ਗੁਰਸਿੱਖਾਂ ਨੂੰ ਆਇਆਂ ਨੂੰ ਸੰਭਾਲਦੀ ਹੈ, ਠੰਢਾ ਜਲ ਛਕਾਉਂਦੀ ਹੈ। ਸਵੇਰ ਤੋਂ ਲੈ ਕੇ ਸ਼ਾਮ ਤਕ ਜਦੋਂ ਤਕ ਮਹਾਰਾਜ ਫੁਰਮਾਉਂਦੇ ਨਹੀਂ ਕਿ ਬੇਟੀ ਜਾਹ ਆਰਾਮ ਵੀ ਕਰ ਲੈ। ਨਾ ਬੱਚਿਆਂ ਨੂੰ ਸੰਭਾਲਣ ਦਾ ਪਤਾ ਹੈ, ਨਾ ਕਿਸੇ ਹੋਰ ਗੱਲ ਦਾ ਪਤਾ ਹੈ। ਹਰ ਵਕਤ ਸੇਵਾ ਕਰਦੀ ਹੈ। ਗੁਰੂ ਅਮਰਦਾਸ ਜੀ ਮਹਾਰਾਜ ਦੀ ਜੋ ਕਿਰਿਆ ਸੀ, ਆਪ ਡੇਢ ਵਜੇ ਉਠਦੇ ਸੀ। ਉਸ ਤੋਂ ਬਾਅਦ ਭਾਈ ਬੱਲੂ ਰਾਤ ਨੂੰ ਬਿਆਸਾ ਤੋਂ ਲਿਆ ਕੇ ਜਲ ਭਰ ਦਿੰਦਾ ਸੀ ਤੇ ਮੌਸਮ ਦੇ ਹਿਸਾਬ ਨਾਲ ਬੀਬੀ, ਜੇ ਗਰਮੀਆਂ ਨੇ ਤਾਂ ਉਸੇ ਤਰ੍ਹਾਂ ਇਸ਼ਨਾਨ ਕਰਵਾਉਂਦੀ ਸੀ, ਜੇ ਸਰਦੀਆਂ ਨੇ ਤਾਂ ਪਾਣੀ ਗਰਮ ਕਰਕੇ ਆਪਣੇ ਪਿਤਾ ਜੀ ਨੂੰ ਲਿਆ ਦੇਣਾ, ਵੱਡੀ ਉਨ੍ਹਾਂ ਦੀ ਉਮਰ ਸੀ ਉਸ ਵੇਲੇ, ਅੰਮ੍ਰਿਤ ਵੇਲੇ ਆਪ ਖੁਦ ਜਾਗੇ, ਵੱਡੀ ਉਮਰ 'ਚ ਹੋ ਕੇ ਤੇ ਸਾਨੂੰ ਜਾਗਣ ਦਾ ਉਪਦੇਸ਼ ਦੇ ਕੇ ਨਾਲ ਫੁਰਮਾਨ ਕੀਤਾ ਕਿ ਅੰਮ੍ਰਿਤ ਵੇਲੇ ਨੂੰ ਸੰਭਾਲਣ ਵਾਲੇ ਕੌਣ ਹੁੰਦੇ ਨੇ, ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

ਧਾਰਨਾ - ਅੰਮ੍ਰਿਤ ਵੇਲੇ ਓ ਕੌਣ ਜਾਗਦੇ।
ਕੋਈ ਜਾਗਦੇ ਨੇ ਰਾਮ ਪਿਆਰੇ।

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ
ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ
ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ
ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ
ਹਰਿ ਦਾਸ ਸੰਤ ਪਿਆਰੇ ॥ ਅੰਗ - ੪੫੯

ਜਿਨ੍ਹਾਂ ਦੇ ਸੀਨੇ 'ਚ ਖਿੱਚ ਹੈ ਪ੍ਰਮੇਸ਼ਰ ਨੂੰ ਮਿਲਣ ਦੀ। ਉਹ ਨੀਂਦ ਨੂੰ ਛੱਡਦੇ, ਤਿਆਗਦੇ ਹੋਏ, ਜਾ ਕੇ ਅੰਮ੍ਰਿਤ ਵੇਲਾ ਸੰਭਾਲਦੇ ਨੇ, ਫੇਰ ਕੀ ਕਰਦੇ ਨੇ ਕਹਿੰਦੇ ਪ੍ਰਭੂ ਦਾ ਨਾਮ ਜਪਦੇ ਨੇ। ਨਾਮ ਸਿਮਰਦੇ ਨੇ। ਗੁਰੂਆਂ ਦੇ ਚਰਨਾਂ ਦਾ ਧਿਆਨ ਹਿਰਦੇ 'ਚ ਧਾਰਨ ਕਰ ਲੈਂਦੇ ਨੇ, ਅੱਖ ਦੇ ਝਮਕਣ ਜਿੰਨਾਂ ਚਿਰ ਵੀ ਉਹਨੂੰ ਭੁਲਾਉਣਾ ਨਹੀਂ ਚਾਹੁੰਦੇ। ਸਾਰੇ ਪਾਪਾਂ ਦਾ ਖਾਤਮਾ ਕਰ ਦਿੰਦੇ ਨੇ। ਜਾਗਦੇ ਕੌਣ ਨਹੀ? ਕਹਿੰਦੇ ਜਾਗਦੇ ਨਹੀਂ, ਮਨਮੁਖ। ਮਨਮੁਖਾਂ ਨੂੰ ਦੋ ਨੀਂਦਾ ਚੜ੍ਹੀਆਂ ਹੋਈਆਂ ਨੇ। ਹੈਰਾਨੀ ਹੁੰਦੀ ਹੈ ਕਿ ਦੋ ਨੀਂਦਾਂ ਵੀ ਹੁੰਦੀਆਂ ਨੇ? ਇੱਕ ਦੇ ਵਿਚੋਂ ਤਾਂ ਜਗਾਏ ਹੋਏ ਜਾਗ ਪੈਂਦੇ ਨੇ, ਇੱਕ ਦੇ ਵਿਚੋਂ ਜਗਾਏ ਹੋਏ ਨਹੀਂ ਜਾਗਦੇ। ਉਹ ਸਾਰੀ ਜ਼ਿੰਦਗੀ ਰਾਤਾਂ ਵੀ ਸੌਂ ਕੇ ਲੰਘਾ ਦਿੰਦੇ ਨੇ ਤੇ ਸਾਰੀ ਜ਼ਿੰਦਗੀ ਵੀ ਸੌਂ ਕੇ ਲੰਘਾ ਦਿੰਦੇ ਨੇ -

ਧਾਰਨਾ - ਲੁੱਟ ਲਏ ਮਨਮੁੱਖ ਜੀ,
ਜਿਨ੍ਹਾਂ ਸੌਂ ਕੇ ਰਾਤ ਲੰਘਾਈ।

ਰਾਤਾਂ ਵੀ ਸੌਂ ਕੇ ਲੰਘਾ ਦਿੱਤੀਆਂ ਤੇ ਸਾਰੀ ਜ਼ਿੰਦਗੀ ਸੌਂ ਕੇ ਲੰਘਾ ਦਿੱਤੀ, ਇੱਕ ਨੀਂਦ ਤਾਂ ਸਰੀਰ ਦੀ ਹੈ ਉਹ ਤਾਂ ਰਾਤ ਲੰਘਾ ਦਿੰਦੀ ਹੈ, ਇੱਕ ਨੀਂਦ ਮਨ ਦੀ ਹੈ ਜਿਹਨੇ ਸਾਰੀ ਜ਼ਿੰਦਗੀ ਦੀ ਰਾਤ ਲੰਘਾ ਦਿੱਤੀ ਸੁੱਤਿਆਂ ਦੀ। ਉਹਦੇ 'ਚ ਸੌਂ ਗਏ -

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥
ਰਹਾਉ ॥ ਸਗਲ ਸਹੇਲੀ ਅਪਨੈ ਰਸ ਮਾਤੀ ॥

ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥
ਸੂਨੇ ਨਗਰਿ ਪਰੇ ਠਗਹਾਰੇ ॥ ਅੰਗ- ੧੯੨

ਲੇਕਿਨ ਦੂਜੇ ਪਾਸੇ -

ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥
ਅੰਗ - ੧੦੨੪

ਦਿਨ ਨੂੰ ਵੀ ਜਾਗਦੇ ਤੇ ਰਾਤ ਨੂੰ ਵੀ ਜਾਗਦੇ ਨੇ। ਅਗਿਆਨ ਦੀ ਨੀਂਦ ਨਹੀਂ ਉਨ੍ਹਾਂ ਨੂੰ ਚੜ੍ਹਿਆ ਕਰਦੀ। ਕਾਹਦੇ ਵਿੱਚ ਸੁੱਤੇ ਪਏ ਨੇ ਮਨਮੁਖ, ਮਹਾਰਾਜ ਕਹਿੰਦੇ ਮਾਇਆ ਦੇ ਪਿਆਰ ਵਿੱਚ ਮੋਹ ਦੇ ਵਿੱਚ, ਕ੍ਰੋਧ ਦੇ ਵਿੱਚ, ਲੋਭ ਵਿਚ -

ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥
ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥
ਅੰਗ - ੧੬੦

ਕਹਿੰਦੇ ਜਾਗਦੇ ਉਹ ਨੇ ਜਿਨ੍ਹਾਂ ਦੇ ਹਿਰਦੇ ਵਿੱਚ ਨਾਮ ਨਾਲ ਪਿਆਰ ਲੱਗ ਗਿਆ। ਬਾਕੀ ਸੰਸਾਰ ਲੁੱਟਿਆ ਜਾ ਰਿਹਾ ਹੈ। ਕਹਿੰਦੇ ਪੜ੍ਹੇ ਲਿਖੇ ਵੀ ਲੁੱਟੇ ਜਾ ਰਹੇ ਨੇ। ਵੱਡੇ-ਵੱਡੇ ਸਾਧਨ ਕਰਨ ਵਾਲੇ ਵੀ ਲੁੱਟੇ ਜਾ ਰਹੇ ਨੇ, ਮਹਾਰਾਜ ਕਹਿੰਦੇ -

ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥
ਏ ਸੂਤੇ ਅਪਣੈ ਅਹੰਕਾਰੀ ॥ ਅੰਗ - ੧੧੨੮

ਇਹ ਸੁੱਤੇ ਪਏ ਨੇ ਆਪਣੇ ਅਹੰਕਾਰ 'ਚ ਕਿ ਮੇਰਾ ਭੇਖ ਵਧੀਆ ਹੈ, ਮੇਰਾ ਵਧੀਆ ਹੈ। ਭੇਖ ਦੇ ਵਿੱਚ ਸੌਂ ਗਏ।

ਮਾਇਆ ਮਦਿ ਮਾਤਾ ਰਹਿਆ ਸੋਇ ॥
ਜਾਗਤੁ ਰਹੈ ਨ ਮੂਸੈ ਕੋਇ ॥ ਅੰਗ - ੧੧੨੮

ਮਾਇਆ ਦੇ ਨਸ਼ੇ ਵਿੱਚ ਸੁੱਤਾ ਪਿਆ, ਜੇ ਜਾਗਦਾ ਰਹੇ ਤਾਂ ਕੌਣ ਲੁੱਟ ਲਏਗਾ। ਜਾਗਦਾ ਉਹ ਹੈ ਜਿਹਨੂੰ ਪੂਰਾ ਸਤਿਗੁਰੂ ਮਿਲ ਗਿਆ। ਪੂਰਾ ਸਤਿਗੁਰੂ ਕੀ ਕਰਦਾ ਹੈ? ਕਹਿੰਦੇ -

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ-੧੨੯੧

ਆਹ ਜਿਹੜਾ ਸਰੀਰ ਹੈ ਨਾ ਇਹ ਘਰ ਹੈਗਾ ਆਤਮਾ ਦਾ। ਇਹਦੇ ਅੰਦਰ ਇੱਕ ਘਰ ਹੋਰ ਹੈ ਉਹ ਹੈ ਪ੍ਰਮਾਤਮਾ ਦਾ। ਦੋਵੇਂ ਇਕੱਠੇ ਹੀ ਰਹਿੰਦੇ ਨੇ -

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ
ਜਨ ਨਾਨਕ ਮਿਲੇ ਬਨਵਾਰੀ ॥ ਅੰਗ- ੧੨੬੩

ਹਉਮੈ ਦੀ ਕੰਧ ਪਈ ਹੋਈ ਹੈ, ਆਤਮਾ ਵੀ ਇਹਦੇ ਵਿੱਚ ਹੀ ਰਹਿੰਦੀ ਹੈ, ਪ੍ਰਮਾਤਮਾ ਵੀ ਇਹਦੇ 'ਚ ਹੀ ਰਹਿੰਦਾ ਹੈ। ਉਹ ਕਹਿੰਦੇ ਜੇ ਗੁਰੂ ਮਿਲ ਜਾਵੇ, ਉਹ ਕਹਿੰਦੇ ਆਤਮਾ ਆਹ ਘਰ ਦੇ ਵਿਚ ਪ੍ਰਮਾਤਮਾ ਦਾ ਘਰ ਦਿਖਾ ਦਿੰਦਾ ਹੈ? ਕਹਿੰਦੇ ਕੋਈ ਨਿਸ਼ਾਨੀ ਵੀ ਹੁੰਦੀ ਹੈ ਕੋਈ ਉਥੇ? ਕਹਿੰਦੇ ਹਾਂ ਉਥੇ ਨਿਸ਼ਾਨੀ ਹੈ -

ਪੰਚ ਸਬਦ ਧੁਨਿਕਾਰ ਧੁਨਿ
ਤਹ ਬਾਜੈ ਸਬਦੁ ਨੀਸਾਣੁ ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ
ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧

ਸੱਚੇ ਤਖਤ ਦੇ ਉਤੇ, ਆਹ ਸਰੀਰ ਦੇ ਵਿੱਚ ਵਾਹਿਗੁਰੂ ਬੈਠਾ ਹੈ, ਉਹ ਦਿਖਾ ਦਿੰਦਾ ਹੈ। ਜਦੋਂ ਉਹ ਜਾਗ ਆ ਜਾਂਦੀ ਹੈ ਫੇਰ ਮਾਇਆ ਦੀ ਨੀਂਦ ਨਹੀਂ ਆਉਂਦੀ। ਨਹੀਂ ਤਾਂ ਮਾਇਆ ਦੀ ਨੀਂਦ ਵਿੱਚ ਬੈਠੇ ਨੇ ਪੰਡਤ ਵੀ, ਜੋਗੀ ਵੀ, ਭੇਖਧਾਰੀ ਵੀ, ਸਭ ਸੁੱਤੇ ਪਏ ਨੇ।

ਸੁਖਮਨ ਕੈ ਘਰਿ ਰਾਗੁ ਸੁਨਿ
ਸੁੰਨਿ ਮੰਡਲਿ ਲਿਵ ਲਾਇ ॥
ਅਕਥ ਕਥਾ ਬੀਚਾਰੀਐ
ਮਨਸਾ ਮਨਹਿ ਸਮਾਇ ॥
ਉਲਟਿ ਕਮਲੁ ਅੰਮ੍ਰਿਤਿ ਭਰਿਆ
ਇਹੁ ਮਨੁ ਕਤਹੁ ਨ ਜਾਇ ॥
ਅਜਪਾ ਜਾਪੁ ਨ ਵੀਸਰੈ
ਆਦਿ ਜੁਗਾਦਿ ਸਮਾਇ ॥ ਅੰਗ - ੧੨੯੧

ਜਿੱਥੋਂ ਵਾਹਿਗੁਰੂ 'ਚੋਂ ਆਇਆ ਸੀ ਉਹਦੇ 'ਚ ਹੀ ਸਮਾਅ ਜਾਂਦਾ ਹੈ। ਇਹ ਤਾਂ ਹੈਗੀ ਜਾਗ। ਉਹ ਜਾਗ ਕਦੋਂ ਆਉਂਦੀ। ਹੈ? ਉਹ ਜਾਗਦਾ ਹੈ ਜਿਹਨੂੰ ਗੁਰੂ ਮਿਲ ਜਾਵੇ। ਫੇਰ ਉਹ ਕੀ ਕਰਦਾ ਹੈ? ਕਹਿੰਦੇ -

ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥
ਪੰਚ ਦੂਤ ਓਹੁ ਵਸਗਤਿ ਕਰੈ ॥ ਅੰਗ- ੧੧੨੮

ਪੰਜੇ ਦੂਤਾਂ ਨੂੰ ਵਸ ਕਰ ਦਿੰਦਾ ਹੈ, ਫੇਰ ਨੀਂਦ ਨਹੀਂ ਚੜ੍ਹਨ ਦਿੰਦਾ।

ਸੋ ਜਾਗੈ ਜੋ ਤਤੁ ਬੀਚਾਰੈ ॥
ਆਪਿ ਮਰੈ ਅਵਰਾ ਨਹ ਮਾਰੈ ॥
ਸੋ ਜਾਗੈ ਜੋ ਏਕੋ ਜਾਣੈ ॥
ਪਰਕਿਰਤਿ ਛੋਡੈ ਤਤੁ ਪਛਾਣੈ ॥ ਅੰਗ-੧੧੨੮

ਜਿਹਦੀਆਂ ਅੱਖਾਂ ਖੁੱਲ੍ਹ ਗਈਆਂ ਉਹ ਸਾਰੀ ਸ੍ਰਿਸ਼ਟੀ 'ਚ ਕੀ ਦੇਖਦਾ ਹੈ ਕਿ ਇਹ ਤਾਂ ਵਾਹਿਗੁਰੂ ਹੀ ਸਾਰੇ।

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥
ਜਾਪੁ ਸਾਹਿਬ

ਮਾਇਆ ਨੂੰ ਛੱਡ ਦਿੰਦਾ ਹੈ ਤੱਤ ਨੂੰ ਪਛਾਣ ਲੈਂਦਾ ਹੈ ਵਾਹਿਗੁਰੂ ਨੂੰ।

ਚਹੁ ਵਰਨਾ ਵਿਚਿ ਜਾਗੈ ਕੋਇ ॥ ਅੰਗ-੧੨੮

ਚਾਹੇ ਉਹ ਸ਼ੂਦਰ ਹੈ, ਚਾਹੇ ਉਹ ਵੈਸ਼ ਹੈ, ਚਾਹੇ ਉਹ ਖੱਤਰੀ ਹੈ, ਚਾਹੇ ਬ੍ਰਾਮ੍ਹਣ ਹੈ। ਮਹਾਰਾਜ ਕਹਿੰਦੇ ਜਿਹੜਾ ਜਾਗ ਪਿਆ, ਉਹ ਜਮਾਂ ਦੇ ਫੰਧੇ ਤੋਂ ਛੁਟ ਜਾਂਦਾ ਹੈ -

ਜਮੈ ਕਾਲੈ ਤੇ ਛੂਟੈ ਸੋਇ ॥ ੫ ॥
ਕਹਤ ਨਾਨਕ ਜਨੁ ਜਾਗੈ ਸੋਇ ॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥
ਅੰਗ - ੧੧੨੮

ਜਿਹਦੀਆਂ ਅੱਖਾਂ 'ਚ ਗਿਆਨ ਦਾ ਸੁਰਮਾ ਪੈ ਗਿਆ ਉਹ ਜਾਗਦਾ ਹੈ। ਸੋ ਮਨਮੁਖ ਜਿਹੜਾ ਹੈ ਉਹ ਲੁੱਟਿਆ ਜਾਂਦਾ ਹੈ। 24 ਹਜ਼ਾਰ ਸਵਾਸ ਉਹਦਾ ਰੋਜ਼ ਲੁੱਟ ਹੁੰਦਾ ਹੈ। ਗੁਰਮੁਖ ਜਿਹੜਾ ਹੈ ਉਹਦੇ ਕੋਲ ਸਾਬਤ ਰਹਿੰਦੀ ਹੈ -

ਮਨਮੁਖ ਸੋਇ ਰਹੇ ਸੇ ਲੂਟੇ
ਗੁਰਮੁਖਿ ਸਾਬਤੁ ਭਾਈ ਹੇ ॥ ਅੰਗ- ੧੦੨੪

ਇਸ ਤਰ੍ਹਾਂ ਦੇ ਨਾਲ ਮਹਾਰਾਜ ਦਾ ਹੁਕਮ ਸੀ ਕਿ ਪ੍ਰੇਮੀਓ! ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਹੈ। ਉਸ ਤੋਂ ਬਾਅਦ ਗੁਰੂ ਦੇ ਸ਼ਬਦ ਦਾ ਧਿਆਨ ਕਰਨਾ ਹੈ। ਧਿਆਨ ਕਰਕੇ ਪੜ੍ਹੋ ਪਾਠ। ਅਰਥਾਂ ਦੀ ਵਿਚਾਰ ਕਰੋ, ਬਾਣੀ ਨੂੰ ਸ਼ੁੱਧ ਉਚਾਰਨ ਕਰੋ। ਜੇ ਆਪ ਨਹੀਂ ਆਉਂਦਾ ਫੇਰ ਕਿਸੇ ਸੋਝੀ ਵਾਲੇ ਤੋਂ ਸੁਣ ਕੇ, ਨਿਰਣਾ ਕਰਕੇ ਹਿਰਦੇ 'ਚ ਧਾਰਨ ਕਰੋ। ਕਿੰਨਾ ਥੋੜ੍ਹਾ ਸਮਾਂ ਕਹਿੰਦੇ ਨੇ, ਸਿਰਫ ਚਾਰ ਘੜੀਆਂ। ਕਹਿੰਦੇ 100 ਮਿੰਟ, ਫੁਰਨੇ ਸਾਰੇ ਛੱਡ ਦਿਓ, ਕੰਮ ਸਾਰੇ ਛੱਡ ਦਿਓ। ਸਤਿਸੰਗ ਕਰੋ। ਚਾਹੇ ਆਪ ਉਚਾਰਨ ਕਰੋ ਅਰਥ, ਚਾਹੇ ਕਿਸੇ ਤੋਂ ਸੁਣੋ। ਸਮੁੰਦਰ ਦੇ ਵਿੱਚ ਜੇ ਕਿਸ਼ਤੀ ਬਹੁਤ ਭਰੀ ਹੋਈ ਹੋਵੇ ਨਾ, ਤਾਂ ਕਹਿੰਦੇ ਜੇ ਚਾਰ ਉਂਗਲ ਬਾਹਰ ਰਹਿ ਜਾਵੇ ਕਿਸ਼ਤੀ ਪਾਣੀ ਤੋਂ ਉੱਥੇ ਉਹ ਪਾਰ ਲੰਘ ਜਾਂਦੀ ਹੈ।

ਇਵੇਂ ਜਿਵੇਂ ਸੰਸਾਰ ਦੇ ਕਾਰਜ ਭਰੇ ਪਏ ਨੇ, ਕਿਤੇ ਮੱਝਾਂ ਦਾ ਦੁੱਧ ਕੱਢਣਾ ਹੈ, ਕਿਤੇ ਖੇਤੀ ਕਰਨੀ ਹੈ, ਕਿਤੇ ਬੱਚੇ ਸੰਭਾਲਣੇ ਨੇ, ਕਹਿੰਦੇ ਕਰੋ ਸਭ ਕੁਛ ਪਰ ਚਾਰ ਘੜੀਆਂ ਕੱਢ ਲਓ। ਕਹਿੰਦੇ, ਜਿਵੇਂ ਕਿਸ਼ਤੀ ਲੰਘ ਜਾਂਦੀ ਹੈ ਨਾ ਬੋਝ ਦੀ ਭਰੀ ਹੋਈ, ਜੇ ਚਾਰ ਉਂਗਲ ਪਾਣੀ ਤੋਂ ਉਤੇ ਤਾਂ ਐਸ ਤਰ੍ਹਾਂ ਅਸੀਂ ਤਰ ਜਾਵਾਂਗੇ।

ਚਾਰ ਘੜੀਆਂ ਗੁਰੂ ਵਲ ਲਾਓ। ਇਸ ਤਰ੍ਹਾਂ ਦੇ ਨਾਲ ਗੁਰੂ ਅਮਰਦਾਸ ਜੀ ਮਹਾਰਾਜ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਸੀ, ਉਸ ਤੋਂ ਬਾਅਦ ਚੌਂਕੀ 'ਤੇ ਬੈਠ ਕੇ ਦਿਨ ਚੜ੍ਹੇ ਤਕ ਅੰਤਰ ਆਤਮੇ ਸਮਾਧ ਦੇ ਵਿੱਚ ਲੀਨ ਹੋ ਜਾਂਦੇ ਸੀ ਤੇ ਸਮਾਧ ਮਹਾਰਾਜ ਨੂੰ ਕਿੰਨੀ ਪਿਆਰੀ ਸੀ ਉਹ ਟੁੱਟੇ ਨਾ ਕਿਸੇ ਤਰ੍ਹਾਂ ਦੇ ਨਾਲ। ਉਹਨੂੰ ਸਹਿਜ ਸਮਾਧ ਕਹਿੰਦੇ ਨੇ। ਸਹਿਜ ਸਮਾਧ ਨੂੰ ਸਿਰਫ ਓਹੀ ਜਾਣਦਾ ਹੈ ਜਿਹਨੂੰ ਲਗਦੀ ਹੈ, ਦੂਜੇ ਨੂੰ ਇਸ ਗੱਲ ਨੂੰ ਸਮਝਾਇਆ ਨਹੀਂ ਜਾ ਸਕਦਾ।

ਕਬੀਰ ਚਰਨ ਕਮਲ ਕੀ ਮਉਜ ਕੋ
ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥
ਅੰਗ - ੧੩੭੦

ਗੱਲ ਕੀ ਕਹੇ, ਉਹਦੇ ਬਾਰੇ ਮਹਾਰਾਜ ਸਿਰਫ ਐਨਾ ਫੁਰਮਾਨ ਕਰਦੇ ਨੇ -

ਧਾਰਨਾ - ਸਹਜਿ ਸਮਾਧ ਲਗੀ ਲਿਵ ਅੰਤਰ
ਸੋ ਰਸ ਸੋਈ ਜਾਨੈ।

ਸਭੇ ਸੁਖ ਭਏ ਪ੍ਰਭ ਤੁਠੇ ॥
ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ
ਸੋ ਰਸੁ ਸੋਈ ਜਾਣੈ ਜੀਉ ॥ ਅੰਗ - ੧੦੬

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥
ਨਾਨਕ ਤਿਸੁ ਜਨ ਸੋਝੀ ਪਾਏ ॥
ਅੰਗ - ੨੯੩

ਮਹਾਰਾਜ ਕਹਿੰਦੇ ਦੱਸੀ ਨਹੀਂ ਜਾਂਦੀ।

ਸਹਜ ਸਮਾਧਿ ਉਪਾਧਿ ਰਹਤ ਫੁਨਿ
ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ
ਜਨਮ ਮਰਨ ਭੈ ਭਾਗੀ ॥ ਅੰਗ - ੬੫੮

ਗੁਰੂ ਮਹਾਰਾਜ ਸੱਚੇ ਪਾਤਸ਼ਾਹ ਇਸ਼ਨਾਨ ਕਰਕੇ ਚੌਂਕੀ 'ਤੇ ਬੈਠ ਗਏ। ਸੁਰਤੀ ਖਿੱਚ ਲਈ ਤੇ ਆਪਣੇ ਸਵੈ ਸਰੂਪ ਤੋਂ ਹੁੰਦੇ ਹੋਏ, ਪ੍ਰਮਾਤਮ ਸਰੂਪ ਵਿੱਚ ਲੀਨ ਹੋ ਗਏ। ਪ੍ਰਮਾਤਮ ਸਰੂਪ ਦੇ ਵਿੱਚ ਲੀਨ ਹੋਇਆਂ ਨੂੰ ਗੁਰੂ ਮਹਾਰਾਜ ਦੇ ਅੰਦਰ ਅਨਹਤ ਸੁੰਨ ਦੇ ਅੰਦਰ ਲੀਨ ਹੋਣਾ ਵੀ ਆਖਿਆ ਹੈ ਤੇ ਅਨਹਤ ਸੁੰਨ ਦੇ ਵਿੱਚ ਜੋ ਲੀਨ ਹੁੰਦੇ ਨੇ, ਉਨ੍ਹਾਂ ਦੀ ਪਦਵੀ ਇਸ ਤਰ੍ਹਾਂ ਫੁਰਮਾਨ ਕੀਤੀ ਹੈ -

ਧਾਰਨਾ - ਅਨਹਤ ਸੁੰਨ ਰਤੇ ਸੇ ਕੈਸੇ,
ਜਿਸ 'ਤੇ ਉਪਜੇ ਤਿਸ ਹੀ ਜੈਸੇ।

ਅੰਤਰਿ ਸੁੰਨੰ ਬਾਹਰਿ ਸੁੰਨੰ
ਤ੍ਰਿਭਵਣ ਸੁੰਨ ਮਸੁੰਨੰ ॥
ਚਉਥੇ ਸੁੰਨੈ ਜੋ ਨਰੁ ਜਾਣੈ
ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥
ਆਦਿ ਪੁਰਖੁ ਨਿਰੰਜਨ ਦੇਉ ॥
ਜੋ ਜਨੁ ਨਾਮ ਨਿਰੰਜਨ ਰਾਤਾ ॥
ਨਾਨਕ ਸੋਈ ਪੁਰਖੁ ਬਿਧਾਤਾ ॥ ੫੧ ॥
ਸੁੰਨੋ ਸੁੰਨੁ ਕਹੈ ਸਭੁ ਕੋਈ ॥
ਅਨਹਤ ਸੁੰਨੁ ਕਹਾ ਤੇ ਹੋਈ ॥

ਅਨਹਤ ਸੁੰਨਿ ਰਤੇ ਸੇ ਕੈਸੇ ॥
ਜਿਸ ਤੇ ਉਪਜੇ ਤਿਸ ਹੀ ਜੈਸੇ ॥
ਅੰਗ - ੯੪੩

ਪੰਜ ਕਿਸਮ ਦੀ ਸਮਾਧੀ ਹੁੰਦੀ ਹੈ, ਪਹਿਲੇ ਨੂੰ ਕਹਿੰਦੇ ਨੇ ਸਾ-ਵਿਕਲਪ ਸਮਾਧ, ਇਹ ਦੋ ਕਿਸਮ ਦੀ ਹੁੰਦੀ, ਨਿਰ-ਵਿਕਲਪ ਸਮਾਧ, ਇਹ ਵੀ ਦੋ ਕਿਸਮ ਦੀ ਹੁੰਦੀ ਹੈ। ਇਨ੍ਹਾਂ ਚੌਹਾਂ ਦੇ ਉਪਰ ਸਹਿਜ ਸਮਾਧ ਹੁੰਦੀ ਹੈ। ਖੁਲ੍ਹੀਆਂ ਅੱਖਾਂ ਨਾਲ ਵੀ ਲਗਦੀ ਹੈ, ਅੱਖਾਂ ਮੀਚ ਕੇ ਵੀ ਲਗਦੀ ਹੈ। ਜੋ ਸਹਿਜ ਸਮਾਧ ਹੈ ਉਹਦਾ ਰਸ ਕਿੰਨਾਂ ਹੈ, ਉਹ ਦੱਸਿਆ ਨਹੀਂ ਜਾ ਸਕਦਾ। ਗੁਰੂ ਮਹਾਰਾਜ ਜੀ ਇਸ਼ਨਾਨ ਕਰਨ ਤੋਂ ਬਾਅਦ ਚੌਂਕੀ 'ਤੇ ਬੈਠ ਗਏ ਤੇ ਉਸ ਤੋਂ ਬਾਅਦ ਸੁਰਤੀ ਖਿੱਚ ਲਈ ਤੇ ਸਮਾਧ ਲਗ ਗਈ। ਉਸ ਵੇਲੇ ਬੀਬੀ ਭਾਨੀ ਜੋ ਨੇੜੇ ਹੀ ਫਿਰਦੀ ਸੀ, ਦੇਖਣ ਆਈ ਕਿ ਮਹਾਰਾਜ ਜੀ ਠੀਕ ਤਰ੍ਹਾਂ ਨਾਲ ਚੌਂਕੀ 'ਤੇ ਬੈਠ ਗਏ ਨੇ, ਕੋਈ ਐਸੀ ਚੀਜ਼ ਤਾਂ ਨਹੀਂ ਨੇੜੇ ਪਈ ਜਦੋਂ ਉਠਣ 'ਤੇ ਪੈਰਾਂ 'ਚ ਲੱਗੇ, ਜਾਂ ਕੋਈ ਐਵੇਂ ਕੋਈ ਖੰਡਾਰ ਪਿਆ ਹੋਵੇ ਕੋਲ। ਹੌਲੀ-ਹੌਲੀ ਸਾਂਭਦੀ ਫਿਰਦੀ ਹੈ ਤੇ ਨਿਗ੍ਹਾ ਗਈ ਉਨ੍ਹਾਂ ਦੀ, ਕੀ ਦੇਖਦੇ ਨੇ ਕਿ ਪਾਵਾ ਹੇਠੋਂ ਟੁੱਟ ਗਿਆ। ਪਾਵੇ ਦਾ ਹੇਠਲਾ ਹਿੱਸਾ ਭੁਰ ਗਿਆ ਤੇ ਜੇ ਮਹਾਰਾਜ ਜ਼ਰਾ ਕੁ ਪਿੱਛੇ ਨੂੰ ਹੋਏ ਤਾਂ ਇਹਨੇ ਝਟਕਾ ਮਾਰਨਾ ਹੈ, ਕਿਉਂਕਿ Balance ਬਰਾਬਰ ਨਹੀਂ ਹੈ, ਇਨ੍ਹਾਂ ਦੀ ਸਮਾਧੀ ਖੁੱਲ੍ਹ ਜਾਏਗੀ ਤੇ ਮਹਾਰਾਜ ਜੀ ਦੀ ਸਮਾਧੀ ਬਾਰੇ ਬੀਬੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਉਹ ਵੱਡੀ ਤੋਂ ਵੱਡੀ ਕੀਮਤ ਦੇਣ ਨੂੰ ਤਿਆਰ ਨੇ ਮਹਾਰਾਜ ਸਮਾਧੀ ਵਾਸਤੇ।

ਇੱਕ ਵਾਰੀ ਗੁਰੂ ਮਹਾਰਾਜ ਸਹਜਿ ਸਮਾਧ 'ਚ ਬੈਠੇ ਨੇ, ਤੇ ਇੱਕ ਕੋਈ ਦੋ ਵਜੇ ਦੇ ਕਰੀਬ, ਇੱਕ ਬੀਬੀ ਨੇ ਚੀਕ ਮਾਰੀ, ਬਹੁਤ ਜ਼ੋਰ ਦੀ ਚੀਕ ਮਾਰੀ, ਗੋਇੰਦਵਾਲ ਸਾਹਿਬ, ਮਹਾਰਾਜ ਜੀ ਦੀ ਸਮਾਧੀ ਖੁੱਲ੍ਹ ਗਈ। ਭਾਈ ਬੱਲੂ ਨੇੜੇ ਸੀ, ਕਹਿਣ ਲੱਗੇ ਭਾਈ ਬੱਲੂ ਦੇਖ ਕੌਣ ਦੁਖੀ ਹੈ ਐਸ ਵੇਲੇ ਜੋ ਐਨਾ ਦੁਖੀ ਹੋ ਕੇ ਰੋ ਰਿਹਾ ਹੈ। ਜਾਹ ਪਤਾ ਲੈ ਕੇ ਆ। ਆ ਕੇ ਕਹਿਣ ਲੱਗਿਆ ਕਿ ਮਹਾਰਾਜ! ਇਸ ਗੋਇੰਦਵਾਲ ਸਾਹਿਬ ਦੇ ਅੰਦਰ ਇੱਕ ਗਰੀਬ ਬ੍ਰਾਹਮਣੀ ਰਹਿੰਦੀ ਹੈ। ਵਿਧਵਾ ਹੈ ਉਹ, ਉਸ ਦਾ ਇੱਕੋ ਇੱਕ ਪੁੱਤਰ ਸੀ, ਉਹਨੇ ਪਾਲਿਆ, ਤੇ ਸੱਚੇ ਪਾਤਸ਼ਾਹ ਕੋਈ ਕਾਰਨ ਹੋ ਗਿਆ ਤੇ ਚੜ੍ਹਾਈ ਕਰ ਗਿਆ ਹੁਣੇ ਹੀ। ਮਹਾਰਾਜ ਜੀ ਨੂੰ ਚੀਕਾਂ ਸੁਣਦੀਆਂ ਨੇ ਉਸ ਦੀਆਂ। ਦਰਦ ਵਾਲੇ ਸੀ ਬਹੁਤ ਜ਼ਿਆਦਾ, ਕਿਸੇ ਦਾ ਦੁਖ ਨਹੀਂ ਸੀ ਸਹਿ ਸਕਦੇ। ਤਾਂ ਹੀ ਨਿਓਟਿਆਂ ਦੀ ਓਟ, ਨਿਧਰਿਆਂ ਦੀ ਧਿਰ, ਨਿਮਾਣਿਆਂ ਦਾ ਮਾਣ, ਨਿਆਸਰਿਆਂ ਦਾ ਆਸਰਾ, ਨਿਥਾਵਿਆਂ ਦਾ ਥਾਂ; ਸਾਰੀਆਂ ਬਖਸ਼ਿਸ਼ਾਂ ਆਪ ਦੇ ਕੋਲ ਸੀ। ਜਨਮ ਮਰਨ ਦੀ ਕੁੰਜੀ, ਕਾਲ ਦੀ ਕੁੰਜੀ ਆਪ ਦੇ ਹੱਥ ਵਿੱਚ ਸੀ। ਕਹਿੰਦੇ, ਭਾਈ ਬੱਲੂ! ਜਾਹ, ਜਾ ਕੇ ਉਸ ਬੀਬੀ ਨੂੰ ਕਹਿ ਦੇ ਕਿ ਰੋਵੇ ਨਾ, ਅੰਮ੍ਰਿਤ ਵੇਲੇ ਜਦੋਂ ਅਸੀਂ ਭਜਨ ਤੋਂ ਉਠਾਂਗੇ, ਇੱਥੇ ਲੈ ਆਵੇ। ਫਿਕਰ ਨਾ ਕਰੇ ਉਹ। ਮਹਾਰਾਜ ਜੀ ਸਮਾਧ 'ਚ ਬੈਠ ਗਏ, ਅੰਮ੍ਰਿਤ ਵੇਲਾ ਹੋਇਆ ਬੀਬੀ ਲੈ ਆਈ। ਮਹਾਰਾਜ ਜੀ ਨੇ ਚਰਨ ਛੁਹਾ ਦਿੱਤਾ, ਬੱਚਾ ਉਠ ਕੇ ਬੈਠ ਗਿਆ। ਕਹਿੰਦੇ ਭਾਈ ਬੱਲੂ! ਇਹ ਤਾਂ ਰੋਜ਼ ਹੀ ਕਾਲ ਨੇ ਕੋਈ ਨਾ ਕੋਈ ਮਾਰਨਾ ਹੈ। ਧਰਮਰਾਜ ਨੂੰ ਬੁਲਾ ਲਿਆ, ਕਹਿੰਦੇ ਜਿੰਨਾਂ ਚਿਰ ਸਾਡਾ ਸਰੀਰ ਹੈ ਨਾ ਗੋਇੰਦਵਾਲ ਸਾਹਿਬ ਦੇ ਵਿਚ ਜਮ ਨਾ ਭੇਜੀ, ਇਥੇ ਕਾਲ ਨਾ ਆਵੇ। ਸਾਡੇ ਹੁੰਦਿਆਂ-ਹੁੰਦਿਆਂ ਕੋਈ ਨਾ ਮਰੇ ਇੱਥੇ। ਐਨਾ ਆਪ ਦਾ ਦਿਲ ਨਰਮ ਸੀ।

ਬੀਬੀ ਨੇ ਆਲਾ-ਦੁਆਲਾ ਦੇਖਿਆਂ ਕੋਈ ਚੀਜ਼ ਨਜ਼ਰ ਨਾ ਆਈ, ਉਸ ਵੇਲੇ ਕਾਹਲੀ ਦੇ ਨਾਲ ਆਪਣਾ ਹੱਥ ਪਾਵੇ ਦੇ ਥੱਲੇ ਦੇ ਦਿਤਾ। ਉਹ ਪਾਵਾ ਹੇਠੋਂ ਤਿੱਖਾ ਹੋਇਆ ਹੋਇਆ ਸੀ, ਇੱਕ ਪਾਸਾ ਟੁੱਟਿਆ ਹੋਇਆ ਸੀ, ਉਹ ਹੱਥ ਦੇ ਵਿੱਚ ਖੁਭ ਗਿਆ। ਓਸ ਵੇਲੇ ਬੀਬੀ ਦਾ ਹੱਥ ਚੰਗੀ ਤਰ੍ਹਾਂ ਦੇ ਨਾਲ ਚੌਂਕੀ ਦੇ ਥੱਲੇ ਆ ਗਿਆ। ਨਾ ਤਾਂ ਹੁਣ ਕੱਢ ਸਕਦੀ ਹੈ, ਨਾ ਕੋਈ ਚੀਜ਼ ਨੇੜੇ ਹੈ ਕਿ ਮੈਂ ਕੋਈ ਚੀਜ਼ ਲਿਆ ਕੇ ਦੇਵਾਂ। ਓਸ ਵੇਲੇ ਵਜ਼ਨ ਪੈ ਗਿਆ ਹੱਥ ਦੇ ਵਿਚ। ਨਰਮ ਹੱਥ ਸੀ ਉਹਦੇ ਵਿੱਚ ਖੁੱਭਣਾ ਸ਼ੁਰੂ ਹੋ ਗਿਆ। ਹੇਠਾਂ ਹਥੇਲੀ ਦੇ ਵਿੱਚ ਬੋਝ ਪਈ ਜਾਂਦਾ ਹੈ, ਖ਼ੂਨ ਬੰਦ ਹੋ ਗਿਆ ਨਾੜਾਂ ਦਾ। ਓਸ ਵੇਲੇ ਬੀਬੀ ਦੇ ਮਨ 'ਚ ਕੀ ਆਉਂਦਾ ਹੈ ਕਿ ਹੇ ਪ੍ਰਭੂ! ਤੂੰ ਮੇਰੇ ਉੱਤੇ ਕ੍ਰਿਪਾ ਕੀਤੀ ਹੈ, ਕਿਉਂਕਿ ਤੇਰੀ ਸੇਵਾ ਮਿਲਦੀ ਨਹੀਂ ਹੈ। ਇਹ ਤਾਂ ਕੋਈ ਬਹੁਤ ਉੱਤਮ ਕਰਮ ਹੋਣ ਤਾਂ ਗੁਰੂਆਂ ਦੀ ਸੇਵਾ ਮਿਲਦੀ ਹੈ -

ਧਾਰਨਾ - ਭਾਗਾਂ ਨਾਲ ਮਿਲਦੀ ਹੈ,
ਸਤਿਗੁਰ ਦੀ ਸੇਵਾ ਸਫਲੀ।

ਗੁਰ ਸੇਵਾ ਤੇ ਨਾਮੇ ਲਾਗਾ ॥
ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥
ਅੰਗ - ੨੩੬

ਜਿਹਦੇ ਮੱਥੇ 'ਚ ਭਾਗ ਹੋਵੇ, ਉਹਨੂੰ ਸੇਵਾ ਮਿਲਦੀ ਹੈ ਗੁਰੂ ਦੀ।

ਬਿਨੁ ਭਾਗਾ ਗੁਰੁ ਸੇਵਿਆ ਨ ਜਾਇ ॥
ਮਨਮੁਖ ਭੂਲੇ ਮੁਏ ਬਿਲਲਾਇ ॥ ਅੰਗ-੧੦੯੫

ਮਨਮੁਖ ਜਿਹੜਾ ਹੈ ਉਹ ਭੁੱਲਿਆ ਹੋਇਆ ਵਿਰਲਾਪ ਕਰਦਾ ਹੈ -

ਨਾਨਕ ਸਤਿਗੁਰ ਕੀ ਸੇਵਾ ਸੋ ਕਰੈ
ਜਿਸ ਨੋ ਨਦਰਿ ਕਰੈ ਕਰਤਾਰੁ ॥ ਅੰਗ- ੫੮੯

ਕਹਿੰਦੇ ਜਿਹਦੇ ਉਤੇ ਵਾਹਿਗੁਰੂ ਨੇ ਨਿਗ੍ਹਾ ਕਰ ਦਿਤੀ, ਉਹ ਗੁਰੂ ਦੀ ਸੇਵਾ ਵਿੱਚ ਹਾਜ਼ਰ ਹੁੰਦਾ ਹੈ, ਦੂਜਾ ਨਹੀਂ ਹੋ ਸਕਿਆ ਕਰਦਾ।

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥
ਤਾ ਕੀ ਪੂਰਨ ਆਸ
ਜਿਨ੍ ਸਾਧਸੰਗੁ ਪਾਇਆ ॥ ਅੰਗ - ੪੫੨

ਬੀਬੀ ਦੇ ਮਨ ਵਿੱਚ ਚਾਉ ਜਾਗਿਆ ਕਿ ਇਹ ਤਾਂ ਮੇਰੇ ਭਾਗ ਜਾਗ ਪਏ। ਸੇਵਾ ਤਾਂ ਰੋਜ਼ ਕਰਦੀ ਸੀ ਹੁਣ ਜਾਣ ਕੇ ਨਹੀਂ ਸੀ ਹੱਥ ਦਿਤਾ। ਜੇ ਆਪਾਂ ਕਹੀਏ ਕਿ ਜਾਣ ਕੇ ਦੇ ਦਿੱਤਾ। ਕੋਈ ਚੀਜ਼ ਨਹੀਂ ਸੀ ਆਲੇ-ਦੁਆਲੇ, ਪਹਿਲਾਂ ਨਿਗ੍ਹਾ ਮਾਰੀ,

ਲੇਕਿਨ ਐਨਾ ਸਮਾਂ ਨਹੀਂ ਸੀ ਕਿ ਹੋਰ ਕਮਰੇ 'ਚ ਜਾ ਕੇ ਲਿਆਵੇ, ਜਦ ਨੂੰ ਚੌਂਕੀ ਦਾ ਪਾਵਾ ਪਿਛੇ ਨੂੰ ਹੋ ਜਾਂਦਾ, ਫੇਰ ਕੀ ਹੁੰਦਾ। ਉਸੇ ਵੇਲੇ ਆਪਣਾ ਹੱਥ ਦੇ ਦਿੱਤਾ। ਹੁਣ ਇਹ ਸੇਵਾ ਕੋਈ ਸੁਖਾਲੀ ਨਹੀਂ ਹੈ। ਮਹਾਰਾਜ ਜੀ ਕਹਿੰਦੇ, ਔਖੀ ਹੈ ਸੇਵਾ ਗੁਰੂ ਪੀਰਾਂ ਦੀ।

ਧਾਰਨਾ - ਮਹਾਂ ਕਰੜੀ ਤੇ ਸੁੱਖਾਂ ਨੂੰ ਦੇਣ
ਵਾਲੀ ਹੈ, ਸੇਵਾ ਪੂਰੇ ਸਤਿਗੁਰ ਦੀ।

ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।
ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।
ਤੂਪੜ ਝਾੜਿ ਵਿਛਾਇਦਾ
ਚੁਲਿ ਝੋਕਿ ਨ ਝੂਰੀ।
ਮੁਰਦੇ ਵਾਂਗਿ ਮੁਰੀਦੁ
ਹੋਇ ਕਰਿ ਸਿਦਕ ਸਬੂਰੀ।
ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।
ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥
ਭਾਈ ਗੁਰਦਾਸ ਜੀ ਵਾਰ ੨੭/੧੯

ਸਿਦਕ ਵੀ ਹੋਵੇ ਤੇ ਸਬੂਰ ਵੀ ਹੋਵੇ, ਆਹ ਗੱਲ ਸਮਝਣੀ ਔਖੀ ਹੈ। ਸਬਰ ਵੀ ਹੋਵੇ ਹੱਦ ਦਰਜੇ ਦਾ, ਸਭ ਤਾਕਤਾਂ ਰਖਦਾ ਹੋਇਆ, ਫੇਰ ਕੋਈ ਨਾ ਦਿਖਾਵੇ। ਕਹਿਣ ਲੱਗੇ -

ਸਤਿਗੁਰ ਕੀ ਸੇਵਾ ਗਾਖੜੀ
ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਿਲਹਿ ਤਾ ਹਰਿ ਮਿਲੈ
ਸੇਵਾ ਪਵੈ ਸਭ ਥਾਇ ॥ ਅੰਗ - ੨੭

ਆਪਣਾ ਆਪ ਗਵਾਉਣਾ ਪੈਂਦਾ ਹੈ -

ਹਸਤੀ ਸਿਰਿ ਜਿਉ ਅੰਕਸੁ ਹੈ
ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ
ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ
ਸਭੁ ਰਾਜੁ ਸ੍ਰਿਸਟਿ ਕਾ ਲੇਇ ॥
ਨਾਨਕ ਗੁਰਮੁਖਿ ਬੁਝੀਐ
ਜਾ ਆਪੇ ਨਦਰਿ ਕਰੇਇ ॥ ਅੰਗ - ੬੪੮

ਜਿਹਨੇ ਇਹ ਸੇਵਾ ਕਰ ਲਈ, ਮਹਾਰਾਜ ਕਹਿੰਦੇ -

ਜਿਨਿ ਜਨਿ ਗੁਰਮੁਖਿ ਸੇਵਿਆ
ਤਿਨਿ ਸਭਿ ਸੁਖ ਪਾਈ ॥
ਓਹੁ ਆਪਿ ਤਰਿਆ ਕੁਟੰਬ ਸਿਉ
ਸਭਿ ਜਗਤੁ ਤਰਾਈ ॥ ਅੰਗ - ੧੧੦੦

ਆਪ ਵੀ ਤਰਨਾ ਸੀ, ਕੁਟੰਬ ਵੀ ਤਾਰ ਲਿਆ। ਗੁਰੂ ਅੰਗਦ ਸਾਹਿਬ ਨੇ ਫੇਰ ਸਾਰਾ ਜਗਤ ਛੁਡਾ ਲਿਆ, ਗੁਰੂ ਅਮਰਦਾਸ ਜੀ ਨੇ ਸੇਵਾ ਕਰਕੇ ਸਾਰਾ ਸੰਸਾਰ ਛੁਡਾ ਦਿਤਾ।

ਓਨਿ ਹਰਿ ਨਾਮਾ ਧਨੁ ਸੰਚਿਆ
ਸਭ ਤਿਖਾ ਬੁਝਾਈ ॥
ਓਨਿ ਛਡੇ ਲਾਲਚ ਦੁਨੀ ਕੇ
ਅੰਤਰਿ ਲਿਵ ਲਾਈ ॥
ਓਸੁ ਸਦਾ ਸਦਾ ਘਰਿ ਅਨਦੁ ਹੈ
ਹਰਿ ਸਖਾ ਸਹਾਈ ॥
ਓਨਿ ਵੈਰੀ ਮਿਤ੍ਰ ਸਮ ਕੀਤਿਆ
ਸਭ ਨਾਲਿ ਸੁਭਾਈ ॥ ਅੰਗ - ੧੧੦੦

ਵੈਰੀ ਨਹੀਂ ਕੋਈ ਰਿਹਾ, ਸਭ ਸਮ ਕਰ ਲਏ, ਮਿੱਤਰ ਤੇ ਵੈਰੀ ਬਰਾਬਰ ਕਰ ਲਏ। ਪ੍ਰਗਟ ਹੋ ਗਿਆ ਸਾਰੇ ਸੰਸਾਰ 'ਚ।

ਹੋਆ ਓਹੀ ਅਲੁ ਜਗ ਮਹਿ
ਗੁਰ ਗਿਆਨੁ ਜਪਾਈ ॥
ਪੂਰਬਿ ਲਿਖਿਆ ਪਾਇਆ
ਹਰਿ ਸਿਉ ਬਣਿ ਆਈ ॥ ਅੰਗ - ੧੧੦੦

ਸਮਾਂ ਲੰਘ ਗਿਆ, ਮਹਾਰਾਜ ਜੀ ਦੀ ਸਮਾਧੀ ਲੰਮੀ ਸੀ, ਬੀਬੀ ਦੇ ਹੱਥ ਦੀਆਂ ਨਾੜਾਂ ਦਾ ਖੂਨ ਰੁਕ ਗਿਆ, ਸੁੰਨ ਹੋ ਗਈ ਬਾਂਹ, ਮੋਢੇ ਤੱਕ ਸੁੰਨ ਹੋ ਗਈ, ਖੂਨ ਭਰ ਗਿਆ ਮੋਢੇ ਤਕ, ਚਿਹਰੇ ਦੇ ਉੱਤੇ ਲਾਲੀ ਆ ਗਈ। ਨਾ ਉੱਚਾ ਸਾਹ ਲੈਂਦੀ ਹੈ, ਨਾ ਸੀ ਕਹਿੰਦੀ ਹੈ, ਕੁਛ ਨਹੀਂ ਕਹਿੰਦੀ। ਉਸੇ ਤਰ੍ਹਾਂ ਕਿੰਨੇ ਘੰਟੇ ਪਾਵੇ ਥੱਲੇ ਹੱਥ ਦਿੱਤਾ ਹੋਇਆ ਹੈ ਤੇ ਪਾਵਾ ਹੱਥ ਦੇ ਵਿੱਚ ਖੁਭ ਗਿਆ। ਲੇਕਿਨ ਆਪ ਨਾ ਕੋਈ ਆਵਾਜ਼ ਕੱਢਦੇ ਨੇ, ਕੁਛ ਨਹੀਂ ਕਰਦੀ, ਉਸੇ ਤਰ੍ਹਾਂ ਚੁੱਪ ਚਾਪ ਬੈਠੀ ਹੈ। ਗੁਰੂ ਅਮਰਦਾਸ ਮਹਾਰਾਜ ਜੀ ਦੀ ਸਮਾਧੀ ਖੁਲ੍ਹੀ ਆਪ ਨੇ ਆਪਣੇ ਨੇਤਰ ਖੋਲ੍ਹੇ। ਨੇਤਰਾਂ 'ਚੋਂ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਜਿਧਰ ਦੇਖਦੇ ਨੇ, ਸ਼ਾਂਤੀ ਹੀ ਸ਼ਾਂਤੀ ਪੈਦਾ ਹੁੰਦੀ ਹੈ, ਜਦੋਂ ਪਿੱਛੇ ਨੂੰ ਮੁੜ ਕੇ ਦੇਖਿਆ, ਕੀ ਦੇਖਦੇ ਨੇ ਕਿ ਬੀਬੀ ਬੈਠੀ ਹੈ। ਹੈਂ! ਇਹਦਾ ਤਾਂ ਮੋਢਾ ਸੁੱਜਿਆ ਪਿਆ ਹੈ, ਚਿਹਰਾ ਲਾਲ ਹੋਇਆ ਪਿਆ ਹੈ। ਉਸ ਵੇਲੇ ਆਪ ਕਹਿਣ ਲੱਗੇ, ਬੇਟਾ! ਕੀ ਗੱਲ ਹੈ? ਕਹਿਣ ਲੱਗੀ, ਪਿਤਾ ਜੀ! ਅਸੀਂ ਅਣਜਾਣ ਬੰਦੇ ਹਾਂ। ਸਾਡੀ ਮੱਤ ਥੋੜ੍ਹੀ ਹੈ, ਪਾਤਸ਼ਾਹ! ਪਤਾ ਨਹੀਂ ਕਿਸ ਤਰ੍ਹਾਂ ਦੇ ਨਾਲ ਚੌਂਕੀ ਦਾ ਪਾਵਾ ਟੁੱਟ ਗਿਆ ਤੇ ਆਪ ਸਮਾਧੀ ਸਥਿਤ ਹੋ ਗਏ, ਮੈਂ ਆਈ ਇੱਥੇ ਦੇਖ ਕੇ ਆਲੇ-ਦੁਆਲੇ ਕੋਈ ਚੀਜ਼ ਨਾ ਹੋਣ ਕਰਕੇ, ਮੈਨੂੰ ਇਹ ਡਰ ਭਾਸਿਆ ਕਿ ਜੇ ਇਹ ਚੌਂਕੀ ਹਿੱਲ ਗਈ ਤਾਂ ਆਪ ਸਮਾਧੀ ਤੋਂ ਉਥਾਨ ਹੋ ਜਾਓਂਗੇ ਤੇ ਆਪ ਸਮਾਧੀ ਤੋਂ ਉਥਾਨ ਹੋਣ ਦੀ ਥਾਂ ਮੁਰਦਿਆਂ ਨੂੰ ਜੀਵਨ ਦਿੰਦੇ ਓਂ ਤੇ ਪਾਤਸ਼ਾਹ! ਕੋਈ ਚੀਜ਼ ਉਸ ਵੇਲੇ ਮੈਨੂੰ ਨਾ ਮਿਲਣ ਕਰਕੇ, ਮੈਂ ਆਪਣਾ ਹੱਥ ਪਾਵੇ ਥੱਲੇ ਦੇ ਦਿਤਾ। ਮਹਾਰਾਜ ਜੀ ਉਤਰ ਆਏ ਥੱਲੇ, ਚੌਂਕੀ ਚੁੱਕਦੇ ਨੇ, ਪਾਵਾ ਹਥੇਲੀ 'ਚ ਫਸਿਆ ਪਿਆ ਹੈ। ਮਹਾਰਾਜ ਜੀ ਨੇ ਕੱਢਿਆ, ਉਸ ਵੇਲੇ ਦਇਆਲੂ ਹੋ ਗਏ, ਦਿਆਲੂ ਹੋ ਕੇ ਵਰ ਦੇਣੇ ਸ਼ੁਰੂ ਕਰ ਦਿੱਤੇ -

ਸੁਨਿ ਤਨੁਜਾ ਕੇ ਬਚਨ ਸੁਹਾਏ।
ਪਿਖਿ ਦੁਸ਼ ਕਰਮ ਕੀਨਿ ਜਿਸੁ ਭਾਏ।

ਹੁਇ ਪ੍ਰਸੰਨ ਬਰ ਦਯੋ ਸੁਜਾਨਾ।
ਸੰਤਤਿ ਤੇਰੀ ਬਧੈ ਮਹਾਂਨਾ।
ਸਕਲ ਜਗਤ ਕੀ ਹੋਵਹਿਂ ਪੂਜ।
ਜੈਸੋ ਚਢਹਿ 'ਚੰਦ੍ਰਮਾ ਦੂਜ॥
ਬਡ ਐਸ਼੍ਵਰਜ ਬਧਹਿ ਤਿਮ ਆਗੇ।
ਜੋ ਤਿਨ ਸੇਵਹਿ ਸੋ ਵਡਭਾਗੇ।
ਆਗੇ ਬੰਸ ਬਿਖੈ ਨਿਪਜੈਹੈਂ।
ਮਹਾਂਬਲੀ ਸੇ ਜਗ ਮਹਿਂ ਹ੍ਵੈ ਹੈਂ।
ਸ਼ਸਤ੍ਰ ਗਹੈਂ ਦੁਸ਼ਟਨ ਕੋ ਘਾਵਹਿ।
ਅਪਨੋ ਅਧਿਕ ਪ੍ਰਤਾਪ ਬਧਾਵਹਿਂ।
ਪਰਮ ਧਰਮ ਪੀਰੀ ਅਰੁ ਮੀਰੀ।
ਧਰਹਿਂ ਆਪ ਦੇ ਅਪਰ ਤਗੀਰੀ।
ਕਲਜੁਗ ਮਹਿਂ ਜਹਿਂ ਕਹਿਂ ਜੈਕਾਰੋ।
ਕਰਹਿਂ ਉਧਾਰਨ ਨਰਨ ਹਜ਼ਾਰੋ।
ਸੋਢਿਬੰਸ ਕਹੁ ਬਡਿ ਬਡਿਆਈ।
ਤੈਂ ਕਰਿ ਭਗਤਿ ਭਲੇ ਅਬਿ ਪਾਈ।
ਤੀਨੌ ਕਾਲ ਬਿਖੈ ਤੁਝ ਜੈਸੀ।
ਹੁਈ, ਨ ਹੈ, ਹੋਵਹਿਗੀ ਐਸੀ।
(ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੬੧੩)

ਆਪਣੀ ਲੜਕੀ ਦੇ ਬਚਨ ਸੁਣ ਕੇ ਮਹਾਰਾਜ ਜੀ ਨੇ, ਦੇਖਿਆ ਕਿ ਕਿੰਨੀ ਔਖੀ ਹੋ ਕੇ ਇਹਨੇ ਸੇਵਾ ਕਰੀ ਹੈ, ਉਸ ਵੇਲੇ ਪ੍ਰਸੰਨ ਹੋ ਕੇ ਵਰ ਦੇਣੇ ਸ਼ੁਰੂ ਕਰ ਦਿਤੇ। ਬੀਬਾ! ਤੇਰੀ ਓਲਾਦ ਬਹੁਤ ਵਧੇਗੀ। ਸਾਰੇ ਜਗਤ ਦੇ ਉਹ ਪੂਜ ਬਣਨਗੇ, ਸਦੀਆਂ ਤਕ, ਜਦੋਂ ਤਕ ਜੁਗਾਂ-ਜੁਗਾਂਤਰ ਰਹਿਣਗੇ, ਉਸ ਵੇਲੇ ਤੇਰੀ ਓਲਾਦ ਨੂੰ ਪੂਜਿਆ ਜਾਇਆ ਕਰੇਗਾ। ਤੇਰੇ ਵੰਸ ਵਿਚ ਵੱਡੇ-ਵੱਡੇ ਜੋਧੇ ਪੈਦਾ ਹੋਣੇ ਨੇ। ਜਿਨ੍ਹਾਂ ਦੇ ਮੁਕਾਬਲੇ 'ਤੇ ਪਹਿਲਾਂ ਜਗ ਤੇ ਆਇਆ ਨਹੀਂ ਉਹ ਤੇਰੇ ਵੰਸ ਵਿੱਚ ਪੈਦਾ ਹੋਣਗੇ। ਬੇਟਾ! ਤਿੰਨ ਕਾਲਾਂ 'ਚ ਨਾ ਪਹਿਲਾਂ, ਨਾ ਹੁਣ, ਨਾ ਅੱਗੇ ਵਾਸਤੇ; ਤੇਰੇ ਜੈਸੀ ਨਾ ਕੋਈ ਹੈ, ਨਾ ਕੋਈ ਹੋਈ ਅੱਜ ਤਕ, ਨਾ ਹੋਵੇਗੀ; ਕਿੰਨਾ ਪ੍ਰਸੰਨ ਹੋ ਗਏ।

ਪਿਤਾ ਗੁਰੂ, ਜਗ ਗੁਰ ਹੁਇ ਕੰਤ।
ਪੁੱਤ੍ਰ ਗੁਰੂ, ਹੁਇ ਪੌਤ੍ਰ ਮਹੰਤ॥
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੬੧੩

ਕਹਿੰਦੇ, ਤੇਰਾ ਪਿਤਾ ਵੀ ਗੁਰੂ ਹੈ, ਤੇਰਾ ਪਤੀ ਵੀ ਗੁਰੂ ਹੋਏਗਾ, ਪੁੱਤਰ ਵੀ ਗੁਰੂ ਹੋਏਗਾ, (ਗੁਰੂ ਅਰਜਨ ਦੇਵ ਜੀ), ਤੇ ਤੇਰਾ ਪੋਤਾ (ਗੁਰੂ ਹਰਿਗੋਬਿੰਦ ਸਿੰਘ ਮਹਾਰਾਜ) ਵੀ ਗੁਰੂ ਹੋਏਗਾ, ਉਸ ਤੋਂ ਵੀ ਅੱਗੇ ਤੇਰਾ ਪੜਪੋਤਾ (ਗੁਰੂ ਹਰਿਰਾਇ ਜੀ) ਗੁਰੂ ਹੋਏਗਾ। ਤੇਰਾ ਪੜੌਤਾ (ਗੁਰੂ ਤੇਗ ਬਹਾਦਰ ਸਾਹਿਬ) ਗੁਰੂ ਹੋਏਗਾ, ਪੰਜਵੀਂ ਪੁਸ਼ਤ ਦੇ ਗੁਰੂ ਹਰਿਕ੍ਰਿਸ਼ਨ ਜੀ ਵੀ ਗੁਰੂ ਹੋਣਗੇ। ਤੇਰਾ ਪੜਪੋਤਾ ਬਹੁਤ ਵੱਡਾ ਗੁਰੂ, ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਹੋਏਗਾ, ਸੋ ਤੂੰ ਤਾਂ ਐਡੀ ਤਪਸਿਆ ਕੀਤੀ ਹੈ -

ਕਯਾ ਅਬਿ ਕਹੈਂ ਤੋਰ ਬਡਿਆਈ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੬੧੩

ਹੁਣ ਬੇਟੀ! ਤੇਰੀ ਮੈਂ ਵਡਿਆਈ ਕੀ ਕਰਾਂ -

ਜਿਸਕੀ ਸਮ ਕੋ ਹ੍ਵੈ ਨ ਸਕਾਈ॥
ਅਤਿ ਪ੍ਰਸੰਨ ਸ੍ਰੀ ਅਮਰ ਕ੍ਰਿਪਾਲ।
ਇੱਤਯਾਦਿਕ ਬਰ ਦਿਯੇ ਬਿਸਾਲ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੬੧੩

ਸੋ ਸੇਵਾ ਦਾ ਫਲ ਕਿੱਡਾ ਮਹਾਨ ਹੈ, ਪੜ੍ਹੋ ਪਿਆਰ ਨਾਲ-

ਧਾਰਨਾ - ਕਰਕੇ ਕੋਈ ਵੇਖ ਲਓ,
ਸੇਵਾ ਤੋਂ ਮਿਲਦਾ ਮੇਵਾ।

ਸੇਵਾ ਕੀਤੀ ਹੋਈ ਸਫਲ ਹੁੰਦੀ ਹੈ, ਸਾਧਸੰਗਤ ਜੀ! ਕਿਉਂ ਸਫਲ ਹੋਈ ਕਿਉਂਕਿ ਬੀਬੀ ਦੇ ਮਨ ਵਿਚ ਗੁਰੂ ਅਮਰਦਾਸ ਜੀ ਬਾਰੇ ਪਿਤਾ ਭਾਵਨਾ ਨਹੀਂ ਸੀ, ਲੜਕੀ ਹੁੰਦੀ ਹੋਈ ਉਨ੍ਹਾਂ ਨੂੰ ਪ੍ਰਮੇਸ਼ਰ ਰੂਪ ਸਮਝਦੀ ਸੀ। ਜੇ ਪ੍ਰਮੇਸ਼ਰ ਭਾਵਨਾ ਨਾ ਹੁੰਦੀ, ਪਿਤਾ ਭਾਵਨਾ ਹੁੰਦੀ ਤਾਂ ਹਾਕ ਮਾਰਨੀ ਸੀ ਕਿ ਪਿਤਾ ਜੀ ਤੁਹਾਡੀ ਤਾਂ ਚੌਂਕੀ ਟੁੱਟੀ ਹੋਈ ਹੈ। ਭਰੋਸੇ ਦੇ ਨਾਲ ਸੇਵਾ ਕਰੀ ਤੇ ਪਦਵੀ ਕਿੱਡੀ ਬਣ ਗਈ, ਸਾਰਾ ਸ੍ਰਿਸ਼ਟੀ ਦਾ ਰਾਜ, ਦਰਗਾਹਾਂ ਦਾ ਰਾਜ, ਸਾਰੇ ਬ੍ਰਹਿਮੰਡਾਂ ਦਾ ਰਾਜ ਘਰ ਵਿੱਚ ਪ੍ਰਾਪਤ ਹੋ ਗਿਆ। ਬੀਬੀ ਨੂੰ ਕਿੱਡੀ ਵੱਡੀ ਪਦਵੀ ਪ੍ਰਾਪਤ ਹੋਈ।

ਧਾਰਨਾ - ਵਾਹਵਾ-ਵਾਹਵਾ
ਬਈ ਉਤਮ ਪਦਵੀ ਮਿਲਦੀ,
ਪਿਆਰੇ ਕਰਕੇ ਗੁਰਾਂ ਦੀ ਸੇਵਾ,
ਬਈ ਉਤਮ ਪਦਵੀ ਮਿਲਦੀ।

ਸੇਵਾ ਕਰਨ ਦੇ ਨਾਲ ਕਿੱਡੀਆਂ-ਕਿੱਡੀਆਂ ਪਦਵੀਆਂ ਪ੍ਰਾਪਤ ਹੁੰਦੀਆਂ ਨੇ। ਸੇਵਾਦਾਰ ਨੂੰ ਇਸੇ ਕਰਕੇ ਵਡਿਆਈ ਮਿਲੀ ਹੈ -

ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ
ਫਿਰਿ ਸਲਲੈ ਸਲਲ ਸਮਾਇਦਾ ॥
ਅੰਗ - ੧੦੭੬

ਜਿਵੇਂ ਜਲ ਦੇ ਵਿਚੋਂ ਲਹਿਰਾਂ ਉਠਦੀਆਂ ਨੇ ਤੇ ਲਹਿਰਾਂ ਫੇਰ ਪਾਣੀ 'ਚ ਸਮਾਅ ਜਾਂਦੀਆਂ ਨੇ। ਐਸ ਤਰ੍ਹਾਂ ਸੇਵਾ ਕਰਨ ਵਾਲਾ ਪ੍ਰਮੇਸ਼ਰ ਦੇ ਦੁਆਰੇ, ਗੁਰੂ ਦੇ ਦੁਆਰੇ ਪ੍ਰਵਾਨ ਹੋ ਜਾਇਆ ਕਰਦਾ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ, ਸਾਰੇ ਪ੍ਰੇਮੀ ਜਿਹੜੇ ਹਾਲੇ ਤਕ ਨਹੀਂ ਬੋਲੇ, ਉਹ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲ ਕੇ ਆਪਣੀ ਰਸਨਾ ਪਵਿੱਤਰ ਕਰ ਲਓ।

(------)

ਸੁਰਤਿ ਸਬਦਿ ਮਾਰਗ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ ਪੰਨਾ - 21)

ਇਵੇਂ ਹੀ ਕੋਈ ਸੰਸਾਰਕ ਕੰਮ ਹੈ - ਇਕ ਬੀਬੀ ਸੂਈ ਵਿੱਚ ਧਾਗਾ ਪਾਉਂਦੀ ਹੈ। ਜੇ ਉਸ ਵੇਲੇ ਉਹਦੇ ਮਨ ਵਿੱਚ ਕੋਈ ਫੁਰਨਾ ਹੋਵੇ, ਕਦੇ ਨਹੀਂ ਧਾਗਾ ਪੈਂਦਾ - ਸੂਈਂ 'ਚ। ਗੋਲੀ ਚਲਾਉਂਦਾ ਹੈ ਸਿਪਾਹੀ - ਨਿਸ਼ਾਨਾ ਸਾਮ੍ਹਣੇ ਹੈ, ਗੁਲਜ਼ਰੀ ਦੇ ਵਿੱਚ ਉਸਨੇ ਗੋਲੀ ਮਾਰਨੀ ਹੈ। ਉਸਨੇ ਸਾਹ ਰੋਕ ਲਿਆ, ਪੂਰਾ ਧਿਆਨ ਕਰ ਲਿਆ ਤੇ ਹੁਣ ਜਾਂ ਤਾਂ ਉਸਦੇ ਸਾਮ੍ਹਣੇ ਨੁਕਤਾ ਹੈ ਜਾਂ ਸਾਮ੍ਹਣੇ ਗੁਲਜ਼ਰੀ ਹੈ - ਦੋਹਾਂ ਨੂੰ ਇਕ ਲਾਇਨਿ ਵਿੱਚ ਕਰ ਕੇ ਇਕ ਧਿਆਨ ਹੋ ਗਿਆ, ਫੇਰ ਘੋੜਾ ਦੱਬ ਦਿਤਾ ਤੇ ਗੋਲੀ ਸਿੱਧੀ ਹੀ ਗੁਲਜ਼ਰੀ ਵਿੱਚ ਜਾ ਕੇ ਲਗਦੀ ਹੈ। ਉਸ ਸਮੇਂ ਉਹ ਕੋਈ ਫੁਰਨਾ ਕਰਕੇ ਦੇਖ ਲਵੇ, ਜੇ ਕਦੇ ਗੋਲੀ ਲਗ ਜਾਵੇ ਨਿਸ਼ਾਨੇ ਤੇ - ਕਦੇ ਨਹੀਂ ਲਗਦੀ, ਗੁਲਜ਼ਰੀ ਤੋਂ ਬਾਹਰ ਲਗੇਗੀ ਗੋਲੀ।

ਮਹਾਰਾਜ ਕਹਿੰਦੇ, ਕੋਈ ਵੀ ਕੰਮ ਹੈ ਸੰਸਾਰ ਦਾ, ਜੇ ਮਨ ਸਾਥ ਨਹੀਂ ਦਿੰਦਾ ਤਾਂ ਉਹ ਕਦੇ ਵੀ ਪੂਰਾ ਨਹੀਂ ਨਿਭਿਆ ਕਰਦਾ। ਦਫਤਰ 'ਚ ਬੈਠਾ ਫਾਈਲ ਪੜ੍ਹ ਰਿਹਾ ਹੈ - ਪੜ੍ਹਦਾ ਹੈ ਪਰ ਯਾਦ ਨਹੀਂ ਰਹਿੰਦਾ ਕਿਉਂਕਿ ਮਨ ਦੌੜਿਆ ਫਿਰਦਾ ਹੈ। ਮਹਾਰਾਜ ਕਹਿੰਦੇ, ਸਾਰਾ ਹੀ ਕੰਮ ਮਨ ਦਾ ਹੈ। ਜਦ ਤਕ ਮਨ ਸਾਥ ਨਹੀਂ ਦਿੰਦਾ, ਗੱਲ ਬਣਦੀ ਨਹੀਂ -

ਧਾਰਨਾ - ਮਮਾ ਮਨ ਸਿਉ ਕਾਜ ਹੈ
ਮਨ ਸਾਧੇ ਸਿਧ ਹੋਏ - ੨, ੨.

ਮਮਾ ਮਨ ਸਿਉ ਕਾਜੁ ਹੈ
ਮਨ ਸਾਧੇ ਸਿਧਿ ਹੋਇ ॥
ਮਨ ਹੀ ਮਨ ਸਿਉ ਕਹੈ ਕਬੀਰਾ
ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨

ਜੇ ਤਾਂ ਇਹ ਮਨ ਮਿੱਤਰ ਬਣ ਜਾਵੇ, ਫਿਰ ਤਾਂ ਇਹ ਰੱਬ ਨੂੰ ਮਿਲਾ ਦਿੰਦਾ ਹੈ। ਜੇ ਵੈਰੀ ਬਣ ਜਾਵੇ, ਤਾਂ ਖਾਕ ਵਿੱਚ ਮਿਲਾ ਦਿੰਦਾ ਹੈ। ਭਾਰੀ ਸਮਝੌਤਾ ਮਨ ਨਾਲ ਕਰਨਾ ਪੈਂਦਾ ਹੈ। ਜਿੰਨਾਂ ਚਿਰ ਮਨ ਨਹੀਂ ਮੰਨਦਾ - ਗੱਲ ਨਹੀਂ ਬਣਦੀ ਤੇ ਜਦੋਂ ਮਨ ਮੰਨ ਗਿਆ - ਫਿਰ ਵੱਡੀ ਤੋਂ ਵੱਡੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਧਾਰਨਾ - ਪਾਵਹਿ ਮੋਖ ਦੁਆਰ,
ਜੇ ਮਨ ਮੰਨ ਜਾਇ - ੨, ੨.

ਜੇ ਮਨ ਮੰਨ ਜਾਵੇ - ਗੁਰੂ ਦੇ ਬਚਨ ਨਾਲ -

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥ ਮਨ ਹੀ ਮਨ ਸਿਉ ਕਹੈ ਕਬੀਰਾ
ਮਨ ਸਾ ਮਿਲਿਆ ਨ ਕੋਇ ॥ ਅੰਗ- ੩

ਮੰਨ ਲਵੇ - ਕੀ ਮੰਨੇ? ਕਹਿੰਦੇ -

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥
ਅਨਿਕ ਰੰਗ ਨਾਨਾ ਦ੍ਰਿਸਟਾਹਿ ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥
ਅੰਗ - ੨੯੩

ਸੰਤਾਂ ਨੇ ਅੰਦਰ ਰੱਬ ਦਿਖਾ ਦਿਤਾ। ਜੇ ਫਿਰ ਮਨ ਮੰਨ ਜਾਏ ਗੁਰੂ ਦੇ ਬਚਨ ਨੂੰ, ਕਿ ਮੇਰੇ ਅੰਦਰ ਪ੍ਰਮੇਸ਼ਰ ਰਹਿੰਦਾ ਹੈ, ਪਰ ਦੇਖਿਆ ਨਹੀਂ। ਚਲੋ, ਦੇਖਣਾ ਤਾਂ ਹੋਰ ਚੀਜ਼ ਹੈ, ਪਹਿਲਾਂ ਤਾਂ ਮੰਨਣਾ ਹੈ। ਪਰ ਇਹ ਨਹੀਂ ਮੰਨਦਾ, ਭੁੱਲਿਆ ਰਹਿੰਦਾ ਹੈ - ਹਰ ਵਕਤ। ਜੇ ਮੰਨਿਆ ਹੋਵੇ, ਕਦੇ ਨਹੀਂ ਗਲਤੀ ਕਰਦਾ। ਗਲਤੀ ਕਰਦਾ ਹੀ ਉਦੋਂ ਹੈ, ਜਦੋਂ ਭੁੱਲ ਜਾਂਦਾ ਹੈ ਸਬਕ ਨੂੰ। ਪਹਿਲਾਂ ਮਨ ਦੇ ਨਾਲ ਕਾਜ ਹੈ, ਇਹਨੂੰ ਮਨਾਉਣਾ ਪੈਂਦਾ ਹੈ।

ਇਹ ਮਨ ਮੰਨਦਾ ਕਿਉਂ ਨਹੀਂ ਹੈ? ਮਹਾਰਾਜ ਕਹਿੰਦੇ, ਦੂਜੀ ਸ਼ਕਤੀ ਏਥੇ ਪ੍ਰਮੇਸ਼ਰ ਦੀ ਮਾਇਆ ਹੈ, ਉਹ ਬਹੁਤ ਪ੍ਰਬਲ ਹੈ। ਪੰਜ ਕਲੇਸ਼ ਹਰ ਵਕਤ ਆਦਮੀ ਦੇ ਅੰਦਰ ਰਹਿੰਦੇ ਨੇ, ਚਾਹੇ ਕਿਹੋ ਜਿਹਾ ਵੀ ਬੰਦਾ ਹੈ। ਜਿਸਨੂੰ ਗਿਆਨ ਨਹੀਂ ਹੈ, ਉਹਦਾ ਮਨ ਤਾਂ ਪੰਜ ਕਲੇਸ਼ਾਂ ਦੇ ਅੰਦਰ ਰਿੜਕਿਆ ਜਾ ਰਿਹਾ ਹੈ। ਧਿਆਨ ਨਾਲ ਸੁਣੋ - ਪੰਜ ਕਲੇਸ਼ ਕਿਹੜੇ ਨੇ। ਸਿਆਣਿਆਂ ਨੇ ਬਹੁਤ ਕੁਝ ਖੋਜ ਕੀਤੀ ਹੈ - ਮਨੋਵਿਗਿਆਨਕ ਤੌਰ ਤੇ।

ਪਹਿਲਾ ਕਲੇਸ਼ 'ਅਵਿਦਿਆ' ਦਾ ਹੈ। ਅਵਿਦਿਆਂ ਇਹ ਹੁੰਦੀ ਹੈ ਕਿ ਜਿਹੜੀ ਅਸਲੀ ਚੀਜ਼ ਹੈ, ਉਹ ਤਾਂ ਦਿਸਦੀ ਨਹੀਂ, ਨਕਲੀ ਚੀਜ਼ ਦੇਖੀ ਜਾਂਦੇ ਹਾਂ ਅਸੀਂ। ਨਕਲੀ ਤਾਂ ਕੋਈ ਵੀ ਨਹੀਂ ਦੇਖਣਾ ਚਾਹੁੰਦਾ। ਹਰ ਬੰਦਾ ਅਸਲੀ ਚੀਜ਼ ਦੇਖਣ ਦੀ ਕੋਸ਼ਿਸ਼ ਕਰਦਾ ਹੈ; ਕੋਈ ਦੇਖਦਾ ਹੈ ਨਕਲੀ?

ਫਰਜ਼ ਕਰ ਲਓ, ਹਨ੍ਹੇਰਾ ਹੋਏ ਤੇ ਵਿਹੜੇ ਜਾਂ ਬਰਾਂਡੇ ਵਿੱਚ ਰੱਸੀ ਗਿਰ ਜਾਵੇ ਕਿਸੇ ਤੋਂ। ਰੱਸੀ ਦਾ ਸੁਭਾਉ ਹੈ, ਸਿੱਧੀ ਨਹੀਂ ਗਿਰਦੀ ਕਦੇ ਵੀ - ਵਲ ਖਾਧੇ ਹੁੰਦੇ ਨੇ। ਰੱਸੀ ਪਈ ਹੈ, ਜਦ ਇੱਕ ਦਮ ਚੌਂਕ ਜਾਵਾਂਗੇ, ਬੋਲ ਵੀ ਨਹੀਂ ਨਿਕਲਦਾ, ਨੱਠ ਕੇ ਅੰਦਰ ਵੜ ਜਾਵਾਂਗੇ। ਜੇ ਨਾਲ ਦਾ, ਪੁੱਛੇ, ਕੀ ਹੈ? ਤਾਂ ਕਹਿੰਦਾ, ਹੌਲੀ ਬੋਲ, ਸੱਪ ਪਿਆ ਹੈ ਦਰਵਾਜ਼ੇ ਮੂਹਰੇ। ਉਹ ਕਹਿੰਦਾ ਹੈ, ਮੈਂ ਟਾਰਚ ਲਿਆਉਂਦਾ ਹਾਂ। ਕਹਿੰਦਾ, ਰਹਿਣ ਦੇ, ਆਪੇ ਚਲਿਆ ਜਾਊ। ਕਿਤੇ ਅੰਦਰ ਨਾ ਆ ਵੜੇ ਡਰਦੇ ਨੇ। ਉਹ ਕਹਿੰਦਾ, ਸੱਪ ਕਿਹੜਾ ਇਕ ਜਿਗ੍ਹਾ ਰਹਿੰਦੇ ਨੇ, ਇਹ ਤਾਂ ਤੁਰਦੇ ਫਿਰਦੇ ਰਹਿੰਦੇ ਨੇ। ਸਵੇਰਾ ਹੋ ਗਿਆ। ਇਕ ਕਹਿੰਦਾ ਸੱਪ ਚਲਿਆ ਗਿਆ ਹੋਣਾ ਹੈ, ਦੇਖ ਤਾਂ ਦਰਵਾਜ਼ਾ ਖੋਲ੍ਹ ਕੇ, ਕਿਤੇ ਉਥੇ ਹੀ ਨਾ ਪਿਆ ਹੋਵੇ।

ਦੂਜਾ ਦੇਖ ਕੇ ਕਹਿੰਦਾ ਹੈ, ਆ ਜਾਓ, ਆ ਜਾਓ - ਬੜਾ ਭੁਲੇਖਾ ਲਗਿਆ ਹੈ ਆਪਾਂ ਨੂੰ। ਇਹ ਤਾਂ ਰੱਸੀ ਪਈ ਸੀ, ਇਸ ਨੇ ਡਰਾ ਰੱਖਿਆ ਸਾਰੀ ਰਾਤ। ਇਸ ਤਰ੍ਹਾਂ ਅਣਹੋਈ ਚੀਜ਼ ਦੇਖ ਲਈ -

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ ਅੰਗ - ੬੫੭

ਅਸੀਂ ਅਸਲੀ ਚੀਜ਼ ਨਹੀਂ ਦੇਖਦੇ। ਹੈ ਤਾਂ ਏਥੇ ਕੇਵਲ ਵਾਹਿਗੁਰੂ, ਪਰ ਅਸੀਂ ਦੇਖਦੇ ਹਾਂ ਆਪਣੇ, ਬਿਗਾਨੇ, ਦੋਸਤ, ਮਿੱਤਰ, ਦੁਸ਼ਮਣ; ਇਹ ਪਾਕਿਸਤਾਨੀ ਹੈ, ਇਹ ਹਿੰਦੁਸਤਾਨੀ, ਅਮਕਾ, ਧਿਮਕਾ, ਕਿਉਂਕਿ ਅਗਿਆਨ ਦੇ ਵਿੱਚ ਮੋਹੇ ਹੋਏ ਹਾਂ - ਪ੍ਰਮੇਸ਼ਰ ਨਹੀਂ ਦੇਖਦੇ। ਮਹਾਰਾਜ ਕਹਿੰਦੇ ਏਥੇ ਤਾਂ ਹੈ ਹੀ ਪ੍ਰਮੇਸ਼ਰ -

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥ ਅੰਗ - ੯੨੨

ਕਹਿੰਦੇ, ਹੈਰਾਨੀ ਦੀ ਗੱਲ ਹੈ, ਪਹਿਲਾਂ ਇਹਨੂੰ ਸੰਸਾਰ ਦੇਖਦੇ ਸੀ।

ਰਾਜਾ ਜਨਕ ਨੂੰ ਅਸ਼ਟਾਵਕਰ ਮੁਨੀ ਨੇ ਜਦ ਗਿਆਨ ਦੇ ਦਿਤਾ ਤੇ ਉਹਦੇ ਮੁੱਖ ਤੋਂ ਜਦ ਬਚਨ ਨਿਕਲੇ ਤਾਂ ਰਾਜਾ ਕਹਿੰਦਾ, ਹੈਰਾਨੀ ਦੀ ਗੱਲ ਹੈ, ਸੰਸਾਰ ਕਿਥੇ ਚਲਿਆ ਗਿਆ? ਮੈਨੂੰ ਇਉਂ ਲਗਦਾ ਹੈ ਕਿ ਸੰਸਾਰ ਤਾਂ ਤਿੰਨ ਕਾਲ ਹੋਇਆ ਹੀ ਨਹੀਂ। ਸਹੇ (ਖਰਗੋਸ਼) ਦੇ ਸਿੰਗਾਂ ਵਾਲੀ ਗੱਲ ਹੋ ਗਈ। ਨ ਸਹੇ ਦੇ ਸਿੰਗ ਹੋਣ, ਐਵੇਂ ਭੁਲੇਖੇ ਦੇ ਨਾਲ ਕਹੀ ਜਾਂਦੇ ਸੀ - ਸਹੇ ਦੇ ਸਿੰਗ ਨੇ।

ਇਉਂ ਅਣਹੋਈ ਚੀਜ਼ ਨੂੰ ਹੋਈ ਥਾਪ ਲੈਣਾ। ਇਹ ਅਣਹੋਈ ਜਦ ਮਨ ਵਿੱਚ ਵਸ ਜਾਵੇ ਤਾਂ ਹੋਈ ਚੀਜ਼, ਜਿਹੜਾ 'ਵਾਹਿਗੁਰੂ' ਹੈ, ਉਹਨੂੰ ਭੁਲਾ ਦਿੰਦੀ ਹੈ। ਸਵੇਰ ਵੇਲੇ ਸਿੱਪੀ ਚਮਕ ਰਹੀ ਹੈ - ਚੰਦ ਦੀ ਚਾਂਦਨੀ ਵਿਚ। ਆਦਮੀ ਦੇਖਦਾ ਹੈ, ਮਨ ਦੇ ਵਿੱਚ ਲਾਲਚ ਆ ਜਾਂਦਾ ਹੈ ਕਿ ਇਹ ਤਾਂ ਚਾਂਦੀ ਪਈ ਹੈ। ਦਿਨ ਚੜ੍ਹ ਜਾਂਦਾ ਹੈ ਤੇ ਦੇਖਦਾ ਹੈ ਕਿ ਇਹ ਤਾਂ ਸਿੱਪੀ ਦਾ ਹੀ ਝਲਕਾਰਾ ਪਿਆ ਸੀ, ਭੁਲੇਖਾ ਲਗ ਗਿਆ - ਚਾਂਦੀ ਦਾ। ਇਉਂ ਵੱਡਾ ਭੁਲੇਖਾ ਲੱਗਿਆ ਹੋਇਆ ਬੰਦੇ ਨੂੰ ਕਿ ਇਹ ਸੰਸਾਰ ਹੈ, ਪਰ ਹੈ ਇਹ ਪ੍ਰਮੇਸ਼ਰ। ਗਿਆਨ ਧਿਆਨ ਕੁਛ ਕਰੀ ਜਾਓ, ਨਹੀਂ ਬੰਦਾ ਬਦਲਦਾ ਕਿਉਂਕਿ 'ਅਵਿਦਿਆ' ਜਿਸਨੂੰ ਮਾਇਆ ਕਹਿੰਦੇ ਨੇ, ਐਡੀ ਵੱਡੀ ਸ਼ਕਤੀ ਹੈ ਜਿਹਦਾ ਕੰਮ ਹੀ ਇਹ ਹੈ ਕਿ ਪ੍ਰਮੇਸ਼ਰ ਨੂੰ ਭੁਲਾ ਕੇ ਰੱਖਣਾ ਹੈ, ਨਾਮ ਨੂੰ ਭੁਲਾ ਦੇਣਾ ਹੈ -

ਧਾਰਨਾ - ਬਿਸਰਿਓ ਗੋਬਿੰਦ ਨਾਮ ਮਨ ਮੋਹ ਲਿਆ, ਮਾਇਆ ਮੋਹਣੀ ਨੇ - ੨, ੨.

ਮਨੁ ਮਾਇਆ ਮੈ ਫਧਿ ਰਹਿਓ
ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ
ਜੀਵਨ ਕਉਨੇ ਕਾਮ॥ ਅੰਗ - ੧੪੨੭

ਮਹਾਰਾਜ ਦਸਦੇ ਨੇ ਕਿ ਮਾਇਆ ਪਰਮੇਸ਼ਰ ਨੇ ਤੇਰੇ ਗੁਜਰਾਨ ਵਾਸਤੇ ਦਿਤੀ ਸੀ, ਔਰਤ ਈਮਾਨ ਵਾਸਤੇ ਦਿਤੀ ਸੀ। ਭੁੱਲਣ ਵਾਸਤੇ ਤਾਂ ਨਹੀਂ ਸੀ ਦਿਤੇ ਕਿ ਤੂੰ ਦਾਤੇ ਨੂੰ ਹੀ ਭੁੱਲ ਜਾਵੇਂ। ਦਿਤੀ ਹੋਈ ਚੀਜ਼ ਨਾਲ ਪਿਆਰ ਪਾ ਲਿਆ -

ਦਾਤਿ ਪਿਆਰੀ ਵਿਸਰਿਆ ਦਾਤਾਰਾ॥
ਅੰਗ - ੬੭੬

'ਮਨ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥ ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ॥' ਤੇਰੇ ਜੀਵਨ ਦਾ ਕੀ ਫਾਇਦਾ ਹੋਇਆ? ਇਹ ਤਾਂ ਉਲਟ ਗੱਲ ਹੋ ਗਈ ਕਿ ਤੈਨੂੰ ਮਾਇਆ ਮਿਲ ਗਈ ਤੇ ਰੱਬ ਭੁੱਲ ਗਿਆ।

ਗੁਰੂ ਨਾਨਕ ਸਾਹਿਬ ਕਹਿੰਦੇ, "ਰਾਜਾ ਸ਼ਿਵਨਾਭ! ਇਉਂ ਗੱਲ ਸਮਝਣ ਦੀ ਲੋੜ ਹੈ। ਪਹਿਲਾਂ ਜਦ ਤੂੰ ਮੂਲ ਚੰਗੀ ਤਰ੍ਹਾਂ ਸਮਝ ਲਵੇਂਗਾ, ਫਿਰ ਮਨ ਦੀ ਬਾਤ ਵੀ ਤੇਰੇ ਨਾਲ ਕੀਤੀ ਜਾਵੇਗੀ - ਮਨ ਕਿਵੇਂ ਦੇਖਣਾ ਹੈ। ਪਹਿਲਾਂ ਪਹਿਲੀਆਂ ਗੱਲਾਂ ਸਮਝ। ਜਦ ਤੱਕ ਪੂਰੀ ਤਰ੍ਹਾਂ ਗੱਲ ਨ ਸਮਝ ਆਵੇ, ਗੱਲ ਨਹੀਂ ਬਣਿਆ ਕਰਦੀ।"

ਜਹਾਜ਼ ਬੜਾ ਵੱਡਾ ਹੁੰਦਾ ਹੈ, ਪੂਰਾ ਸ਼ਹਿਰ ਇਕ ਜਹਾਜ਼ ਵਿੱਚ ਆ ਜਾਂਦਾ ਹੈ, ਪਰ ਉਹ, ਤਾਂ ਚਲਦਾ ਹੈ ਸਮੁੰਦਰ ਵਿਚ, ਜੇ ਉਸ ਵਿੱਚ ਕੋਈ ਗਲੀ ਨਾ ਹੋਵੇ। ਜੇ ਇਕ ਵੀ ਛੇਕ ਹੋਵੇ ਤਾਂ ਉਸ ਵਿੱਚੋਂ ਦੀ ਪਾਣੀ ਪੈਣਾ ਸ਼ੁਰੂ ਹੋ ਜਾਏਗਾ ਤੇ ਡੁਬੋ ਦਏਗਾ - ਜਹਾਜ਼ ਨੂੰ। ਪਹਿਲਾਂ ਗਲੀਆਂ ਬੰਦ ਕਰੋ, ਪਲੱਗ ਕਰੋ ਸਾਰੀਆਂ ਜਿੰਨੀਆਂ ਕਮਜ਼ੋਰੀਆਂ ਨੇ। ਇਸ ਤਰ੍ਹਾਂ ਮਨ ਦੇ ਨਾਲ ਪਹਿਲਾਂ ਵਾਸਤਾ ਪੈਂਦਾ ਹੈ ਸਾਡਾ। ਉਹਦੇ ਕਰਕੇ ਪਹਿਲਾਂ ਸਾਨੂੰ ਅਵਿਦਿਆ ਦਾ ਦੋਸ਼ ਲਗਦਾ ਹੈ ਤੇ ਵਾਹਿਗੁਰੂ ਦੀ ਥਾਂ ਤੇ ਚੰਗਾ-ਮਾੜਾ, ਇਹ ਦੁਨੀਆਂ ਜੋ ਨਜ਼ਰ ਆਉਂਦੀ ਹੈ, ਇਹਨੂੰ 'ਅਵਿਦਿਆ' ਕਹਿੰਦੇ ਨੇ।

ਦੂਸਰਾ ਕਲੇਸ਼ ਹੁੰਦਾ ਹੈ 'ਅਸਮਿਤਾ'। ਅਸਮਿਤਾ ਇਹ ਹੁੰਦੀ ਹੈ ਕਿ ਰੱਬ ਦੇ ਨਾਲ ਪਿਆਰ ਨਾ ਕਰਨਾ ਤੇ ਜਿਹੜੀਆਂ ਚੀਜ਼ਾਂ ਆਉਂਦੀਆਂ ਜਾਂਦੀਆ ਨੇ, ਉਨ੍ਹਾਂ ਨੂੰ ਪੱਕੀਆਂ ਸਮਝਣਾ। ਆਪਣੀ ਕੋਠੀ ਨੂੰ ਸਮਝਣਾ ਕਿ ਇਹ ਕਿਤੇ ਨਹੀਂ ਜਾਂਦੀ, ਜ਼ਮੀਨ ਨੂੰ ਕਹਿਣਾ - ਕਿਤੇ ਨਹੀਂ ਜਾਂਦੀ, ਕਾਰੋਬਾਰ ਨੂੰ, ਪੁੱਤਾਂ ਧੀਆਂ ਨੂੰ, ਰਿਸ਼ਤੇਦਾਰਾਂ ਨੂੰ, ਆਪਣੇ ਸਰੀਰ ਨੂੰ ਸਮਝਣਾ ਕਿ ਇਹ ਕਿਤੇ ਨਹੀਂ ਜਾਂਦਾ। ਹੰਗਤਾ ਧਾਰਨ ਕਰਕੇ ਕਹਿਣਾ - ਮੈਂ ਹਾਂ, ਮੇਰਾ ਹੈ। ਇਹ 'ਮੈਂ' ਤੇ 'ਮੇਰਾ' ਚੇਤੇ ਆ ਜਾਣਾ 'ਅਸਮਿਤਾ' ਦਾ ਕਲੇਸ਼ ਹੁੰਦਾ ਹੈ, ਸਾਰਿਆਂ ਦੇ ਅੰਦਰ ਹੁੰਦਾ ਹੈ ਇਹ।

ਗੁਰੂ ਨਾਨਕ ਪਾਤਸ਼ਾਹ ਜਦ ਝੰਡੇ ਬਾਢੀ ਕੋਲ ਗਏ, ਉਸ ਵੇਲੇ ਇੰਦਰਸੈਨ ਉਹਦਾ ਸੰਗੀ-ਸਾਥੀ ਸੀ, ਦੋਏ ਇਕੱਠੇ ਭਜਨ ਕਰਦੇ ਸੀ। ਜਦੋਂ ਪ੍ਰਸ਼ਾਦਾ ਲੈ ਕੇ ਆ ਗਏ ਮਹਾਰਾਜ ਕੋਲ ਤਾਂ

ਪਹਿਲਾ ਸਵਾਲ ਉਨ੍ਹਾਂ ਨੇ ਇਹ ਕਰਿਆ, "ਪਾਤਸ਼ਾਹ! ਬੜੀ ਦੇਰ ਹੋ ਗਈ, ਬੜੇ ਅਸੀਂ ਸਾਧਨ ਕਰੇ ਨੇ, ਬੜੇ-ਬੜੇ ਯੋਗਿਕ ਤਰੀਕੇ ਵੀ ਕੀਤੇ ਨੇ ਪਰ ਸਾਨੂੰ ਗਿਆਨ ਸਾਖਸ਼ਾਤਕਾਰ ਨਹੀਂ ਹੁੰਦਾ, ਅੰਦਰੋਂ ਪ੍ਰਤੱਖ ਨਹੀਂ ਹੁੰਦਾ, ਅਨੁਭਵ ਨਹੀਂ ਖੁਲ੍ਹਦਾ; ਜਿਹੜੀਆਂ ਗੱਲਾਂ ਪੁਸਤਕਾਂ ਵਿਚ ਲਿਖੀਆਂ ਸੁਣੀਦੀਆਂ ਨੇ, ਕ੍ਰਿਪਾ ਕਰਕੇ ਦੱਸੋ।" ਮਹਾਰਾਜ ਕਹਿਣ ਲੱਗੇ -

"ਦੱਛਣਾ ਦਿਉ ਪਹਿਲਾਂ ਸਾਨੂੰ।"

"ਮਹਾਰਾਜ! ਆਪ ਹੀ ਫੁਰਮਾਓ। ਜਿੰਨੀ ਮਾਇਆ ਕਹੋ, ਅਸੀਂ ਦੱਛਣਾ ਦੇਣ ਨੂੰ ਤਿਆਰ ਹਾਂ।"

"ਮਾਇਆ ਛਾਇਆ ਨਹੀਂ ਚਾਹੀਦੀ ਸਾਨੂੰ।"

"ਹੋਰ ਜਿਹੜੀ ਚੀਜ਼ ਕਹੋ, ਵਸਤਰ ਆਦਿ ਹਾਜ਼ਰ ਕਰ ਦਿੰਦੇ ਹਾਂ।"

"ਨਾ ਭਾਈ! ਜਿਹੜੀ ਅਸਲੀ ਚੀਜ਼ ਤੁਹਾਡੇ ਕੋਲ ਹੈ, ਤੁਹਾਡੇ ਨਾਲੋਂ ਕਦੇ ਅਲਹਿਦਾ ਨਹੀਂ ਹੁੰਦੀ ਉਹ ਸਾਨੂੰ ਦਿਉਂ।"

ਸੁਣ ਕੇ ਹੈਰਾਨ ਹੋ ਜਾਂਦੇ ਨੇ ਉਹ ਕਿ ਐਸੀ ਕਿਹੜੀ ਚੀਜ਼ ਹੈ ਸਾਡੇ ਕੋਲ, ਜਿਹੜੀ ਕਦੇ ਅਲਹਿਦਾ ਨਹੀਂ ਹੁੰਦੀ।

ਥੋੜ੍ਹਾ-ਥੋੜ੍ਹਾ ਗਿਆਨ ਹੋਇਆ ਕਿ ਇਹ ਸਰੀਰ ਹੈ ਪਰ ਇਹ ਵੀ ਅੱਗੇ ਨਾਲ ਨਹੀਂ ਜਾਂਦਾ, ਅਲਹਿਦਾ ਹੋ ਜਾਂਦਾ ਹੈ। ਅਖੀਰ ਅੰਦਰ ਨੂੰ ਜਾਣਾ ਸ਼ੁਰੂ ਕਰ ਦਿਤਾ - ਭਜਨ ਕਰਨ ਵਾਲੇ ਸੀ। ਕਹਿੰਦੇ, ਸਰੀਰ ਵੀ 'ਮੈਂ' ਨਹੀਂ ਹਾਂ। ਇਹਦੇ ਪੰਜਾਂ ਤੱਤਾਂ ਵਿਚੋਂ ਵੀ ਮੈਂ ਨਹੀਂ ਹਾਂ, ਪੰਜ ਕਰਮ ਇੰਦ੍ਰਿਆਂ ਵਿਚੋਂ, ਪੰਜ ਗਿਆਨ ਇੰਦ੍ਰਿਆਂ ਵਿਚੋਂ, ਪੰਜ ਪ੍ਰਾਣਾਂ ਵਿਚੋਂ ਵੀ 'ਮੈਂ' ਨਹੀਂ ਹਾਂ। ਫੇਰ ਮਨ, ਬੁੱਧ, ਚਿੱਤ - ਇਨ੍ਹਾਂ ਵਿਚੋਂ ਤਾਂ ਮੈਂ ਕੋਈ ਭੀ ਨਹੀਂ ਹਾਂ।" "ਮਹਾਰਾਜ! ਆਹ ਹੀ ਦੱਸੋ, ਇਹ ਚੀਜ਼ਾਂ ਤਾਂ ਸਾਡੇ ਨਾਲ ਰਹਿੰਦੀਆਂ ਨਹੀਂ, ਛੱਡ ਕੇ ਤੁਰ ਜਾਈਦਾ ਹੈ। ਮਨ ਵੀ ਇਕੋ ਜਿਹਾ ਨਹੀਂ ਰਹਿੰਦਾ, ਬੁੱਧ ਤੇ ਚਿੱਤ ਵੀ ਇਕੋ ਜਿਹੇ ਨਹੀਂ ਰਹਿੰਦੇ। ਪਾਤਸ਼ਾਹ! ਕ੍ਰਿਪਾ ਕਰਕੇ ਸਾਨੂੰ ਸਮਝਾਓ ਕਿ ਸਾਡੇ ਕੋਲ ਐਸੀ ਕਿਹੜੀ ਚੀਜ਼ ਹੈ ਜੋ ਮਰਨ ਤੋਂ ਬਾਅਦ ਵੀ ਸਾਡੇ ਨਾਲ ਜਾਂਦੀ ਹੈ।"

ਮਹਾਰਾਜ ਕਹਿੰਦੇ, "ਭਾਈ! ਉਹ 'ਹੰਗਤਾ' ਤੇ 'ਮਮਤਾ' ਹੈ। ਇਕ 'ਮੇਰੀ' ਨਹੀਂ ਮਰਦੀ - ਇਹ ਮਨੁੱਖ ਦੇ ਨਾਲ ਰਹਿੰਦੀਆਂ ਨੇ। 'ਮੇਰੀ' ਵਾਸ਼ਨਾ ਬਣਾਉਂਦੀ ਹੈ ਤੇ 'ਮੈਂ' ਜਨਮ ਮਰਨ ਵਿਚ ਲਿਆਉਂਦੀ ਹੈ ਕਿ ਮੈਂ ਜੀਵ ਹਾਂ। ਇਹ 'ਜੀਵਪੁਣਾ' ਤਾਂ ਦੇ ਦਿਉ ਸਾਨੂੰ, ਫਿਰ ਬਾਕੀ ਕੀ ਰਹਿ ਗਿਆ?" ਕਹਿੰਦੇ, "ਬਾਕੀ 'ਆਤਮਾ' ਰਹਿ ਗਈ।" ਐਨੀ ਹੀ ਗੱਲ ਕਹੀ ਕਿ ਉਸੇ ਵੇਲੇ ਦੋਨਾਂ ਦੀ ਸਮਾਧੀ ਲਗ ਗਈ। ਇਕ ਪਹਿਰ ਬੈਠੇ ਰਹੇ, ਸੁਰਤ ਚੜ੍ਹ ਗਈ, ਆਤਮਾ ਸਾਖਸ਼ਾਤ ਹੋ ਗਈ। ਇਸ ਤਰ੍ਹਾਂ 'ਹੰਗਤਾ' 'ਮਮਤਾ' ਦੋਵੇਂ ਚੀਜ਼ਾਂ ਕਲੇਸ਼ ਹਨ, ਇਸ ਕਲੇਸ਼ ਨੂੰ 'ਅਸਿਮਿਤਾ' ਕਹਿੰਦੇ ਨੇ।

ਤੀਜਾ ਕਲੇਸ਼ ਹੋਇਆ ਕਰਦਾ ਹੈ 'ਅਭੀਨਿਵੇਸ਼'। ਗੁਰੂ ਗ੍ਰੰਥ ਸਾਹਿਬ ਸਾਨੂੰ ਉਪਦੇਸ਼ ਦਿੰਦੇ ਨੇ ਕਿ ਇਹ ਕੰਮ ਕਰ ਤੇ ਔਹ ਨਾ ਕਰ, ਔਹ ਨਾ ਕਰ। ਮਹਾਰਾਜ ਕਹਿੰਦੇ ਕਿ ਆਹ ਗੱਲ ਮੰਨ ਲੈ ਕਿ ਵਾਹਿਗੁਰੂ ਸਾਰੇ ਪ੍ਰੀਪੂਰਨ ਹੈ, ਇਹ ਜੱਗ ਵਾਹਿਗੁਰੂ ਦਾ ਰੂਪ ਹੈ। ਇਹਦੇ ਉਤੇ ਸ਼ਰਧਾ ਨਾ ਲਿਆਉਣੀ, ਗੁਰੂ ਗ੍ਰੰਥ ਸਾਹਿਬ ਦੀ ਬਾਤ ਨੂੰ ਸਤਿ ਨਾ ਮੰਨਣਾ ਅਤੇ ਆਪਣੀ ਅਕਲ ਨੂੰ ਸਤਿ ਮੰਨੀ ਜਾਣਾ, ਇਹ ਤੀਸਰਾ ਕਲੇਸ਼ ਹੈ ਜਿਹੜਾ ਆਦਮੀ ਦੇ ਮਨ ਵਿਚੋਂ ਨਿਕਲਦਾ ਨਹੀਂ - ਕਦੇ ਵੀ। ਨਾ-ਕਰਨ ਯੋਗ ਕੰਮਾਂ ਦੇ ਵਿਚ ਤਾਂ ਮਨ ਲਾਉਣਾ, ਹਠ ਕਰਨਾ, ਐਸੇ ਬਚਨ ਕਹਿਣੇ ਜਾਂ ਐਸੀ ਸੋਚ ਰਖਣੀ ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਉਲਟ ਹੈ, ਇਹਨੂੰ ਮਨਮਤਿ ਕਹਿੰਦੇ ਨੇ। ਫਿਰ ਮੌਤ ਤੋਂ ਡਰਨਾ ਕਿ ਮੈਂ ਮਰ ਜਾਵਾਂਗਾ। ਮਹਾਰਾਜ ਕਹਿੰਦੇ ਨੇ -

ਧਾਰਨਾ - ਜੰਮਦਾ ਤੇ ਮਰਦਾ ਹੈ
ਹਉਮੈ ਦਾ ਬੰਨ੍ਹਿਆ ਹੋਇਆ -੨, ੨
ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ
ਫਿਰਿ ਫਿਰਿ ਜੋਨੀ ਪਾਹਿ॥ ਅੰਗ - ੪੬੬

ਕਹਿੰਦੇ, ਇਹ ਜਿਹੜੀ ਚੀਜ਼ ਹੈ, ਜਦੋਂ ਤੱਕ ਇਹ ਬੰਦੇ ਦੇ ਅੰਦਰੋਂ ਨਹੀਂ ਨਿਕਲਦੀ, ਜੰਮਣ ਮਰਨ ਖਤਮ ਨਹੀਂ ਹੁੰਦਾ। ਇਸ ਕਰਕੇ ਹੰਗਤਾ ਤੇ ਮਮਤਾ ਨੂੰ ਦਾਨ ਕਰ ਦੇ ਤੂੰ - ਗੁਰੂ ਨੂੰ। ਤਨ, ਮਨ, ਧਨ; ਗੁਰੂ ਨੂੰ ਸਾਡੇ ਤਨ ਦੀ ਤਾਂ ਲੋੜ ਨਹੀਂ ਮਨ ਦੀ ਲੋੜ ਨਹੀਂ, ਧਨ ਦੀ ਲੋੜ ਨਹੀਂ; ਉਹ ਤਾਂ ਕਹਿੰਦੇ ਨੇ ਹੰਗਤਾ ਤੇ ਮਮਤਾ ਦੇ ਦੇ - 'ਮੈਂ' ਤੇ 'ਮੇਰੀ'। ਇਹਦੇ ਨਾਲ ਕੀ ਹੋ ਜਾਂਦਾ ਹੈ? ਇਹਦੇ ਅੰਦਰ ਹੋਣ ਨਾਲ ਕੋਈ ਆਪਣੇ ਤੇ ਕੋਈ ਬਿਗਾਨੇ ਲੱਗਣ ਲੱਗ ਜਾਂਦੇ ਨੇ, ਦਵੈਤ ਹੋ ਜਾਂਦੀ ਹੈ। ਇਹ ਰਾਗ ਤੇ ਦਵੈਸ਼ ਦੋ ਕਲੇਸ਼ ਹਨ।

ਰਾਜਨ! ਇਹ ਪੰਜ ਕਲੇਸ਼ ਆਦਮੀ ਦੇ ਮਨ ਨੂੰ ਹਰ ਵਕਤ ਰਿੜਕਦੇ ਨੇ, ਜਿਵੇਂ ਮਧਾਣੀ ਚਲਦੀ ਹੋਵੇ। ਕਿਵੇਂ ਆਦਮੀ ਦਾ ਮਨ ਸ਼ਾਂਤ ਹੋ ਜਾਵੇਗਾ? ਏਥੇ ਹੀ ਬੱਸ ਨਹੀ; ਤੈਹਾਂ ਦੀਆਂ ਤੈਹਾਂ ਅੰਦਰ ਜੰਮ ਜਾਂਦੀਆਂ ਨੇ। ਇਕ, ਦੋ, ਚਾਰ ਤੈਹਾਂ ਨਹੀਂ, ਐਨੀਆਂ ਤੈਹਾਂ ਲਗ ਜਾਂਦੀਆ ਨੇ ਕਿ ਅੰਦਰ ਰਹਿੰਦਾ ਹੋਇਆ ਨਿਰੰਕਾਰ, ਅਦ੍ਰਿਸ਼ਟ ਰਹਿੰਦਾ ਹੈ -

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ॥ ਅੰਗ - ੧੨੬੩

ਕਰਾਰੀ ਕੰਧ ਬਣਾ ਦਿੰਦੀਆਂ ਨੇ ਇਹ - ਰੱਬ ਦੇ ਅਤੇ ਸਾਡੇ ਵਿਚਾਲੇ। ਉਹ ਕੰਧ ਜਿਹੜੀ ਹੈ, ਪਾਪਾਂ ਦੀ ਮੈਲ ਦੀ ਹੈ-

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ॥ ਅੰਗ - ੬੫੧

ਉਸ ਮੈਲ ਨਾਲ ਇਹ ਮਨ ਕਾਲਾ ਸਿਆਹ ਹੋਇਆ ਪਿਆ ਹੈ, ਯਾਨਿ ਐਨਾ ਕਾਲਾ ਹੋ ਗਿਆ ਕਿ ਕਾਲਾ ਰੰਗ ਵੀ ਉਹਦੇ ਸਾਮ੍ਹਣੇ ਫਿੱਕਾ ਪੈ ਜਾਂਦਾ ਹੈ ਸਾਰਿਆਂ ਦਾ - ਮੇਰਾ ਵੀ ਤੇ ਹੋਰਾਂ ਦਾ ਵੀ। ਮਨ ਉਹਦਾ ਕਾਲਾ ਨਹੀਂ ਹੈ ਜਿਹਦੇ ਅੰਦਰ ਪ੍ਰਮੇਸ਼ਰ ਦੀ ਜੋਤਿ ਸਾਖਸ਼ਾਤਕਾਰ ਹੋ ਗਈ।

ਸਾਧ ਸੰਗਤ ਜੀ! ਇਹ ਕੋਈ ਨਿਰੀਆਂ ਗੱਲਾਂ ਦੀ ਬਾਤ ਨਹੀਂ ਹੈ, ਅੰਦਰ ਜੋਤਿ ਦਾ ਪ੍ਰਕਾਸ਼ ਹੁੰਦਾ ਹੈ। ਜਿਹਦੇ ਹੋ ਗਿਆ,

ਮਹਾਰਾਜ ਨੇ ਇਸ ਦੀਆਂ ਨਿਸ਼ਾਨੀਆਂ ਲਿਖੀਆਂ ਨੇ -

ਨਉਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥
ਅੰਗ - ੨੯੩

ਉਥੇ ਫੁਰਨਾ ਨਹੀਂ ਕੋਈ ਵੀ ਤੇ ਵਾਹਿਗੁਰੂ ਦੀ ਦਰਗਾਹ ਦੇ ਨਾਦ ਆਪੇ ਹੀ ਵੱਜਣ ਲਗ ਜਾਂਦੇ ਨੇ - ਆਟੋਮੈਟਿਕ ਹੀ। ਫਿਰ ਸਮਝ ਲਵੇ ਕਿ ਮੈਂ ਹੁਣ ਪਹੁੰਚ ਗਿਆ ਸੁੰਨ ਮੰਡਲ ਵਿੱਚ। ਉਥੇ ਅਜਿਹਾ ਬਿਸਮਾਦ ਹੈ ਕਿ ਕਿਹਾ ਨਹੀਂ ਜਾਂਦਾ -

ਤਿਤੁ ਘਟ ਅੰਤਰਿ ਚਾਨਣਾ
ਕਰਿ ਭਗਤਿ ਮਿਲੀਜੈ॥ ਅੰਗ - ੯੫੪
ਨਾਮੁ ਜਪਤ ਕੋਟਿ ਸੂਰ ਉਜਾਰਾ
ਬਿਨਸੈ ਭਰਮੁ ਅੰਧੇਰਾ॥ ਅੰਗ - ੭੦੦

ਮਹਾਰਾਜ ਕਹਿੰਦੇ ਨੇ ਕਿ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਹ ਪ੍ਰਕਾਸ਼ ਤਾਂ ਹੈ ਹੀ ਸਾਡੇ ਅੰਦਰ ਪਰ ਇਸ ਮੈਲ ਨੇ ਉਹਨੂੰ ਢਕ ਲਿਆ ਹੈ। 'ਜਨਮ ਜਨਮ ਕੀ ਇਸੁ ਮਨ ਕਉ ਮਲ ਲਾਗੀ' - ਰਾਗ ਦੀ, ਦਵੈਸ ਦੀ, ਅਵਿਦਿਆ ਦੀ, ਅਸਮਿਤਾ ਦੀ, ਅਭੀਨਿਵੇਸ਼ ਦੀ ਮੈਲ ਲੱਗੀ ਹੋਈ ਹੈ। ਅੰਤਰ ਆਤਮੇ ਲਗਦੀ ਹੀ ਤੁਰੀ ਜਾਂਦੀ ਹੈ 'ਕਾਲਾ ਹੋਆ ਸਿਆਹੁ॥' ਤੇ ਕੋਹਲੂ ਦੀ ਲੀਰ ਵਰਗੀ ਬਣ ਗਈ -

ਖੰਨਲੀ ਧੋਤੀ ਉਜਲੀ ਨ ਹੋਵਈ
ਜੇ ਸਉ ਧੋਵਣਿ ਪਾਹੁ॥ ਅੰਗ - ੬੫੧

ਕਹਿੰਦੇ, ਮਹਾਰਾਜ! ਕੋਈ ਤਰੀਕਾ ਵੀ ਹੈ? ਹਾਂ, ਹੈ; ਤਰੀਕਾ ਇਹ ਹੈ ਕਿ ਹੰਗਤਾ ਤੇ ਮਮਤਾ ਗੁਰੂ ਦੇ ਚਰਨਾਂ 'ਚ ਰਖ ਦੇਵੇ। ਇਹਨੂੰ ਕਹਿੰਦੇ ਨੇ 'ਜਿਉਂਦੇ ਮਰਨਾ।' ਜਦੋਂ ਆਪਣਾ ਕੁਛ ਨ ਰਿਹਾ, ਸਭ ਕੁਝ ਗੁਰੂ ਦਾ ਹੋ ਗਿਆ, ਫਿਰ ਮਨ ਦੀ ਮੱਤ ਛੱਡ ਦਿਉ, ਗੁਰੂ ਦੀ ਮੱਤ ਧਾਰਨ ਕਰ ਲਉ - ਸਮਝੋ ਆਪਾਂ ਜਿਉਂਦੇ ਮਰ ਗਏ ਕਿਉਂਕਿ 'ਮੈਂ' ਤੇ 'ਮੇਰੀ' ਗੁਰੂ ਦੇ ਚਰਨਾਂ ਵਿੱਚ ਰੱਖ ਦਿਤੀ। ਬੇਨਤੀ ਕਰ ਦਿਉ ਕਿ ਮਹਾਰਾਜ! ਇਹ ਵਾਧੂ ਜਿਹੀ ਚੀਜ਼ 'ਮੈਂ' ਤੇ 'ਮੇਰੀ' ਨੂੰ ਤੁਸੀਂ ਹੀ ਸਾਂਭੋ। ਮੈਂ ਤਾਂ ਸਮਝਿਆ ਸੀ ਕਿ ਇਹ ਬੜੀ ਚੰਗੀ ਚੀਜ਼ ਹੈ। ਜਦ ਇਉਂ ਹੋ ਗਿਆ, ਫਿਰ ਗੁਰੂ ਦੀ ਕ੍ਰਿਪਾ ਹੋ ਜਾਂਦੀ ਹੈ ਫਿਰ -

ਗੁਰ ਪਰਸਾਦੀ ਜੀਵਤੁ ਮਰੈ
ਉਲਟੀ ਹੋਵੈ ਮਤਿ ਬਦਲਾਹੁ॥ ਅੰਗ - ੬੫੧

ਜਿਉਂਦਾ ਮਰ ਕੇ ਫਿਰ ਗੁਰੂ ਦੇ ਘਰ ਵਿੱਚ ਜਿਉਂਦਾ ਹੈ। ਫੇਰ ਪਹਿਲੀ ਮੱਤ ਨਹੀਂ ਰਹਿੰਦੀ, ਉਲਟੀ ਹੋ ਕੇ ਗੁਰੂ ਵਾਲੀ ਮੱਤ ਬਣ ਜਾਂਦੀ ਹੈ -

ਕਹਿ ਕਬੀਰ ਬੁਧਿ ਹਰਿ ਲਈ ਮੇਰੀ
ਬੁਧਿ ਬਦਲੀ ਸਿਧਿ ਪਾਈ॥ ਅੰਗ - ੩੩੯

ਬੁੱਧੀ ਬਦਲ ਗਈ ਤੇ ਸਿੱਧੀ ਪ੍ਰਾਪਤ ਹੋ ਗਈ, ਸੱਚੀ ਬੁੱਧ ਮਿਲ ਗਈ, ਉਨਮਨੀ ਵਿੱਚ ਮਨ ਚਲਿਆ ਗਿਆ।

ਨਾਨਕ ਮੈਲੁ ਨ ਲਗਈ
ਨਾ ਫਿਰਿ ਜੋਨੀ ਪਾਹੁ॥ ਅੰਗ - ੬੫੧

ਫਿਰ ਮਨ ਨੂੰ ਮੈਲ ਲਗਣੀ ਹੀ ਨਹੀਂ ਕਿਉਂਕਿ ਉਹ ਮੈਲ-ਪਰੂਫ ਹੈ। 'ਮੈਂ' ਤੇ 'ਮੇਰੀ' ਵਿਚ ਹੀ ਮੈਲ ਹੈ।

ਇਸ ਤਰ੍ਹਾਂ ਮਹਾਰਾਜ ਨੇ ਜਦ ਦੱਸਿਆ ਕਿ ਇਹ ਤਰੀਕਾ ਹੈ, ਹੈਰਾਨ ਹੋ ਕੇ ਰਾਜਾ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਗੱਲ ਬਹੁਤ ਲੰਮੀ ਚੌੜੀ ਹੈ, ਮੈਨੂੰ ਤਾਂ ਸਮਝ ਵਿੱਚ ਨਹੀਂ ਆਈ - ਬਿਲਕੁਲ ਵੀ। ਮੈਨੂੰ ਤੁਸੀਂ ਹੌਲੀ-ਹੌਲੀ ਬੱਚੇ ਵਾਂਗੂੰ ਚੜ੍ਹਾਉ - ਇਕ ਇਕ ਡੰਡੇ ਤੇ। ਆਪ ਨੇ ਸਿਰੇ ਦੀ ਗੱਲ ਤਾਂ ਕਰ ਦਿਤੀ ਪਰ ਪਉੜੀ ਬੜੀ ਤਿਲ੍ਹਕਣੀ ਹੈ, ਇਹਦੇ ਉਤੇ ਚੜ੍ਹਾਂ ਕਿਵੇਂ, ਮੈਨੂੰ ਕੋਈ ਤਰੀਕਾ ਦੱਸੋ -

ਧਾਰਨਾ - ਦੱਸੀਂ ਸਾਹਿਬਾ,
ਕਿਵੇਂ ਰੋਕਾਂ ਮਨ ਆਪਣਾ-੨, ੨.

ਪਾਤਸ਼ਾਹ! ਬੜਾ ਕਠਿਨ ਮਾਰਗ ਹੈ, ਸੁਣ ਕੇ ਤਾਂ ਮਨ ਮੰਨਦਾ ਨਹੀਂ -

ਮਾਈ ਮਨੁ ਮੇਰੋ ਬਸਿ ਨਾਹਿ॥
ਨਿਸ ਬਾਸੁਰ ਬਿਖਿਅਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ॥ ਅੰਗ - ੬੩੨

ਦੱਸੋ ਕਿਵੇਂ ਰੋਕੀਏ? ਮਨ ਵਿਸ਼ਿਆਂ ਵੱਲ ਨੂੰ ਦੌੜਦਾ ਹੈ, ਦੇਖਣ ਵਾਲੀਆਂ ਚੀਜ਼ਾਂ ਵਲ ਨੂੰ ਦੌੜਦਾ ਹੈ।

ਬੇਦ ਪੁਰਾਨ ਸਿਮ੍ਰਿਤਿ ਕੇ ਮਤਿ ਸੁਨਿ
ਨਿਮਖ ਨ ਹੀਏ ਬਸਾਵੈ॥ ਅੰਗ - ੬੩੩

ਅੱਖ ਝਮਕਣ ਜਿੰਨਾ ਚਿਰ ਵੀ ਹਿਰਦੇ 'ਚ ਨਹੀਂ ਵਸਾਉਂਦਾ। ਜਿਹੜੀ ਸੁਰਤੀ ਦੀ ਗੱਲ ਹੋਊ, ਉਹ ਹੀ ਰਹਿੰਦੀ ਹੈ, ਦੂਸਰੀ ਗੱਲ ਤਾਂ ਅੰਦਰ ਜਾਣ ਨਹੀਂ ਦਿੰਦਾ।

ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ॥
ਮਦਿ ਮਾਇਆ ਕੈ ਭਇਓ
ਬਾਵਰੋ.................॥ ਅੰਗ - ੬੩੩

ਕਿੰਨਾ ਹੀ ਕਹੀ ਜਾਉ, ਸਮਝ 'ਚ ਨਹੀਂ ਆਉਂਦੀ। ਹੋਰ ਗੱਲਾਂ ਸਭ ਸਮਝ ਜਾਊ; ਪੈਸੇ ਦੀ ਗੱਲ ਕਰ ਲਓ, ਮਿੰਟ 'ਚ ਸਮਝ ਜਾਊ; ਵੈਰ-ਵਿਰੋਧ ਦੀ ਕਰ ਲਉ, ਸਕਿੰਟ 'ਚ ਸਮਝ ਜਾਊ। ਜਦੋਂ ਅਸਲੀ ਗੱਲ ਕਰੋ, ਉਸ ਵੇਲੇ ਨਹੀਂ ਸਮਝਦਾ। ਕਹਿੰਦੇ -

ਘਟ ਹੀ ਭੀਤਰਿ ਬਸਤ ਨਿਰੰਜਨੁ
ਤਾ ਕੋ ਮਰਮੁ ਨ ਜਾਨਾ॥ ਅੰਗ - ੬੩੩

ਜਿਹੜਾ ਵਾਹਿਗੁਰੂ ਅੰਦਰ ਹੀ ਰਹਿੰਦਾ ਹੈ, ਉਹਦੀ ਕੋਈ ਖਬਰ ਹੀ ਨਹੀਂ ਹੈ ਇਹਨੂੰ। ਸਾਰੀ ਸ੍ਰਿਸ਼ਟੀ ਦਾ ਮਾਲਕ ਇਸੇ ਛੋਟੇ ਜਿਹੇ ਸਰੀਰ ਵਿੱਚ ਰਹਿੰਦਾ ਹੈ - ਥੋੜ੍ਹੀ ਜਿਹੀ ਥਾਂ ਵਿੱਚ, ਗਿੱਠ ਕੇ ਜਿੰਨੀ ਥਾਂ ਵਿੱਚ; ਉਹਦਾ ਭੇਤ ਨਹੀਂ ਇਹਨੂੰ ਲੱਭਦਾ।

ਜਬ ਹੀ ਸਰਨਿ ਸਾਧ ਕੀ ਆਇਓ

ਦੁਰਮਤਿ ਸਗਲ ਬਿਨਾਸੀ॥ ਅੰਗ - ੬੩੩

ਮਹਾਰਾਜ ਕਹਿੰਦੇ, ਤਰੀਕਾ ਇਹੀ ਹੈ ਕਿ ਜਦ ਵੀ ਸਾਧੂ ਦੀ ਸ਼ਰਨ ਵਿਚ ਆ ਜਾਏਂਗਾ, ਪੂਰੇ ਗੁਰੂ ਦੀ ਸ਼ਰਨ 'ਚ ਆ ਜਾਏਂਗਾ, ਉਸ ਵੇਲੇ ਤੇਰੇ ਘਟ 'ਚ ਜਿਹੜੀ 'ਮੈਂ' ਹੈ, ਉਹਦਾ ਵਿਨਾਸ਼ ਹੋ ਜਾਏਗਾ।

ਤਬ ਨਾਨਕ ਚੇਤਿਓ ਚਿੰਤਾਮਨਿ
ਕਾਟੀ ਜਮ ਕੀ ਫਾਸੀ॥ ਅੰਗ - ੬੩੩

ਫੇਰ ਜਮਾਂ ਦੀ ਫਾਹੀ ਕੱਟੀ ਗਈ। ਕਹਿਣ ਲੱਗਿਆ, "ਮਹਾਰਾਜ! ਮੈਨੂੰ ਤੁਸੀਂ ਇਵੇਂ ਸਮਝ ਲਓ ਕਿ ਮੈਂ ਇਕ ਅਨਜਾਣ ਬੱਚਾ ਹਾਂ, ਮੈਨੂੰ ਜਿਵੇਂ ਬੱਚਿਆਂ ਨੂੰ 'ੳ, ਅ' ਪੜ੍ਹਾਈਦਾ ਹੈ, ਇਉਂ ਪੜ੍ਹਾਅ ਦਿਉ ਪਾਤਸ਼ਾਹ।" ਮਹਾਰਾਜ ਕਹਿੰਦੇ, "ਕੋਈ ਨਾ, ਸਾਡਾ ਕੰਮ ਇਹੀ ਹੈ ਕਿ ਸੰਸਾਰ ਦੇ ਉਤੇ 'ਨਾਮ' ਦਾ ਹੋਕਾ ਦੇਣਾ ਤੇ ਸੰਸਾਰ ਨੂੰ ਸੁਖੀ ਕਰਨਾ। ਦੇਖ ਰਾਜਨ! ਦੋ ਰਸਤੇ ਨੇ। ਜਿੱਥੇ ਦੀ ਤੂੰ ਗੱਲ ਕਰਦਾ ਹੈਂ, ਦੋ ਰਾਹ ਜਾਂਦੇ ਨੇ। ਫੇਰ ਇਹ ਦੋਹਾਂ ਰਾਹਾਂ ਦੇ.......ਪਹਿਲੇ ਰਾਹ ਦੇ 30-32 ਡੰਡੇ ਨੇ, ਪਉੜੀ ਦੇ 32 ਡੰਡੇ ਨੇ। ਇਹ ਜੇ ਤੂੰ ਧਿਆਨ ਨਾਲ ਸੁਣ ਕੇ ਚਿੱਤ ਵਿੱਚ ਵਸਾ ਲਵੇਂ ਤੇ ਇਕ-ਇਕ ਡੰਡੇ ਤੇ ਪੈਰ ਰਖਦਾ ਚੜ੍ਹੀ ਜਾਵੇਂ ਤਾਂ ਤੂੰ ਪਹੁੰਚ ਜਾਵੇਂਗਾ। ਜਿਹੜਾ ਦੂਸਰਾ ਰਸਤਾ ਹੈ, ਉਹਦੇ 20 ਡੰਡੇ ਨੇ - ਉਹ ਸੁਖਾਲਾ ਹੈ। ਪਹਿਲਾਂ ਜ਼ਰਾ ਔਖਾ ਹੈ ਪਰ ਇਹਦੇ ਵਿੱਚ ਪ੍ਰੈਕਟੀਕਲ ਆਈ ਜਾਂਦਾ ਹੈ, ਦੂਜੇ ਵਿੱਚ ਪ੍ਰੈਕਟੀਕਲ ਘੱਟ ਆਉਂਦਾ ਹੈ। ਪਹਿਲੇ ਵਿੱਚ ਮਨ ਭੱਜਦਾ ਹੈ।"

ਦੋਇ ਰਸਤੇ ਗੁਰਬਾਣੀ ਦੇ ਵਿਚ ਮਹਾਰਾਜ ਨੇ ਬਹੁਤ ਖੋਲ੍ਹ-ਖੋਲ੍ਹ ਕੇ ਦੱਸੇ ਹੋਏ ਨੇ। ਪੜ੍ਹਦੇ ਹਾਂ, ਸੁਣਦੇ ਹਾਂ, ਅਖੰਡ ਪਾਠ ਕਰਾਉਂਦੇ ਹਾਂ, ਕਦੇ ਸੋਚਿਆ ਹੈ ਕਿ ਰਸਤਾ ਕਿਹੜਾ ਹੈ ਜਿਹੜਾ ਉਥੇ ਜਾਂਦਾ ਹੈ? Secret Path (ਗੁਪਤ ਰਸਤਾ) ਖੋਲ੍ਹ ਕੇ ਦੱਸਿਆ ਹੋਇਆ ਹੈ, ਕਿਸ ਤਰ੍ਹਾਂ ਵਾਹਿਗੁਰੂ ਦੇ ਦੇਸ਼ ਜਾਣਾ ਹੈ, ਆਤਮ ਮਾਰਗ, ਆਤਮਾ ਨੂੰ ਜਾਣ ਵਾਲਾ ਰਸਤਾ, ਉਥੋਂ ਆਤਮਾ ਤੇ ਪ੍ਰਮਾਤਮਾ ਨੂੰ ਜਾਣ ਵਾਲਾ - ਇਹ ਰਸਤਾ ਸਾਰਾ ਗੁਰੂ ਗ੍ਰੰਥ ਸਾਹਿਬ ਵਿੱਚ ਹੈ। ਇਸੇ ਕਰਕੇ ਸਮਰੱਥ ਗੁਰੂ ਨੇ - ਗੁਰੂ ਗ੍ਰੰਥ ਸਾਹਿਬ, ਕੋਈ ਭੁਲੇਖਾ ਨਹੀਂ ਇਹਦੇ ਵਿੱਚ ਪੈਂਦਾ। ਮਹਾਰਾਜ ਕਹਿੰਦੇ, ਸਮਝਣ ਦਾ ਯਤਨ ਕਰ। ਦੋਇ ਰਸਤੇ ਨੇ -

ਮਨ ਕੌ ਰੋਕਨ ਨਿਰਮਲ ਕਰਨੋ॥
ਪੰਨਾ - ੧੦੭ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਇਹਨੂੰ ਰੋਕ ਕੇ ਨਿਰਮਲ ਕੀਤਾ ਜਾਂਦਾ ਹੈ, ਦੌੜਦੇ ਭੱਜਦੇ ਨੂੰ ਨਿਰਮਲ ਨਹੀਂ ਕਰ ਸਕਣਾ -

ਯਹੀ ਉਪਾਇ ਕਲੇਸਨ ਹਰਨੋ॥
ਪੰਨਾ - ੧੦੭, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਜਿਹੜੇ ਪੰਜ ਕਲੇਸ ਦੱਸੇ ਨੇ, ਉਨ੍ਹਾਂ ਦੇ ਆਹ ਉਪਾਅ ਨੇ; ਜੇ ਇਹ ਉਪਾਅ ਕਰ ਲਓ ਤਾਂ ਇਹ ਕਲੇਸ਼ ਹਟ ਜਾਂਦੇ ਨੇ। ਇਨ੍ਹਾਂ ਨੂੰ ਸਮਝਣ ਦਾ ਯਤਨ ਕਰੋ। ਬੇਨਤੀ ਕਰੀ, "ਪਾਤਸ਼ਾਹ! ਮੈਨੂੰ ਦੋਇ ਰਸਤੇ ਦੱਸ ਦਿਓ, ਮੈਂ ਦੋਇ ਰਸਤੇ ਜਾਣਨਾ ਚਾਹੁੰਦਾ ਹਾਂ -

ਤਾਂਕੀ ਜਾਨਹੁ ਹੈਂ ਬਿਧ ਦੋਊ॥
ਬੇਦ ਸੰਤ ਪੁਨ ਭਾਖਤ ਜੋਊ॥
ਪੰਨਾ - ੧੦੭ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਜਿਹੜਾ ਸੰਤ ਕਹਿੰਦੇ ਨੇ, ਧਰਮ-ਗ੍ਰੰਥ ਕਹਿੰਦੇ ਨੇ, ਮੈਨੂੰ ਦੋਇ ਰਸਤੇ ਦੱਸ ਦਿਓ।"

ਜੋ ਹੋਵੈ ਤੁਝ ਪਾਸ ਸੁਖਾਰੋ॥
ਸੋ ਕਰਿਯੋ ਨੀਕੇ ਨਿਰਧਾਰੋ॥
ਪੰਨਾ - ੧੦੭ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਜਿਹੜਾ ਸੁਖਾਲਾ ਰਸਤਾ ਲਗਦਾ ਹੈ - ਉਹ ਕਰ ਲੈ, ਮਹਾਰਾਜ ਕਹਿੰਦੇ, ਤੈਨੂੰ ਅਸੀਂ ਦੋਇ ਰਸਤੇ ਦੱਸ ਦਿੰਦੇ ਹਾਂ। ਜਿਹੜਾ ਪਹਿਲਾ ਰਸਤਾ ਹੈ, ਉਹਨੂੰ 'ਕਸ਼ਟ ਯੋਗ' ਕਹਿੰਦੇ ਨੇ। ਇਹ ਮਿਹਨਤ ਨਾਲ ਹੁੰਦਾ ਹੈ, ਖੇਚਲ ਕਰਨੀ ਪੈਂਦੀ ਹੈ, ਮਨ ਨੂੰ ਰੋਕਣਾ ਪੈਂਦਾ ਹੈ, ਉਹਨੂੰ ਤਾਂ ਕਹਿੰਦੇ ਨੇ 'ਕਸ਼ਟ ਯੋਗ'। ਦੂਸਰੇ ਨੂੰ ਕਹਿੰਦੇ ਨੇ 'ਭਗਤਿ ਯੋਗ।'। ਹੁਣ ਤੂੰ ਦੋਇ ਰਾਹ ਸੁਣ ਲੈ; ਜਿਹੜਾ ਤੈਂ ਅਪਨਾਉਣਾ ਹੈ, ਅਪਣਾਅ ਲੈ -

ਕਸ਼ਟ ਜੋਗ ਇਕ ਭਗਤਿ ਜੋਗ ਸੁਨਿ॥
ਇਨ ਦੋਨੋਂ ਤੇ ਹ੍ਵੈ ਨਿਰਮਲ ਤਨ॥
ਪੰਨਾ - ੧੦੭ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਇਨ੍ਹਾਂ ਦੋਨਾਂ ਦੇ ਨਾਲ ਹੀ ਮਨ ਨਿਰਮਲ ਹੋ ਜਾਂਦਾ ਹੈ, ਦੋਇ ਰਸਤੇ ਪ੍ਰਮੇਸ਼ਰ ਨੂੰ ਮਿਲਾ ਦਿੰਦੇ ਨੇ। ਪਹਿਲਾਂ ਤੈਨੂੰ ਅਸੀਂ ਖੇਚਲ ਵਾਲਾ ਰਾਹ ਦੱਸਦੇ ਹਾਂ, ਤੂੰ ਧਿਆਨ ਨਾਲ ਸੁਣ। ਕਹਿੰਦੇ, ਉਹਦਾ ਨਾਉਂ ਹੈ 'ਕਸ਼ਟ ਯੋਗ' -

ਪ੍ਰਥਮ ਕਸ਼ਟ ਜੋ ਜੋਗ ਬਖਾਨਾ॥
ਅਸ਼ਟ ਅੰਗ ਤਾਂਕੇ ਸੁਨਿ ਕਾਨਾ॥
ਪੰਨਾ ੧੦੭ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਤੇ ਦੂਸਰਾ - ਇਹਦੇ ਅੱਠ ਅੰਗ ਹੁੰਦੇ ਨੇ; ਅੱਠਾਂ ਅੰਗਾਂ ਨੂੰ ਧਿਆਨ ਨਾਲ ਸੁਣ। ਉਹ ਰਹਿਤਾਂ ਹੁੰਦੀਆਂ ਨੇ। ਜਿੰਨਾਂ ਚਿਰ ਰਹਿਤਾਂ ਨਹੀਂ ਰੱਖੇਂਗਾ, ਓਨੀ ਦੇਰ ਤਕ ਪਹਿਲੇ ਡੰਡੇ ਤੋਂ ਦੂਜੇ ਤੇ ਨਹੀਂ ਪੈਰ ਰੱਖ ਹੋਣਾ। ਰਹਿਤ ਪੂਰੀ ਰੱਖੇ ਹਰ ਡੰਡੇ ਦੀ, ਨਹੀਂ ਤਾਂ ਫੜੱਕ ਦੇ ਕੇ ਥੱਲੇ ਗਿਰੇਂਗਾ - ਧਿਆਨ ਦੇ ਨਾਲ ਸੁਣ। ਰਹਿਤਾਂ ਰੱਖਣੀਆਂ ਪੈਣਗੀਆਂ ਜੋ ਅਸੀਂ ਬਚਨ ਕਰਦੇ ਹਾਂ। ਕਹਿਣ ਲੱਗੇ ਕਿ ਅੱਠ ਅੰਗ ਨੇ ਇਹਦੇ, 'ਤੇ ਅੱਠਾਂ ਅੰਗਾਂ ਦੇ ਵਿੱਚ ਬਹੁਤ ਸਾਰੀਆਂ ਹਦਾਇਤਾਂ ਨੇ।

ਪਹਿਲੇ ਨੂੰ 'ਯਮ' ਕਹਿੰਦੇ ਨੇ, ਦੂਸਰੇ ਨੂੰ 'ਨੇਮ' ਕਹਿੰਦੇ ਨੇ, ਤੀਸਰੇ ਨੂੰ 'ਆਸਣ' ਕਹਿੰਦੇ ਨੇ, ਚੌਥੇ ਨੂੰ 'ਪ੍ਰਾਣਾਯਾਮ' ਕਹਿੰਦੇ ਨੇ, ਪੰਜਵੇਂ ਨੂੰ 'ਪ੍ਰਤਿਹਾਰ' ਛੇਵੇਂ ਨੂੰ 'ਧਾਰਨਾ' ਸੱਤਵੇਂ ਨੂੰ 'ਧਿਆਨ' ਅਤੇ ਅੱਠਵੇਂ ਨੂੰ 'ਸਮਾਧੀ' ਮੰਨਿਆ ਹੈ। ਇਨ੍ਹਾਂ ਅੱਠਾਂ ਦੇ ਨਾਲ ਤੂੰ ਪ੍ਰਮੇਸ਼ਰ ਤੱਕ ਪਹੁੰਚ ਜਾਵੇਂਗਾ -

ਅਸਟਮ ਜਾਨੋਂ ਨਾਮ ਸਮਾਧ॥
ਪਾਇ ਪਰਮਪਦ ਇਨਕੋ ਸਾਧ॥
ਪੰਨਾ ੧੦੭, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਜਿਹੜਾ ਇਹਨੂੰ ਸਾਧ ਲਏਗਾ, ਵਾਹਿਗੁਰੂ ਉਹਦੇ ਅੰਦਰ

ਪ੍ਰਗਟ ਹੋ ਜਾਵੇਗਾ। ਬੜੇ ਸੁਹਣੇ ਮਹਾਰਾਜ ਨੇ ਬਚਨ ਦੱਸੇ ਨੇ, ਸਾਰੇ ਲਿਖੇ ਹੋਏ ਨੇ। ਕਥਾ ਵੀ ਹੁੰਦੀ ਹੈ ਇਨ੍ਹਾਂ ਦੀ, ਗ੍ਰੰਥਾਂ ਵਿੱਚ ਲਿਖੇ ਪਏ ਨੇ ਸਾਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਵੇਂ ਜਿਵੇਂ,, ਜਿਵੇਂ ਮਹਾਰਾਜ ਜੀ ਨੇ ਉਹਨੂੰ ਉਪਦੇਸ਼ ਦਿਤਾ ਸੀ, ਐਨ੍ਹ ਉਸੇ ਤਰ੍ਹਾਂ ਲਿਖੇ ਪਏ ਨੇ; ਕੋਈ ਮਨ ਕਲਪਤ ਬਾਤਾਂ ਨਹੀਂ। ਇਹ ਜਿਹਨੂੰ ਸ਼ੌਂਕ ਹੈ, ਜਾਣਨਾ ਚਾਹੁੰਦਾ ਹੈ, ਚੜ੍ਹਨਾ ਚਾਹੁੰਦਾ ਹੈ, ਉਹ ਇਹਨੂੰ ਸਾਧ ਲਓ। ਜਿਹੜਾ ਦੱਸਿਆ ਹੈ 'ਯਮ', ਇਹ ਦਸ ਕਿਸਮ ਦਾ ਹੋਇਆ ਕਰਦਾ ਹੈ।

ਰਾਜਾ ਕਹਿਣ ਲੱਗਿਆ, "ਮਹਾਰਾਜ! ਕ੍ਰਿਪਾ ਕਰਕੇ ਦੱਸੋ - ਦਸੋ ਕਿਸਮ ਦਾ।" ਮਹਾਰਾਜ ਕਹਿੰਦੇ, "ਨੋਟ ਕਰ ਲੈ, ਹਿਰਦੇ ਵਿੱਚ ਲਿਖ ਲੈ, ਕਾਪੀ ਤੇ ਲਿਖਿਆ ਹੋਇਆ ਭੁੱਲ ਜਾਂਦਾ ਹੈ ਬੰਦੇ ਨੂੰ, ਹਿਰਦੇ ਵਿੱਚ ਲਿਖ ਲੈ - '.......ਹਿਰਦੇ ਹੀ ਲਿਖ ਲੇਹੁ।' ਕਲਮ ਤੇ ਦਵਾਤ ਕੀ ਮੰਗਾਉਣੀ ਹੈ, ਹਿਰਦੇ ਵਿੱਚ ਹੀ ਲਿਖ ਲੈ, ਫੇਰ ਨਹੀਂ ਸਾਰੀ ਜ਼ਿੰਦਗੀ ਭੁੱਲੇਂਗਾ। ਪਹਿਲਾ ਜਿਹੜਾ ਹੈ, ਉਹਦਾ ਨਾਉਂ 'ਅਹਿੰਸਾ' ਹੈ। ਅਹਿੰਸਾ ਹੁੰਦਾ ਹੈ - ਕਿਸੇ ਨੂੰ ਦੁਖੀ ਨਾ ਕਰਨਾ -

ਏਕ ਅਹਿੰਸਾ ਜਾਨੀਏਂ
ਮਨ ਬਚ ਕਾਇਆਂ ਤੀਨ॥
ਪੰਨਾ ੧੦੭ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਕਹਿੰਦੇ, ਤਿੰਨ ਕਿਸਮ ਦੀ ਹੈ ਇਹ। ਤਿੰਨ ਕਿਸਮ ਦੀ ਹਿੰਸਾ ਹੁੰਦੀ ਹੈ - ਇਕ ਸਰੀਰ ਦੀ ਹੁੰਦੀ ਹੈ, ਇਕ ਮਨ ਦੀ ਹੁੰਦੀ ਹੈ ਤੇ ਇਕ ਬਚਨ ਦੀ ਹੁੰਦੀ ਹੈ।

ਮਨ ਦੀ ਹਿੰਸਾ ਹੁੰਦੀ ਹੈ - ਦੂਜੇ ਦਾ ਬੁਰਾ ਚਿਤਵੀ ਜਾਣਾ, ਬੁਰਾ ਹੀ ਚਿਤਵੀ ਜਾਣਾ; ਐਹਦਾ ਬੁਰਾ ਹੋ ਜਾਵੇ, ਉਹਦਾ ਬੁਰਾ ਹੋ ਜਾਵੇ, ਸੁਆਦ ਆ ਜਾਵੇ ਜੇ ਉਹਦਾ ਮੁੰਡਾ ਫਸ ਜਾਵੇ - ਖੁਸ਼ੀ ਹੁੰਦਾ ਹੈ। ਉਹ ਰੋਂਦੇ ਨੇ, ਇਹਦੇ ਘਰ ਪਕਵਾਨ ਪਕਦੇ ਨੇ ਕਿਉਂਕਿ ਬੁਰਾ ਚਿਤਵਦਾ ਸੀ। ਮਹਾਰਾਜ ਕਹਿੰਦੇ, ਬੁਰਾ ਜਿਹੜਾ ਚਿਤਵਣਾ ਹੈ, ਇਹ ਮਨ ਦੀ ਹਿੰਸਾ ਹੈ। ਹੁਕਮ ਆਉਂਦਾ ਹੈ - ਗੁਰੂ ਗ੍ਰੰਥ ਸਾਹਿਬ ਵਿੱਚ -

ਪਰ ਕਾ ਬੁਰਾ ਨ ਰਾਖਹੁ ਚੀਤ॥
ਤੁਮ ਕਉ ਦੁਖ ਨਹੀ ਭਾਈ ਮੀਤ॥
ਅੰਗ - ੩੮੬

ਜੇ ਦੁਖਾਂ ਤੋਂ ਬਚਣਾ ਹੈ, ਪਰਾਇਆ ਬੁਰਾ ਨ ਚਿਤਵ - 'ਬੁਰਾ ਬਿਗਾਨਾ ਚਿਤਵੀਐ ਅਪਨਾ ਹੀ ਹੋ ਜਾਇ।' ਪਤਾ ਨਹੀਂ ਵਾਹਿਗੁਰੂ ਦਾ, ਕਿਸੇ ਦਾ ਬੁਰਾ ਚਿਤਵਦੇ-ਚਿਤਵਦੇ ਆਪ ਦਾ ਹੀ ਹੋ ਜਾਇਆ ਕਰਦਾ ਹੈ। ਨਾ ਚਿਤਵ; ਦਿਲੋਂ ਕਹਿ, 'ਨਾਨਕ ਨਾਮੁ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ।' - ਦੂਜੇ ਦਾ ਬੁਰਾ ਨ ਚਿਤਵ।

ਦੂਸਰੀ ਹੁੰਦੀ ਹੈ, 'ਜ਼ੁਬਾਨ ਦੀ ਹਿੰਸਾ।' ਉਹ ਹੁੰਦਾ ਹੈ - ਕੌੜਾ ਬੋਲਣਾ, ਫਿੱਕਾ ਬੋਲਣਾ, ਤਾਹਨੇ ਮਾਰਨਾ, ਮਿਹਣੇ ਮਾਰਨੇ। ਨਤੀਜਾ ਕਿੰਨਾ ਬੁਰਾ ਨਿਕਲਦਾ ਹੈ - ਲੜਾਈਆਂ-ਝਗੜੇ, ਫਸਾਦ। ਇਹ ਮਹਾਂਭਾਰਤ ਦੇਖਦੇ ਨੇ ਨ ਲੋਕ, ਨਿੱਕੀ ਜਿਹੀ ਗੱਲ ਸਿਗੀ, ਇਹ ਬਹੁਤ ਬੜੀ ਨਹੀਂ ਸੀ ਬਾਤ, ਇਹ ਹਿੰਸਾ ਸੀ - ਜ਼ੁਬਾਨ ਦੀ। ਪਾਂਡਵਾਂ ਨੇ ਮਹਿਲ ਬਣਾਇਆ ਸੀ। ਉਹ ਐਸਾ ਸ਼ਾਨਦਾਰ ਬਣਾਇਆ ਕਿ ਇਹ ਪਤਾ ਨਹੀਂ ਸੀ ਲਗਦਾ ਕਿ ਪਾਣੀ ਹੈ ਕਿ ਸੁੱਕਾ ਹੈ। ਫੇਰ ਅੱਗੇ ਅੰਦਰ ਨਹੀਂ ਸੀ ਪਤਾ ਲਗਦਾ ਕਿ ਦਰਵਾਜ਼ਾ ਹੈ ਕਿ ਦੀਵਾਰ ਹੈ। ਦੁਰਯੋਧਨ ਨੂੰ ਬੁਲਾਇਆ। ਦੁਰਯੋਧਨ ਜਦ ਜਾਂਦਾ ਹੈ ਤਾਂ ਭੁਲੇਖਾ ਖਾ ਗਿਆ ਕਿ ਇਹ ਤਾਂ ਹੈਗਾ ਪਾਣੀ, ਤੇ ਉਹ ਹੈ ਸੁੱਕਾ। ਉਹਨੇ ਜਦ ਪੈਰ ਧਰਿਆ, ਓਥੇ ਪਾਣੀ ਸੀ। ਉਹ ਧੜੰਮ ਕਰਕੇ ਵਿੱਚ ਡਿਗ ਗਿਆ। ਦਰੋਪਤੀ ਬੈਠੀ ਦੇਖਦੀ ਸੀ, ਹੱਸ ਪਈ ਤਾੜੀ ਮਾਰ ਕੇ। ਉਸ ਤੋਂ ਜਦ ਅੱਗੇ ਗਿਆ ਤਾਂ ਦਰਵਾਜ਼ੇ ਦੀ ਥਾਂ ਤੇ ਕੰਧ ਨਾਲ ਟੱਕਰ ਵੱਜੀ ਕਿਉਂਕਿ ਉਹ ਖੁੱਲ੍ਹਾ ਲਗਦਾ ਸੀ, ਦਰਵਾਜ਼ਾ ਲਗਦਾ ਸੀ। ਉਸ ਵੇਲੇ ਉਹਨੇ ਫਿੱਕਾ ਬੋਲਿਆ; ਕਹਿੰਦੀ, "ਅੰਨ੍ਹੇ ਦਾ ਅੰਨ੍ਹਾ ਹੀ ਰਿਹਾ।" ਇਹਦਾ ਪਿਉ ਅੰਨ੍ਹਾ ਸੀ। ਆਹ ਗੱਲ ਖਾ ਗਈ ਉਹਨੂੰ। ਓਥੇ ਹੀ ਪ੍ਰਣ ਕਰ ਲਿਆ ਕਿ ਮੈਂ ਇਸ ਔਰਤ ਦੇ ਬਸਤਰ ਲੁਹਾ ਕੇ............। ਆਪਣੀ ਬੇਇਜ਼ਤੀ ਸਮਝੀ। ਪ੍ਰਣ ਕਰ ਲਿਆ; ਐਡਾ ਮਾੜਾ ਕੰਮ! ਅਖੀਰ ਜੂਆ ਖੇਲ੍ਹਿਆ, ਜੂਏ ਵਿੱਚ ਉਹ ਹਾਰ ਗਏ -

ਅੰਦਰਿ ਸਭਾ ਦੁਸਾਸਣੈ
ਮਥੇ ਵਾਲ ਦ੍ਰੋਪਤੀ ਆਂਦੀ॥
ਦੂਤਾ ਨੋ ਫੁਰਮਾਇਆ
ਨੰਗੀ ਕਰਹੁ ਪੰਚਾਲੀ ਬਾਂਦੀ॥
ਪੰਜੇ ਪਾਂਡੋ ਵੇਖਦੇ ਅਉਘਟਿ
ਰੁਧੀ ਨਾਰਿ ਜਿਨ੍ਹਾਂ ਦੀ॥
(ਭਾਈ ਗੁਰਦਾਸ ਜੀ, ਵਾਰ ੧੦/੮)

ਜਦ ਵੱਸ ਨਾ ਚੱਲਿਆ -

ਅਖੀ ਮੀਟਿ ਧਿਆਨੁ ਧਰਿ
ਹਾਹਾ ਕ੍ਰਿਸਨ ਕਰੈ ਬਿਲਲਾਂਦੀ॥
ਕਪੜ ਕੋਟੁ ਉਸਾਰਿਓਨੁ ਥਕੇ
ਦੂਤ ਨ ਪਾਰਿ ਵਸਾਂਦੀ॥
ਭਾਈ ਗੁਰਦਾਸ ਜੀ, ਵਾਰ ੧੦/੮

ਪ੍ਰਮੇਸ਼ਰ ਦੀ ਸ਼ਰਨ ਲੈ ਲਈ। ਕੱਪੜਿਆਂ ਦੇ ਢੇਰ ਲਗ ਗਏ, ਨਗਨ ਨਾ ਕਰ ਸਕੇ -

ਹਥ ਮਰੋੜਨਿ ਸਿਰੁ ਧੁਣਨਿ
ਪਛੋਤਾਨਿ ਕਰਨਿ ਜਾਹਿ ਜਾਂਦੀ॥
ਘਰਿ ਆਈ ਠਾਕੁਰ ਮਿਲੇ
ਪੈਜ ਰਹੀ ਬੋਲੇ ਸ਼ਰਮਾਂਦੀ॥
ਭਾਈ ਗੁਰਦਾਸ ਜੀ, ਵਾਰ ੧੦/੮

ਇਹ ਜਿਹੜੀ ਹੈ -

ਫੀਕਾ ਬੋਲ ਦੁਖਾਵੈ ਹੀਯਾ॥
ਪੰਨਾ ੧੦੮ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਕਿਸੇ ਦਾ ਹਿਰਦਾ ਦੁਖਾ ਦੇਣਾ - ਫਿਕਾ ਬਚਨ ਬੋਲ ਕੇ -

ਕਿਸੇ ਦਾ ਹਿਰਦਾ ਦੁਖਾ ਦੇਣਾ - ਗਲਤ ਚੀਜ਼ ਬੋਲਣੀ।

ਚਲਦਾ..........

ਬੰਦਾ ਸਿੰਘ ਬਹਾਦਰ

ਮੁੱਢਲਾ ਜੀਵਨ

ਬਾਬਾ ਬੰਦਾ ਸਿੰਘ ਦਾ ਜਨਮ 16 ਅਕਤੂਬਰ 1670 ਈਸਵੀ ਨੂੰ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਾਜੌਰੀ ਵਿਚ ਹੋਇਆ। ਆਪ ਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਆਪ ਦੇ ਪਿਤਾ ਰਾਮ ਦੇਵ ਖੇਤੀਬਾੜੀ ਦਾ ਕੰਮ ਕਰਦੇ ਸਨ।



ਉਨ੍ਹਾਂ ਸਮਿਆਂ ਵਿਚ ਪੜ੍ਹਾਈ ਦਾ ਪ੍ਰਬੰਧ ਨਾ ਹੋਣ ਕਰਕੇ ਆਪ ਵਿਦਿਆ ਪ੍ਰਾਪਤ ਕਰਨ ਤੋਂ ਵਾਂਝੇ ਰਹੇ। ਪਰ ਆਪ ਦਾ ਸਰੀਰ ਬੜਾ ਫੁਰਤੀਲਾ ਅਤੇ ਮਜ਼ਬੂਤ ਸੀ ਤੇ ਆਪ ਨੂੰ ਘੋੜ-ਸਵਾਰੀ ਤੇ ਸ਼ਿਕਾਰ ਦਾ ਬਹੁਤ ਸ਼ੌਕ ਸੀ।

ਇਕ ਦਿਨ ਉਨ੍ਹਾਂ ਨਾਲ ਇਕ ਵਚਿੱਤਰ ਘਟਨਾ ਵਾਪਰ ਗਈ। ਜਦ ਆਪ ਸ਼ਿਕਾਰ ਖੇਡਣ ਗਏ ਤਾਂ ਆਪ ਨੇ ਇਕ ਹਿਰਨੀ ਨੂੰ ਤੀਰ ਮਾਰਿਆ ਜਿਸ ਕਾਰਨ ਉਹ ਖਤਮ ਹੋ ਗਈ। ਜਦ ਉਹ ਉਸਨੂੰ ਚੁੱਕ ਕੇ ਘਰ ਲਿਆਏ ਤੇ ਉਸ ਦੀ ਚੀਰ-ਫਾੜ ਕੀਤੀ ਤਾਂ ਹਿਰਨੀ ਦੇ ਪੇਟ ਵਿਚੋਂ ਦੋ ਜ਼ਿੰਦਾ ਬੱਚੇ ਨਿਕਲੇ ਜਿਹੜੇ ਉਸ ਦੇ ਸਾਮ੍ਹਣੇ ਤੜਫ-ਤੜਫ ਕੇ ਮਰ ਗਏ। ਲਛਮਣ ਦੇਵ ਦੇ ਕੋਮਲ ਦਿਲ 'ਤੇ ਇਸ ਦਾ ਬਹੁਤ ਪ੍ਰਭਾਵ ਪਿਆ। ਉਹ ਬਹੁਤ ਪਛਤਾਇਆ ਤੇ ਉਸ ਦਾ ਮਨ ਵੈਰਾਗਮਈ ਹੋ ਗਿਆ। ਉਹ ਸੰਸਾਰਿਕ ਜੀਵਨ ਨੂੰ ਛੱਡ ਕੇ ਬੈਰਾਗੀ ਹੋ ਗਿਆ ਤੇ ਜਾਨਕੀ ਦਾਸ ਨਾਮੀ ਇਕ ਸਾਧੂ ਦਾ ਚੇਲਾ ਬਣ ਗਿਆ। ਜਾਨਕੀ ਦਾਸ ਨੇ ਉਸ ਦਾ ਨਾਂ ਮਾਧੋ ਦਾਸ ਰੱਖ ਦਿੱਤਾ। ਆਪਣੇ ਗੁਰੂ ਜਾਨਕੀ ਦਾਸ ਨਾਲ ਉਸ ਬਹੁਤ ਯਾਤਰਾ ਕੀਤੀ। ਇਕ ਵਾਰ ਘੁੰਮਦੇ ਘੁੰਮਾਉਂਦੇ ਉਹ ਕਸੂਰ ਚਲੇ ਗਏ। ਉਥੇ ਜਾ ਕੇ ਉਹ ਰਾਮਦਾਸ ਬੈਰਾਗੀ ਦੀ ਮੰਡਲੀ ਵਿਚ ਰਲ ਗਿਆ ਅਤੇ ਉਸ ਨਾਲ ਵੀ ਪ੍ਰਸਿੱਧ ਤੀਰਥਾਂ ਦੀ ਯਾਤਰਾ ਕੀਤੀ। ਯਾਤਰਾ ਕਰਦੇ-ਕਰਦੇ ਉਹ ਪੰਚਵਟੀ ਪੁੱਜੇ। ਉਹ ਅਸਥਾਨ ਉਨ੍ਹਾਂ ਨੂੰ ਬਹੁਤ ਚੰਗਾ ਲੱਗਾ ਤੇ ਉਥੇ ਹੀ ਠਹਿਰ ਗਏ।

ਇਸ ਅਸਥਾਨ 'ਤੇ ਮਾਧੋ ਦਾਸ ਦਾ ਮੇਲ ਇਕ ਔਘੜ ਨਾਥ ਨਾਮੀ ਜੋਗੀ ਨਾਲ ਹੋਇਆ। ਔਘੜ ਨਾਥ ਤਾਂਤ੍ਰਿਕ ਵਿਦਿਆ ਵਿਚ ਬੜਾ ਮਾਹਰ ਸੀ। ਤਾਂਤ੍ਰਿਕ ਵਿਦਿਆ ਅਤੇ ਰਿੱਧੀਆਂ ਸਿੱਧੀਆਂ ਸਿੱਖਣ ਲਈ ਮਾਧੋ ਦਾਸ ਉਸ ਦਾ ਚੇਲਾ ਬਣ ਗਿਆ। ਉਸ ਨੇ ਔਘੜ ਨਾਥ ਦੀ ਬਹੁਤ ਸੇਵਾ ਕੀਤੀ ਅਤੇ ਹਰ ਪ੍ਰਕਾਰ ਦੀ ਵਿਦਿਆ ਉਸ ਤੋਂ ਪ੍ਰਾਪਤ ਕਰ ਲਈ। ਮਾਧੋ ਦਾਸ ਉਸ ਦੀ ਬਹੁਤ ਸੇਵਾ ਕਰਦਾ ਸੀ। ਇਸ ਗੱਲ ਨੂੰ ਮੁੱਖ ਰੱਖ ਕੇ ਮਰਨ ਸਮੇਂ ਔਘੜ ਨਾਥ ਆਪਣੇ ਡੇਰੇ ਦੀ ਮਾਲਕੀ ਤੇ ਜੰਤਰ-ਮੰਤਰ ਦਾ ਕੀਮਤੀ ਗ੍ਰੰਥ ਵੀ ਉਸ ਨੂੰ ਸੌਂਪ ਗਿਆ।

ਤਾਂਤ੍ਰਿਕ ਵਿਦਿਆ ਵਿਚ ਨਿਪੁੰਨ ਹੋ ਕੇ ਮਾਧੋ ਦਾਸ ਨੇ ਆਪਣਾ ਡੇਰਾ ਨਾਸਕ ਦੇ ਨਜ਼ਦੀਕ ਗੋਦਾਵਰੀ ਕੰਢੇ ਵਸਾ ਲਿਆ। ਮੰਤਰਾਂ ਜੰਤਰਾਂ ਕਰਕੇ ਉਹ ਬਹੁਤ ਪ੍ਰਸਿੱਧ ਹੋ ਗਿਆ ਤੇ ਲੋੜਵੰਦ ਲੋਕਾਂ ਦੀ ਉਸ ਪਾਸ ਭੀੜ ਲੱਗੀ ਰਹਿੰਦੀ। ਉਸ ਦੇ ਬੜੇ ਚੇਲੇ ਬਣ ਗਏ ਤੇ ਉਸ ਦੇ ਡੇਰੇ ਵਿਚ ਕਈ ਕਮਰੇ ਬਣ ਗਏ ਅਤੇ ਮਾਲ ਧਨ ਦੀ ਕੋਈ ਤੋਟ ਨਾ ਰਹੀ। ਸ਼ਰਧਾਲੂਆਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਗਈ। ਮਾਧੋ ਦਾਸ ਬੜਾ ਘੁਮੰਡੀ ਹੋ ਗਿਆ ਤੇ ਉਹ ਆਏ ਗਏ ਸਾਧੂਆਂ ਦੀ ਸੇਵਾ ਕਰਨ ਦੀ ਥਾਂ ਉਨ੍ਹਾਂ ਦਾ ਮਖੌਲ ਉਡਾਉਂਦਾ। ਆਪਣੇ ਜੰਤਰਾਂ ਮੰਤਰਾਂ ਦੀ ਸ਼ਕਤੀ ਨਾਲ ਸਾਧੂਆ ਦੇ ਮੰਜੇ ਉਲਟਾ ਦਿੰਦਾ।

ਗੁਰੂ ਗੋਬਿੰਦ ਸਿੰਘ ਜਦ ਨਾਂਦੇੜ ਗਏ ਤਾਂ ਉਨ੍ਹਾਂ ਨੂੰ ਮਾਧੋ

ਦਾਸ ਦੇ ਚਰਿੱਤਰ ਦਾ ਪਤਾ ਲੱਗਾ। ਉਹ ਕੁਰਾਹੇ ਪਏ ਮਾਧੋ ਦਾਸ ਨੂੰ ਸੁਧਾਰਨ ਵਾਸਤੇ ਉਸ ਦੇ ਡੇਰੇ ਗਏ। ਪਰ ਮਾਧੋ ਦਾਸ ਉਸ ਸਮੇਂ ਡੇਰੇ ਹਾਜ਼ਰ ਨਹੀਂ ਸੀ। ਗੁਰੂ ਜੀ ਆਰਾਮ ਕਰਨ ਲਈ ਉਸ ਦੇ ਪਲੰਘ 'ਤੇ ਲੇਟ ਗਏ ਤੇ ਗੁਰੂ ਦੇ ਸਿੰਘ ਰਾਸ਼ਨ ਪਾਣੀ ਤਿਆਰ ਕਰਨ ਲੱਗ ਗਏ। ਜਦ ਮਾਧੋ ਦਾਸ ਦੇ ਚੇਲਿਆਂ ਨੇ ਇਹ ਕੁਝ ਵੇਖਿਆ ਤਾਂ ਉਹ ਮਾਧੋ ਦਾਸ ਪਾਸ ਸ਼ਿਕਾਇਤ ਕਰਨ ਚਲੇ ਗਏ। ਚੇਲਿਆਂ ਦੀ ਗੱਲ ਸੁਣ ਕੇ ਉਹ ਬੜੇ ਤੈਸ਼ ਵਿਚ ਆਇਆ ਅਤੇ ਡੇਰੇ ਵੱਲ ਚੱਲ ਪਿਆ। ਆਪਣੇ ਪਲੰਘ ਉਤੇ ਜਦ ਇਕ ਗੈਰ ਵਿਅਕਤੀ ਨੂੰ ਲੇਟਿਆ ਵੇਖਿਆ ਤਾਂ ਉਹ ਬੜੇ ਰੋਹ ਵਿਚ ਆ ਕੇ ਜੰਤਰਾਂ ਮੰਤਰਾਂ ਦੀ ਸਹਾਇਤਾ ਨਾਲ ਪਲੰਘ ਨੂੰ ਉਲਟਾਉਣ ਲੱਗਾ, ਪਰ ਉਸ ਦੀ ਕੋਈ ਪੇਸ਼ ਨਾ ਗਈ। ਉਸ ਦਾ ਸਾਰਾ ਹੰਕਾਰ ਜਾਂਦਾ ਰਿਹਾ ਅਤੇ ਉਹ ਗੁਰੂ ਜੀ ਦੇ ਚਰਨੀਂ ਜਾ ਲੱਗਾ। ਗੁਰੂ ਜੀ ਨੇ ਕਿਹਾ, ਮਾਧੋ ਦਾਸ! ਤੂੰ ਆਪਣੀਆਂ ਸ਼ਕਤੀਆਂ ਨੂੰ ਮਾੜੇ ਕੰਮਾਂ ਵਿਚ ਵਰਤ ਰਿਹਾ ਹੈਂ। ਮੈਂ ਤੈਨੂੰ ਆਪਣਾ ਸਿੰਘ ਬਣਾਉਣ ਆਇਆ ਹਾਂ।" ਮਾਧੋਦਾਸ ਕਹਿਣ ਲੱਗਾ, "ਹਜ਼ੂਰ! ਮੈਂ ਆਪ ਦਾ ਬੰਦਾ ਹਾਂ, ਜਿਵੇਂ ਮਰਜ਼ੀ ਕਰੋ।



ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਨੂੰ ਸਿੰਘ ਸਜਾ ਕੇ ਉਸ ਦਾ ਨਾਂ ਬੰਦਾ ਸਿੰਘ ਰੱਖ ਦਿੱਤਾ। ਇਸ ਤਰ੍ਹਾਂ ਮਾਧੋਦਾਸ ਦੀ ਕਾਇਆ ਹੀ ਪਲਟ ਗਈ ਤੇ ਇਕ ਸਾਧੂ ਤੋਂ ਉਹ ਇਕ ਦਲੇਰ ਸਿੰਘ ਬਣ ਗਿਆ।

ਬਾਬਾ ਬੰਦਾ ਸਿੰਘ ਪੰਜਾਬ ਵੱਲ

ਬਾਬਾ ਬੰਦਾ ਸਿੰਘ ਮੁਗਲਾਂ ਵਲੋਂ ਸਿੱਖਾਂ ਉਤੇ ਕੀਤੇ ਜ਼ੁਲਮਾਂ ਦੀ ਕਹਾਣੀ ਸੁਣ ਕੇ ਬੜੇ ਤੈਸ਼ ਵਿਚ ਆ ਗਿਆ। ਉਹ ਚਾਹੁੰਦਾ ਸੀ ਕਿ ਜੇ ਗੁਰੂ ਜੀ ਉਸ ਨੂੰ ਆਗਿਆ ਦੇਣ ਤਾਂ ਪੰਜਾਬ ਜਾ ਕੇ ਜ਼ਾਲਮ ਮੁਗਲਾਂ ਦਾ ਰਾਜ ਖਤਮ ਕਰੇ। ਪਰ ਉਨ੍ਹਾਂ ਦਿਨਾਂ ਵਿਚ ਹੀ ਇਕ ਹੋਰ ਘਟਨਾ ਵਾਪਰ ਗਈ। ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਜਦ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਉਸ ਵੇਲੇ ਦੇ ਬਾਦਸ਼ਾਹ ਬਹਾਦਰ ਸ਼ਾਹ ਦੇ ਬਹੁਤ ਨੇੜੇ ਹੋ ਗਏ ਹਨ ਤਾਂ ਉਹ ਬਹੁਤ ਡਰ ਗਿਆ ਕਿ ਗੁਰੂ ਗੋਬਿੰਦ ਸਿੰਘ ਜੇ ਪੰਜਾਬ ਵਿਚ ਵਾਪਿਸ ਆਏ ਤਾਂ ਉਸ ਦੀ ਖੈਰ ਨਹੀਂ ਸੀ। ਇਸ ਲਈ ਉਸ ਨੇ ਦੋ ਪਠਾਨ ਗੁਰੂ ਜੀ ਨੂੰ ਕਤਲ ਕਰਨ ਵਾਸਤੇ ਭੇਜੇ। ਇਹ ਪਠਾਨ ਕੁਝ ਦਿਨ ਗੁਰੂ ਜੀ ਪਾਸ ਠਹਿਰੇ ਤੇ ਇਕ ਦਿਨ ਮੌਕਾ ਮਿਲਣ 'ਤੇ ਇਕ ਪਠਾਨ ਨੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ ਅਤੇ ਗੁਰੂ ਜੀ ਨੂੰ ਜ਼ਖਮੀ ਕਰ ਦਿੱਤਾ। ਇਸ ਘਟਨਾ ਦਾ ਬਾਬਾ ਬੰਦਾ ਸਿੰਘ ਬਹਾਦਰ 'ਤੇ ਬੜਾ ਪ੍ਰਭਾਵ ਪਿਆ ਤੇ ਉਸ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਉਸ ਨੂੰ ਪੰਜਾਬ ਜਾਣ ਦਿੱਤਾ ਜਾਵੇ ਤਾਂ ਕਿ ਉਹ ਵੈਰੀਆਂ ਨੂੰ ਸੋਧ ਸਕੇ। ਗੁਰੂ ਜੀ ਆਪ ਵੀ ਪੰਜਾਬ ਆਉਣਾ ਚਾਹੁੰਦੇ ਸਨ, ਪਰ ਉਨ੍ਹਾਂ ਦੇ ਡੂੰਘਾ ਜ਼ਖਮ ਹੋਣ ਕਰਕੇ ਉਨ੍ਹਾਂ ਬਾਬਾ ਬੰਦਾ ਸਿੰਘ ਨੂੰ ਪੰਜਾਬ ਭੇਜਣ ਦਾ ਫੈਸਲਾ ਕਰ ਲਿਆ।

ਗੁਰੂ ਜੀ ਨੇ ਬੰਦਾ ਸਿੰਘ ਨੂੰ ਆਪਣੇ ਪਾਸ ਬੁਲਾ ਕੇ ਬਹਾਦਰੀ ਦਾ ਥਾਪੜਾ ਦਿੱਤਾ, ਆਪਣੇ ਭੱਥੇ ਵਿਚੋਂ ਪੰਜ ਤੀਰ ਦਿੱਤੇ ਅਤੇ ਉਸ ਦੀ ਸਹਾਇਤਾ ਵਾਸਤੇ ਭਾਈ ਦਇਆ ਸਿੰਘ, ਭਾਈ ਬਾਜ ਸਿੰਘ, ਭਾਈ ਬਿਨੋਦ ਸਿੰਘ, ਭਾਈ ਫਤਹਿ ਸਿੰਘ, ਭਾਈ ਕਾਹਨ ਸਿੰਘ ਅਤੇ ਭਾਈ ਰਣ ਸਿੰਘ ਨੂੰ ਭੇਜਿਆ। ਇਕ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਦਿੱਤਾ। ਗੁਰੂ ਜੀ ਨੇ ਉਸ ਨੂੰ ਜ਼ਰੂਰੀ ਹਦਾਇਤਾਂ ਦੇ ਕੇ ਪੰਜਾਬ ਵਿਚ ਪ੍ਰਸਿੱਧ ਸਿੱਖਾਂ ਦੇ ਨਾਂ ਹੁਕਮਨਾਮੇ ਲਿਖ ਦਿੱਤੇ ਤਾਂ ਕਿ ਉਹ ਬੰਦਾ ਸਿੰਘ ਨੂੰ ਉਨ੍ਹਾਂ ਦਾ ਨੁਮਾਇੰਦਾ ਸਮਝ ਕੇ ਉਸ ਦੀ ਪੂਰੀ ਸਹਾਇਤਾ ਕਰਨ।

ਬਾਬਾ ਬੰਦਾ ਸਿੰਘ ਸੂਰਬੀਰ ਸਿੰਘਾਂ ਨੂੰ ਨਾਲ ਲੈ ਕੇ ਪੰਜਾਬ ਵੱਲ ਚੱਲ ਪਿਆ। ਦਿੱਲੀ ਦੀ ਹੱਦ ਤਕ ਪੁਜਦਿਆਂ ਉਸ ਨੇ ਕੋਈ ਕਾਰਵਾਈ ਨਾ ਕੀਤੀ। ਜਦ ਗੁਰੂ ਦੇ ਸਿੱਖਾਂ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਗੁਰੂ ਦਾ ਨੁਮਾਇੰਦਾ ਹੈ ਤਾਂ ਉਹ ਬੜੇ ਪਿਆਰ ਨਾਲ ਬੰਦਾ ਸਿੰਘ ਨੂੰ ਮਿਲਣ ਆਉਣ ਲੱਗੇ। ਉਹ ਜਿਸ ਪਿੰਡ ਵੀ ਠਹਿਰਦਾ ਉਸ ਪਿੰਡ ਦੇ ਲੋਕਾਂ ਨੂੰ ਹੌਂਸਲਾ ਦਿੰਦਾ ਅਤੇ ਜ਼ਾਲਮ ਹਕੂਮਤ ਨਾਲ ਟੱਕਰ ਲੈਣ ਲਈ ਪ੍ਰੇਰਦਾ।

ਇਕ ਦਿਨ ਜਦ ਉਹ ਇਕ ਪਿੰਡ ਵਿਚ ਠਹਿਰਿਆ ਹੋਇਆ ਸੀ ਤਾਂ ਉਸ ਨੂੰ ਪਤਾ ਲੱਗਾ ਕਿ ਪਿੰਡ ਦੇ ਵਸਨੀਕ,

ਪਿੰਡ ਨੂੰ ਛੱਡ ਕੇ ਜਾ ਰਹੇ ਸਨ। ਜਦ ਉਸ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਰਾਤ ਨੂੰ ਧਾੜਵੀ ਪਿੰਡ ਨੂੰ ਲੁੱਟਣ ਆ ਰਹੇ ਹਨ। ਬੰਦਾ ਸਿੰਘ ਨੇ ਉਨ੍ਹਾਂ ਨੂੰ ਬੜਾ ਹੌਸਲਾ ਦਿੱਤਾ, ਪਰ ਸਦੀਆਂ ਤੋਂ ਲਤਾੜੇ ਹੋਏ ਕਿਵੇਂ ਧੀਰਜ ਕਰ ਸਕਦੇ ਸਨ? ਅਖੀਰ ਬੰਦਾ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਡਾਕੂਆਂ ਦਾ ਮੁਕਾਬਲਾ ਕਰਨ ਦਾ ਪ੍ਰੋਗਰਾਮ ਬਣਾਇਆ।

ਜਦ ਡਾਕੂ ਸ਼ਾਮ ਨੂੰ ਆਏ ਤਾਂ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਧਾੜਵੀਆਂ ਨੂੰ ਐਸਾ ਮਜ਼ਾ ਚਖਾਇਆ ਕਿ ਪਹਿਲਾ ਲੁੱਟਿਆ ਹੋਇਆ ਮਾਲ ਵੀ ਛੱਡ ਗਏ। ਫਿਰ ਪਿੰਡ ਦੇ ਲੋਕਾਂ ਵਿਚ ਵੀ ਹੌਸਲਾ ਜਾਗ ਪਿਆ ਤੇ ਉਨ੍ਹਾਂ ਡਾਕੂਆਂ ਦਾ ਪਿੱਛਾ ਕਰ ਕੇ ਉਨ੍ਹਾਂ ਨੂੰ ਮਾਰ ਮੁਕਾਇਆ। ਇਸ ਘਟਨਾ ਨੇ ਲਾਗਲੇ ਪਿੰਡਾਂ ਦੇ ਵੀ ਹੌਸਲੇ ਵਧਾ ਦਿੱਤੇ ਅਤੇ ਬੰਦਾ ਸਿੰਘ ਜਿਹੜੇ ਪਿੰਡ ਜਾਂਦਾ ਉਸ ਦਾ ਬੜਾ ਸਵਾਗਤ ਹੁੰਦਾ। ਉਹ ਹਰ ਗਰੀਬ ਦੀ ਮਦਦ ਕਰਦਾ ਸੀ। ਜਿਹੜਾ ਉਸ ਪਾਸੋਂ ਧਨ ਮੰਗਣ ਆਉਂਦਾ ਤਾਂ ਇਕ ਮੋਹਰ ਤੋਂ ਘੱਟ ਨਾ ਦਿੰਦਾ। ਇਸ ਤਰ੍ਹਾਂ ਲੋਕ ਉਸ ਦੀ ਦਿਆਲਤਾ ਉੱਤੇ ਬਹੁਤ ਪ੍ਰਸੰਨ ਸਨ। ਉਸ ਮਾਲਵੇ, ਦੁਆਬੇ ਅਤੇ ਮਾਝੇ ਦੇ ਲੋਕਾਂ ਨੂੰ ਹੁਕਮਨਾਮੇ ਭੇਜੇ। ਹੋਰ ਸਿੰਘ ਵੀ ਉਸ ਦੀ ਸੈਨਾ ਵਿਚ ਸ਼ਾਮਲ ਹੋਣ ਲੱਗੇ। ਇਸ ਤਰ੍ਹਾਂ ਬੰਦਾ ਸਿੰਘ ਦੀ ਫੌਜ ਵਿਚ ਵਾਧਾ ਹੋਣ ਲੱਗਾ।



ਉਹ ਇਕ ਦਮ ਵੱਡੇ ਫੌਜਦਾਰਾਂ ਉਤੇ ਹਮਲਾ ਨਹੀਂ ਸੀ ਕਰਨਾ ਚਾਹੁੰਦਾ। ਇਸ ਲਈ ਕੁਝ ਸਮਾਂ ਪਿੰਡਾਂ ਵਿਚ ਹੀ ਰਹਿ ਕੇ ਉਹ ਸਿੰਘਾਂ ਨੂੰ ਤੀਰ ਅੰਦਾਜ਼ੀ, ਤਲਵਾਰਬਾਜ਼ੀ ਅਤੇ ਬੰਦੂਕ ਚਲਾਉਣ ਦਾ ਅਭਿਆਸ ਕਰਾਉਂਦਾ ਰਿਹਾ ਹੈ।

ਆਰੰਭਕ ਜਿੱਤਾਂ

ਕੁਝ ਸਮੇਂ ਵਿਚ ਹੀ ਬੰਦਾ ਸਿੰਘ ਪਾਸ ਕਾਫੀ ਗਿਣਤੀ ਵਿਚ ਸਿੰਘ ਸੂਰਮੇ ਇਕੱਠੇ ਹੋ ਗਏ। ਸਾਰੇ ਸਿੰਘ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਸੋਧਣ ਵਾਸਤੇ ਬਹੁਤ ਕਾਹਲੇ ਸਨ। ਪਰ ਬੰਦਾ ਸਿੰਘ ਜਾਣਦਾ ਸੀ ਕਿ ਸਰਹੰਦ ਦੇ ਸੂਬੇ ਪਾਸ ਇਕ ਵੱਡੀ ਹਥਿਆਰਬੰਦ ਫੌਜ ਸੀ ਤੇ ਉਸ ਨੂੰ ਬਾਕੀ ਫੌਜਦਾਰਾਂ ਪਾਸੋਂ ਸਹਾਇਤਾ ਮਿਲਣ ਦੀ ਆਸ ਸੀ। ਇਸ ਲਈ ਉਸ ਇਹ ਪ੍ਰੋਗਰਾਮ ਉਲੀਕਿਆ ਕਿ ਪਹਿਲਾਂ ਨੇੜੇ ਤੇੜੇ ਦੇ ਹਾਕਮਾਂ ਨੂੰ ਸੋਧ ਲਿਆ ਜਾਵੇ ਤਾਂਕਿ ਕੁਝ ਹਥਿਆਰ, ਘੋੜੇ ਅਤੇ ਮਾਇਆ ਵੀ ਪ੍ਰਾਪਤ ਹੋ ਸਕੇ।

ਪਹਿਲਾ ਹਮਲਾ ਉਨ੍ਹਾਂ ਸੋਨੀਪਤ 'ਤੇ ਕੀਤਾ। ਪਰ ਸੋਨੀਪਤ ਦਾ ਹਾਕਮ ਬੰਦਾ ਸਿੰਘ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਦਿੱਲੀ ਨੂੰ ਭੱਜ ਗਿਆ। ਸਿੰਘਾਂ ਦਾ ਸੋਨੀਪਤ 'ਤੇ ਕਬਜ਼ਾ ਹੋ ਗਿਆ। ਸੋਨੀਪਤ ਤੋਂ ਉਹ ਕੈਥਲ ਵੱਲ ਅੱਗੇ ਵਧੇ। ਕੈਥਲ ਦਾ ਫੌਜਦਾਰ ਵੀ ਹਾਰ ਗਿਆ ਤੇ ਸਿੰਘਾਂ ਦੇ ਹੱਥ ਕਾਫੀ ਗਿਣਤੀ ਵਿਚ ਘੋੜੇ ਅਤੇ ਮੋਹਰਾਂ ਲੱਗੀਆਂ।

ਫਿਰ ਬੰਦਾ ਸਿੰਘ ਨੇ ਸਮਾਣੇ ਨੂੰ ਸੋਧਣ ਦਾ ਮਨ ਬਣਾਇਆ। ਸਮਾਣੇ ਦੇ ਸੱਯਦ ਜਲਾਦ ਨੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ ਅਤੇ ਸ਼ਾਸ਼ਮ ਬੇਗ ਅਤੇ ਬਾਸ਼ਲ ਬੇਗ ਨੇ ਸਰਹੰਦ ਵਿਖੇ ਛੋਟੇ ਸਾਹਿਜ਼ਾਇਆਂ ਨੂੰ ਕੋਹ ਕੋਹ ਕੇ ਮਾਰਿਆ ਸੀ। ਸਮਾਣੇ ਵਿਚ ਬੜੇ ਅਮੀਰ ਸੱਯਦ ਵਸਦੇ ਸਨ, ਇਸ ਲਈ ਇਸ ਨੂੰ ਫਤਹਿ ਕਰਨ ਨਾਲ ਸਾਰੇ ਇਲਾਕੇ ਵਿਚ ਸਿੱਖਾਂ ਦੀ ਬੜੀ ਚੜ੍ਹਤ ਹੋ ਜਾਣੀ ਸੀ।

ਪਰ ਸਮਾਣੇ ਨੂੰ ਜਿੱਤਣਾ ਕੋਈ ਆਸਾਨ ਕੰਮ ਨਹੀਂ ਸੀ। ਉਹ ਪੁਰਾਣਾ ਸ਼ਹਿਰ ਸੀ ਤੇ ਉਸ ਦੇ ਚਾਰੇ ਪਾਸੇ ਇਕ ਮਜ਼ਬੂਰ ਦੀਵਾਰ ਸੀ। ਸ਼ਹਿਰ ਦੇ ਅੰਦਰ ਵੀ ਜਿਹੜੀਆਂ ਸੱਯਦਾਂ ਦੀਆਂ ਹਵੇਲੀਆਂ ਸਨ ਉਹ ਵੀ ਛੋਟੇ ਕਿਲ੍ਹੇ ਹੀ ਸਨ। ਏਥੋਂ ਦਾ ਫੌਜਦਾਰ ਆਪਣੇ ਆਪ ਨੂੰ ਅਜਿੱਤ ਸਮਝਦਾ ਸੀ। ਪਰ ਬੰਦਾ ਸਿੰਘ ਏਨੇ ਤੇਜ਼ ਤੁਫਾਨ ਵਾਂਗ ਚੜ੍ਹ ਕੇ ਆ ਗਿਆ ਕਿ ਸ਼ਹਿਰ ਵਾਲੇ ਦਰਵਾਜ਼ੇ ਬੰਦ ਕਰਨੇ ਵੀ ਭੁੱਲ ਗਏ। ਕਾਫੀ ਘਮਸਾਨ ਦਾ ਯੁੱਧ ਹੋਇਆ। ਸਿੰਘਾਂ ਸਾਰੇ ਜਲਾਦਾਂ ਦੇ ਘਰਾਂ ਨੂੰ ਸੋਧ ਕੇ ਫੌਜਦਾਰ ਦੇ ਦਵਾਲੇ ਹੋ ਗਏ। ਵੱਡੇ-ਵੱਡੇ ਧਨਾਢਾਂ ਅਤੇ ਫੌਜਦਾਰ ਦੇ ਖਜ਼ਾਨੇ ਲੁੱਟ ਲਏ। ਹਥਿਆਰ ਅਤੇ ਘੋੜੇ ਆਪਣੇ ਕਾਬੂ ਵਿਚ ਕਰ ਲਏ। ਲਾਗਲੇ ਲਾਗਲੇ ਪਿੰਡਾਂ ਦੇ ਸਾਰੇ ਵਸਨੀਕ ਇਨ੍ਹਾਂ ਸੱਯਦਾਂ ਦੇ ਰਾਹਕ ਸਨ, ਇਸ ਲਈ ਉਨ੍ਹਾਂ ਵੀ ਗਿਣ-ਗਿਣ ਕੇ ਬਦਲੇ ਲਏ।

ਸੱਯਦਾਂ ਦੀਆਂ ਹਵੇਲੀਆਂ ਨੂੰ ਉਨ੍ਹਾਂ ਅੱਗਾਂ ਲਾ ਦਿੱਤੀਆਂ ਤੇ

ਉਹ ਅੰਦਰ ਹੀ ਸੜ ਕੇ ਮਰ ਗਏ। ਸਮਾਣੇ ਸ਼ਹਿਰ ਦੇ ਵੱਡੇ-ਵੱਡੇ ਮਕਾਨ ਮਿੱਟੀ ਵਿਚ ਮਿਲ ਗਏ। ਸਮਾਣੇ ਨੂੰ ਜਿੱਤਣ ਵਿਚ ਭਾਈ ਫਤਹਿ ਸਿੰਘ ਨੇ ਬਹੁਤ ਦਲੇਰੀ ਵਿਖਾਈ ਸੀ। ਇਸ ਲਈ ਬੰਦਾ ਸਿੰਘ ਨੇ ਉਸ ਨੂੰ ਸਮਾਣੇ ਦਾ ਫੌਜਦਾਰ ਨਿਯੁਕਤ ਕਰ ਦਿੱਤਾ। ਇਸ ਜਿੱਤ ਵਿਚ ਮਾਇਆ ਦੇ ਖੁੱਲੇ ਗੱਫੇ ਪ੍ਰਾਪਤ ਹੋਏ ਸਨ, ਜਿਸ ਨੂੰ ਬੰਦਾ ਸਿੰਘ ਨੇ ਆਪਣੇ ਸਾਥੀਆਂ ਵਿਚ ਵੰਡ ਦਿਤਾ।

ਬੰਦਾ ਸਿੰਘ ਕੁਝ ਦਿਨ ਸਮਾਣੇ ਠਹਿਰ ਕੇ ਫਿਰ ਘੜਾਮ, ਠਸਕਾ, ਮੁਸਤਾਬਾਦ ਅਤੇ ਕਪੂਰੀ ਦੇ ਜ਼ਾਲਮ ਹਾਕਮਾਂ ਨੂੰ ਸੋਧਦਾ ਹੋਇਆ ਸਢੌਰੇ ਵੱਲ ਵਧਿਆ। ਸਢੌਰਾ ਉਹ ਸ਼ਹਿਰ ਸੀ ਜਿਥੋਂ ਦੇ ਹਾਕਮ ਉਸਮਾਨ ਖਾਂ ਨੇ ਪੀਰ ਬੁੱਧੂਸ਼ਾਹ ਨੂੰ ਤਸੀਹੇ ਦੇ ਕੇ ਮਰਵਾ ਦਿੱਤਾ ਸੀ। ਪੀਰ ਬੁੱਧੂਸ਼ਾਹ ਨੇ ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਦੀ ਮਦਦ ਕੀਤੀ ਸੀ। ਉਸਮਾਨ ਖਾਂ ਬੜਾ ਕੱਟੜ ਮੁਸਲਮਾਨ ਸੀ ਤੇ ਇਹ ਹਿੰਦੂਆਂ ਨੂੰ ਬੜੇ ਤਸੀਹੇ ਦਿਆ ਕਰਦਾ ਸੀ।



ਜਦ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਢੌਰੇ ਵਲ ਵਧੇ ਤਾਂ ਲਾਗਲੇ ਲਾਗਲੇ ਪਿੰਡਾਂ ਦੇ ਵਸਨੀਕ ਹਥਿਆਰ ਚੁੱਕ ਕੇ ਉਨ੍ਹਾਂ ਦੇ ਨਾਲ ਆ ਮਿਲੇ। ਇਨ੍ਹਾਂ ਲੋਕਾਂ ਨੇ ਬੰਦਾ ਸਿੰਘ ਤੋਂ ਵੀ ਪਹਿਲਾਂ ਜ਼ਾਲਮ ਸੱਯਦਾਂ ਅਤੇ ਸ਼ੇਖਾਂ ਨੂੰ ਜਾ ਦਬੋਚਿਆ। ਜੋ ਕੁਝ ਹੱਥ ਆਇਆ ਉਨ੍ਹਾਂ ਲੁੱਟਿਆ। ਕਈ ਸੱਯਦ ਅਤੇ ਸ਼ੇਖ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਜਾ ਲੁਕੇ। ਉਹ ਜਾਣਦੇ ਸਨ ਕਿ ਪੀਰ ਬੁੱਧੂਸ਼ਾਹ ਦੀ ਪਾਕਦਾਮਨੀ ਕਰਕੇ ਸਿੰਘ ਉਨ੍ਹਾਂ ਨੂੰ ਕੁਝ ਨਹੀਂ ਕਹਿਣਗੇ। ਪਰ ਇਲਾਕੇ ਦੇ ਸਤਾਏ ਹੋਏ ਲੋਕ ਕਿਵੇਂ ਬਰਦਾਸਤ ਕਰ ਸਕਦੇ ਸਨ? ਉਹ ਹਵੇਲੀ ਅੰਦਰ ਦਾਖਲ ਹੋ ਗਏ ਅਤੇ ਸਭ ਜ਼ਾਲਮਾਂ ਨੂੰ ਕਤਲ ਕਰਕੇ ਹੀ ਦਮ ਲਿਆ। ਜਿਸ ਥਾਂ 'ਤੇ ਇਹ ਕਤਲੇਆਮ ਹੋਈ ਉਸ ਥਾਂ ਨੂੰ ਕਤਲਗੜ੍ਹੀ ਕਹਿੰਦੇ ਹਨ। ਬੰਦਾ ਸਿੰਘ ਕਿਉਂਕਿ ਉਸ ਜਗ੍ਹਾ ਦਾ ਵਾਕਿਫ ਨਹੀਂ ਸੀ ਇਸ ਕਰਕੇ ਉਹ ਸਥਾਨਕ ਵਸਨੀਕਾਂ ਨੂੰ ਕਿਸੇ ਗੱਲ ਤੋਂ ਵਰਜ ਨਾ ਸਕਿਆ।

ਸਰਹੰਦ ਦੀ ਲੜਾਈ

ਜਦ ਬੰਦਾ ਸਿੰਘ ਨੇ ਸਰਹੰਦ ਦੇ ਆਸ ਪਾਸ ਦੇ ਸਭ ਇਲਾਕੇ ਜਿੱਤ ਲਏ ਤਾਂ ਸਰਹੰਦ ਦਾ ਹਾਕਮ ਵਜ਼ੀਰ ਖਾ ਡਰ ਗਿਆ ਕਿ ਹੁਣ ਉਸ ਉੱਤੇ ਹੀ ਹਮਲਾ ਹੋਵੇਗਾ। ਜਦ ਉਸ ਨੂੰ ਪਤਾ ਲੱਗਾ ਕਿ ਮਾਝੇ ਅਤੇ ਦੁਆਬੇ ਦੇ ਸਿੰਘ ਵੀ ਬੰਦਾ ਸਿੰਘ ਦੀ ਸਹਾਇਤਾ ਵਾਸਤੇ ਪੁੱਜ ਰਹੇ ਹਨ ਤਾਂ ਉਸ ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨੂੰ ਹੁਕਮ ਦਿੱਤਾ ਕਿ ਉਹ ਮਝੈਲਾਂ ਅਤੇ ਦੁਆਬੀਆਂ ਨੂੰ ਦਰਿਆ ਸਤਲੁਜ ਪਾਰ ਨਾ ਕਰਨ ਦੇਵੇ। ਰੋਪੜ ਵਿਖੇ ਨਵਾਬ ਮਲੇਰ ਕੋਟਲੇ ਦੀ ਸਿੱਖਾਂ ਨਾਲ ਬੜੀ ਭਿਆਨਕ ਜੰਗ ਹੋਈ ਅਤੇ ਸਿੱਖਾਂ ਨੂੰ ਜਿੱਤ ਪ੍ਰਾਪਤ ਹੋਈ। ਮਝੈਲੀਏ ਅਤੇ ਦੁਆਬੀਏ ਵੀ ਬੰਦਾ ਸਿੰਘ ਨੂੰ ਆ ਮਿਲੇ। ਹੁਣ ਬੰਦਾ ਸਿੰਘ ਦੀ ਤਾਕਤ ਬਹੁਤ ਵਧ ਗਈ ਸੀ। ਬਾਬਾ ਦੀਪ ਸਿੰਘ ਵੀ ਦਮਦਮਾ ਸਾਹਿਬ ਤੋਂ ਸਿਰਲੱਥ ਜੋਧਿਆਂ ਦੀ ਸੈਨਾ ਲੈ ਕੇ ਉਸ ਨੂੰ ਆ ਮਿਲਿਆ ਸੀ। ਜਦ ਵਜ਼ੀਰ ਖਾਂ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਇਕ ਵੱਡੀ ਫੌਜ ਲੈ ਕੇ ਉਸ ਵੱਲ ਵਧ ਰਿਹਾ ਹੈ ਤਾਂ ਉਹ ਆਪਣੀ ਫੌਜ ਨੂੰ ਲੈ ਕੇ ਚੱਪੜ-ਚਿੜੀ ਦੇ ਮੈਦਾਨ 'ਤੇ ਆ ਡਟਿਆ। ਚੱਪੜ-ਚਿੜੀ ਦਾ ਮੈਦਾਨ ਸਰਹੰਦ ਤੋਂ ਦਸ ਮੀਲ ਦੂਰ ਹੈ। ਵਜ਼ੀਰ ਖਾਂ ਪਾਸ ਅਨੇਕਾਂ ਤੋਪਾਂ, ਬੰਦੂਕਾਂ ਹਾਥੀ ਅਤੇ ਘੋੜੇ ਸਨ। ਉਸ ਨੇ ਪਹਿਲੀ ਲਾਈਨ ਵਿਚ ਤੋਪਾਂ ਬੀੜ ਦਿੱਤੀਆਂ ਅਤੇ ਹਾਥੀ ਖੜ੍ਹੇ ਕਰ ਦਿੱਤੇ। ਬੰਦਾ ਸਿੰਘ ਵੀ ਹੁਣ ਤਕ ਕਈ ਲੜਾਈਆਂ ਲੜ ਚੁੱਕਾ ਸੀ ਤੇ ਇਸ ਖੇਤਰ ਵਿਚ ਉਹ ਕਾਫੀ ਤਜਰਬੇਕਾਰ ਹੋ ਗਿਆ ਸੀ।

ਉਸ ਨੇ ਫੌਜ ਦੀ ਕਮਾਂਡ ਬਾਜ ਸਿੰਘ, ਫਤਹਿ ਸਿੰਘ, ਬਿਨੋਦ ਸਿੰਘ, ਦੀਪ ਸਿੰਘ ਅਤੇ ਰਾਮ ਸਿੰਘ ਦੇ ਹਵਾਲੇ ਕੀਤੀ ਅਤੇ ਇਹ ਸਾਰੇ ਜਰਨੈਲ ਆਪਣੀਆਂ-ਆਪਣੀਆਂ ਫੌਜਾਂ ਲੈ ਕੇ ਵਜ਼ੀਰ ਖਾਂ ਦੀ ਫੌਜ ਦੇ ਚਾਰ ਚੁਫੇਰੇ ਛਾ ਗਏ। ਵਜ਼ੀਰ ਖਾਂ ਨੇ ਹਾਥੀਆਂ ਅਤੇ ਤੋਪਾਂ ਦੀ ਜਿਹੜੀ ਕੰਧ ਕੀਤੀ ਹੋਈ ਸੀ ਉਸ ਨੂੰ ਢਾਹੁੰਣ ਵਾਸਤੇ ਇਹ ਸਿਰਲੱਥ ਜੋਧਿਆਂ ਦਾ ਜਥਾ ਤਲਵਾਰਾਂ ਲੈ ਕੇ ਹੀ ਉਨ੍ਹਾਂ ਉਤੇ ਜਾ ਚੜ੍ਹਿਆ। ਜਦ ਤੋਪਾਂ ਦੇ ਗੋਲਿਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਉਹ ਹਾਥੀਆਂ ਦੀ ਫੌਜ ਵਿਚ ਦਾਖਿਲ ਹੋ ਗਏ ਅਤੇ ਤਲਵਾਰਾਂ ਅਤੇ ਨੇਜਿਆਂ ਨਾਲ ਕੁਝ ਹਾਥੀ

ਥੱਲੇ ਡੇਗ ਲਏ ਤਾਂ ਜ਼ਖਮੀ ਹਾਥੀ ਪਿੱਛਾਂ ਨੂੰ ਭੱਜਦੇ ਹੋਏ ਆਪਣੀ ਫੌਜ ਨੂੰ ਹੀ ਲਤਾੜ ਗਏ। ਤੋਪਚੀਆਂ ਨੂੰ ਜਾ ਢਾਹਿਆ ਅਤੇ ਤੋਪਾਂ ਚੱਲਣੀਆ ਬੰਦ ਹੋ ਗਈਆਂ। ਬਸ ਇਹ ਕੰਧ ਢਹਿਣ ਦੀ ਦੇਰ ਸੀ ਕਿ ਸਿੱਖਾਂ ਚਾਰ ਚੁਫੇਰਿਓਂ ਵਜ਼ੀਰ ਖਾਂ ਦੀ ਫੌਜ ਨੂੰ ਘੇਰ ਲਿਆ। ਕੁਝ ਸਮੇਂ ਵਿਚ ਹੀ ਵਜ਼ੀਰ ਖਾਂ ਦੀ ਫੌਜ ਦੇ ਆਹੂ ਲਾਹ ਕੇ ਰੱਖ ਦਿੱਤੇ। ਵਜ਼ੀਰ ਖਾਂ ਨੂੰ ਹੁਣ ਬਹੁਤ ਪਛਤਾਵਾ ਹੋਇਆ ਕਿ ਉਸ ਸਰਹੰਦ ਤੋਂ ਬਾਹਰ ਨਿਕਲ ਕੇ ਸਿੱਖਾਂ ਨਾਲ ਲੜਨ ਦੀ ਵੱਡੀ ਭੁੱਲ ਕੀਤੀ ਸੀ। ਜੇ ਸਰਹੰਦ ਵਿਚ ਆਪਣੇ ਕਿਲ੍ਹੇ ਵਿਚ ਰਹਿ ਕੇ ਲੜਾਈ ਲੜਦਾ ਤਾਂ ਉਹ ਐਨੀ ਛੇਤੀ ਨਹੀਂ ਸੀ ਹਾਰ ਸਕਦਾ। ਉਸ ਪਾਸ ਬਹੁਤ ਤੋਪਾਂ ਸਨ ਜਿਹੜੀਆਂ ਕਈ ਦਿਨ ਮਾਰ ਕਰ ਸਕਦੀਆਂ ਸਨ। ਵਜ਼ੀਰ ਖਾਂ ਨੇ ਜਦ ਵੇਖਿਆ ਕਿ ਉਸ ਦੀ ਲਗਭੱਗ ਸਾਰੀ ਫੌਜ ਮਾਰੀ ਗਈ ਸੀ ਤਾਂ ਉਸ ਨੇ ਵੀ ਆਪਣੇ ਕੁਝ ਸਾਥੀਆਂ ਸਮੇਤ ਭੱਜਣ ਦੀ ਕੋਸ਼ਿਸ਼ ਕੀਤੀ। ਪਰ ਬਾਜ ਸਿੰਘ ਨੇ ਘੋੜਾ ਭਜਾ ਕੇ ਉਸਨੂੰ ਘੇਰ ਲਿਆ। ਬੰਦਾ ਸਿੰਘ ਚਾਹੁੰਦਾ ਸੀ ਕਿ ਉਸ ਨੂੰ ਜੀਉਂਦੇ ਨੂੰ ਫੜਿਆ ਜਾਵੇ, ਪਰ ਉਸ ਬਾਜ ਸਿੰਘ ਦੇ ਸਾਮ੍ਹਣੇ ਹੋ ਕੇ ਉਸਨੂੰ ਲਲਕਾਰਾ ਮਾਰਿਆ ਅਤੇ ਸਾਰੇ ਜ਼ੋਰ ਨਾਲ ਨੇਜਾ ਬਾਜ ਸਿੰਘ ਦੇ ਮਾਰਿਆ ਪਰ ਬਾਜ ਸਿੰਘ ਘੋੜੇ ਨੂੰ ਫੇਰ ਕੇ ਵਾਰ ਬਚਾ ਗਿਆ ਅਤੇ ਬਾਜ ਦੀ ਫੁਰਤੀ ਵਾਂਗ ਉਸ ਵਜ਼ੀਰ ਖਾਂ ਦੇ ਹੱਥੋਂ ਉਸ ਦਾ ਹੀ ਨੇਜਾ ਹੀ ਖੋਹ ਲਿਆ। ਉਸੇ ਨੇਜੇ ਨੂੰ ਉਸ ਏਨੇ ਜ਼ੋਰ ਨਾਲ ਉਸ ਦੇ ਹਾਥੀ ਦੇ ਮਾਰਿਆ ਕਿ ਹਾਥੀ ਤੋਂ ਵਜ਼ੀਰ ਖਾਂ ਥੱਲੇ ਡਿੱਗ ਪਿਆ। ਵਜ਼ੀਰ ਖਾਂ ਨੇ ਉਸੇ ਵੇਲੇ ਸੰਭਲ ਕੇ ਇਕ ਤੀਰ ਬਾਜ ਸਿੰਘ ਨੂੰ ਮਾਰਿਆ ਜਿਹੜਾ ਉਸ ਦੀ ਬਾਂਹ ਨੂੰ ਵਿੰਨ੍ਹ ਕੇ ਲੈ ਗਿਆ। ਬਾਜ ਸਿੰਘ ਨੂੰ ਜ਼ਖਮੀ ਹੋਇਆ ਵੇਖ ਕੇ ਉਹ ਤਲਵਾਰ ਲੈ ਕੇ ਅੱਗੇ ਵਧਿਆ। ਇਹ ਹੋ ਸਕਦਾ ਸੀ ਕਿ ਉਹ ਬਾਜ ਸਿੰਘ ਨੂੰ ਸ਼ਹੀਦ ਕਰ ਦਿੰਦਾ। ਇਸ ਲਈ ਜੀਉਂਦਾ ਫੜਨ ਦਾ ਖਿਆਲ ਛੱਡ ਕੇ ਫਤਹਿ ਸਿੰਘ ਦੌੜ ਕੇ ਉਸ ਵੱਲ ਹੋਇਆ ਅਤੇ ਆਪਣੀ ਤਲਵਾਰ ਏਨੇ ਜ਼ੋਰ ਨਾਲ ਉਸ ਦੇ ਮੋਢੇ 'ਤੇ ਮਾਰੀ ਕਿ ਉਹ ਵਜ਼ੀਰ ਖਾਂ ਨੂੰ ਆਰੇ ਵਾਂਗ ਦੋ ਭਾਗ ਵਿਚ ਚੀਰ ਗਈ। ਵਜ਼ੀਰ ਖਾਂ ਦੋ ਟੁਕੜੇ ਹੋ ਕੇ ਧਰਤੀ 'ਤੇ ਡਿੱਗ ਪਿਆ। ਸਿੱਖਾਂ ਨੇ ਇਸ ਤਰ੍ਹਾਂ ਘੇਰਾ ਪਾਇਆ ਹੋਇਆ ਸੀ ਕਿ ਕੋਈ ਸੈਨਿਕ ਵੀ ਬਚ ਕੇ ਨਾ ਨਿਕਲ ਸਕਿਆ। ਜੰਗ ਜਿੱਤ ਕੇ ਸਾਰੇ ਸਿੰਘਾਂ ਨੇ ਵਾਹਿਗੁਰੂ ਦਾ ਸ਼ੁਕਰੀਆ ਅਦਾ ਕੀਤਾ ਅਤੇ ਸਾਰਿਆਂ ਨੇ ਸਰਹੰਦ ਸ਼ਹਿਰ ਵੱਲ ਕੂਚ ਕਰ ਦਿੱਤਾ। ਸਰਹੰਦ ਵਿਚ ਦਾਖਲ ਹੁੰਦਿਆਂ ਹੀ ਸਿੰਘਾਂ ਨੂੰ ਸਾਹਿਬਜ਼ਾਦਿਆਂ ਦੇ ਕਤਲ ਦੀ ਘਟਨਾ ਸਾਮ੍ਹਣੇ ਆ ਗਈ। ਬੱਸ ਫਿਰ ਉਹ ਏਨੇ ਜੋਸ਼ ਵਿਚ ਆਏ ਕਿ ਉਨ੍ਹਾਂ ਨੂੰ ਰੋਕਣਾ ਅਸੰਭਵ ਸੀ।

ਸਰਹੰਦ ਆਪਣੇ ਕਬਜ਼ੇ ਵਿਚ ਕਰਕੇ ਬੰਦਾ ਸਿੰਘ ਨੇ ਬਾਜ ਸਿੰਘ ਨੂੰ ਸਰਹੰਦ ਦਾ ਹਾਕਮ ਨਿਯੁਕਤ ਕਰ ਦਿੱਤਾ।

ਲੋਹਗੜ੍ਹ

ਬੰਦਾ ਸਿੰਘ ਨੇ ਸਰਹੰਦ ਨੂੰ ਪੂਰੀ ਤਰ੍ਹਾਂ ਤਬਾਹ ਹੋਣ ਤੋਂ ਬਚਾ ਲਿਆ ਸੀ ਪਰ ਉਹ ਸਰਹੰਦ ਨੂੰ ਆਪਣੀ ਰਾਜਧਾਨੀ ਨਹੀਂ ਸੀ ਬਣਾਉਣਾ ਚਾਹੁੰਦਾ। ਸਰਹੰਦ ਕਿਉਂਕਿ ਜਰਨੈਲੀ ਸੜਕ 'ਤੇ ਸਥਿਤ ਸੀ ਇਸ ਵਾਸਤੇ ਕਿਸੇ ਸਮੇਂ ਵੀ ਉਸ ਨੂੰ ਸ਼ਾਹੀ ਲਸ਼ਕਰ ਦਾ ਸਾਮ੍ਹਣਾ ਕਰਨਾ ਪੈ ਸਕਦਾ ਸੀ। ਇਸ ਲਈ ਉਸ ਨੇ ਮੁਖਲਸ ਗੜ੍ਹ ਦੇ ਕਿਲ੍ਹੇ ਨੂੰ ਆਪਣੀ ਰਾਜਧਾਨੀ ਬਣਾਇਆ।



ਇਹ ਕਿਲ੍ਹਾ ਬਾਦਸ਼ਾਹ ਸ਼ਾਹ ਜਹਾਨ ਦੇ ਹੁਕਮ ਨਾਲ ਮੁਖਲਿਸ ਖਾਂ ਨੇ ਬਣਾਇਆ ਸੀ। ਇਹ ਕਿਲ੍ਹਾ ਆਮੂਵਾਲ ਪਿੰਡ ਦੀ ਹੱਦ ਵਿਚ ਹਿਮਾਲਿਆ ਪਰਬਤ ਦੀਆਂ ਉਚੀਆਂ ਚੜ੍ਹਾਈਆਂ ਵਿਚ ਖੜ੍ਹਾ ਹੈ। ਇਸ ਤਕ ਪੁੱਜਣ ਲਈ ਬੜੀਆਂ ਕਠਨ ਚਟਾਨਾਂ ਅਤੇ ਟਿੱਲਿਆਂ ਨੂੰ ਪਾਰ ਕਰਨਾ ਪੈਂਦਾ ਹੈ।

ਬੰਦਾ ਸਿੰਘ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕਰਕੇ ਇਸਨੂੰ ਮੁਰੰਮਤ ਕਰਵਾਉਣਾ ਸ਼ੁਰੂ ਕਰ ਦਿੱਤਾ। ਜਦ ਇਹ ਠੀਕ ਬਣ ਗਿਆ ਤਾਂ ਇਸ ਦਾ ਨਾਂ ਲੋਹਗੜ੍ਹ ਰਖਿਆ ਗਿਆ। ਇਸ ਕਿਲ੍ਹੇ ਵਿਚ ਉਹ ਜੰਗੀ ਸਾਮਾਨ ਅਤੇ ਆਪਣਾ ਖਜ਼ਾਨਾ ਰਖਦਾ ਸੀ।

ਬੰਦਾ ਸਿੰਘ ਹੁਣ ਇਕ ਰਾਜਾ ਬਣ ਗਿਆ ਸੀ। ਇਸ ਲਈ ਆਪਣੇ ਰਾਜ ਨੂੰ ਚਲਾਉਣ ਲਈ ਉਸ ਗੁਰੂ ਨਾਨਕ-ਗੁਰੂ ਗੋਬਿੰਦ ਪਾਤਸ਼ਾਹ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ ਅਤੇ ਆਪਣੀ ਇਕ ਮੋਹਰ ਵੀ ਬਣਵਾਈ। ਮੁਗਲ ਬਾਦਸ਼ਾਹ ਵਾਂਗ ਉਸ ਸਰਹੰਦ ਦੀ ਫਤਹਿ ਵਾਲੇ ਦਿਨ ਤੋਂ ਇਕ ਸੰਮਤ ਵੀ ਜਾਰੀ ਕਰ ਦਿੱਤਾ। ਉਹ ਹਰ ਪੱਖ ਤੋਂ ਮੁਗਲਾਂ ਦੀ ਬਰਾਬਰੀ ਕਰਨਾ ਚਾਹੁੰਦਾ ਸੀ ਅਤੇ ਸਿੰਘਾਂ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਮੁਗਲ ਬਾਦਸ਼ਾਹਾਂ ਨਾਲੋਂ ਉਹ ਕਿਸੇ ਗੱਲੋਂ ਘੱਟ ਨਹੀਂ ਸਨ।

ਬਾਦਸ਼ਾਹ ਬਣਦਿਆ ਹੀ ਬੰਦਾ ਸਿੰਘ ਨੇ ਪਹਿਲਾ ਇਹ ਕੰਮ ਕੀਤਾ ਕਿ ਮੁਗਲਾਂ ਵਲੋਂ ਚਲਾਇਆ ਜ਼ਿਮੀਂਦਾਰੀ ਸਿਸਟਮ ਖਤਮ ਕਰ ਦਿੱਤਾ। ਮੁਗਲ ਬਾਦਸ਼ਾਹ ਇਕ ਜ਼ਿਮੀਂਦਾਰ ਨੂੰ ਕਈ ਕਈ ਪਿੰਡ ਅਤੇ ਪਰਗਣੇ ਦੇ ਦਿੰਦੇ ਸਨ। ਉਹ ਜ਼ਿਮੀਂਦਾਰ ਇੱਕ

ਪ੍ਰਕਾਰ ਦਾ ਆਪਣੇ ਇਲਾਕੇ ਦਾ ਮਾਲਕ ਹੀ ਹੁੰਦਾ ਸੀ। ਬਾਦਸ਼ਾਹ ਉਸ ਦੇ ਕੰਮ ਵਿਚ ਦਖਲ ਨਹੀਂ ਸੀ ਦਿੰਦਾ। ਉਸ ਦਾ ਕੰਮ ਤਾਂ ਕੇਵਲ ਮਾਲੀਆ ਉਗਰਾਹੁਣਾ ਹੀ ਹੁੰਦਾ ਸੀ। ਇਸ ਲਈ ਇਹ ਜ਼ਿਮੀਂਦਾਰ ਆਪਣੇ ਰਾਹਕਾਂ ਉਤੇ ਬਹੁਤ ਜ਼ੁਲਮ ਕਰਦੇ ਸਨ, ਜਿਸ ਕਰਕੇ ਪਰਜਾ ਬਹੁਤ ਦੁਖੀ ਰਹਿੰਦੀ ਸੀ। ਇਹੋ ਕਾਰਨ ਸੀ ਕਿ ਜਦ ਬੰਦਾ ਸਿੰਘ ਕਿਸੇ ਸ਼ਹਿਰ 'ਤੇ ਹਮਲਾ ਕਰਦਾ ਸੀ ਤਾਂ ਉਸ ਇਲਾਕੇ ਦੇ ਕਿਸਾਨ ਉਸ ਦੀ ਪੂਰੀ ਮਦਦ ਕਰਦੇ ਸਨ ਅਤੇ ਜ਼ਿਮੀਦਾਰਾਂ ਤੋਂ ਬਦਲੇ ਵੀ ਲੈਂਦੇ ਸਨ। ਬੰਦਾ ਸਿੰਘ ਦੇ ਹੁਕਮ ਨਾਲ ਸਾਰੇ ਰਾਹਕ ਜ਼ਮੀਨਾਂ ਦੇ ਮਾਲਕ ਬਣ ਗਏ।



ਬੰਦਾ ਸਿੰਘ ਦਾ ਰਾਜ ਬੇਸ਼ਕ ਥੋੜ੍ਹੀ ਦੇਰ ਹੀ ਰਿਹਾ, ਪਰ ਹਰ ਦੁਖੀ ਉਸ ਨੂੰ ਆਪਣਾ ਮਸੀਹਾ ਸਮਝਦਾ ਸੀ ਅਤੇ ਜਦ ਉਹ ਬੰਦਾ ਸਿੰਘ ਪਾਸ ਪੇਸ਼ ਹੁੰਦਾ ਸੀ ਤਾਂ ਉਹ ਉਸ ਦੀ ਪੂਰੀ ਸਹਾਇਤਾ ਕਰਦਾ ਸੀ। ਸਿੰਘਾਂ ਨੇ ਦੁਖੀ ਦੇਸ਼ਵਾਸੀਆਂ ਦੀ ਸੇਵਾ ਨੂੰ ਆਪਣਾ ਧਾਰਮਿਕ ਫਰਜ਼ ਬਣਾ ਲਿਆ। ਜਿਸ ਕਰਮਚਾਰੀ ਜਾਂ ਅਫਸਰ ਬਾਰੇ ਉਹ ਸ਼ਿਕਾਇਤ ਸੁਣਦੇ ਤਾਂ ਉਸਨੂੰ ਅਜਿਹਾ ਸੋਧਦੇ ਕਿ ਉਹ ਮੁੜ ਸਿਰ ਨਾ ਚੁੱਕਦਾ। ਬੰਦਾ ਸਿੰਘ ਨੇ ਸਾਰੇ ਮੁਗਲ ਕਰਮਚਾਰੀਆਂ ਨੂੰ ਜ਼ਿੰਮੇਵਾਰ ਅਹੁਦਿਆਂ ਤੋਂ ਹਟਾ ਦਿਤਾ ਅਤੇ ਉਨ੍ਹਾਂ ਦੀ ਥਾਂ ਧਰਮੀ ਸਿੰਘਾਂ ਨੂੰ ਨਿਯੁਕਤ ਕਰ ਦਿੱਤਾ। ਸਿੰਘਾਂ ਦਾ ਮਾਣ ਏਨਾ ਵਧ ਗਿਆ ਕਿ ਮੁਗਲਾਂ ਦੇ ਉਨ੍ਹਾਂ ਵਲ ਵੇਖ ਕੇ ਪ੍ਰਾਣ ਹੀ ਸੁੱਕ ਜਾਂਦੇ ਸਨ। ਸਿੰਘਾਂ ਵਿਚ ਊਚ ਨੀਚ ਦੀ ਕੋਈ ਥਾਂ ਨਹੀਂ ਸੀ, ਹਰ ਇਕ ਬਰਾਬਰ ਸੀ, ਕਿਸੇ ਵੀ ਜਾਤ ਬਰਾਦਰੀ ਦਾ ਵਿਅਕਤੀ ਜਦ ਸਿੰਘ ਸਜ ਜਾਂਦਾ ਤਾਂ ਉਹ ਕੇਵਲ ਸਿੰਘ ਹੀ ਹੁੰਦਾ। ਜਾਤ ਉਸ ਦੇ ਬਹੁਤ ਪਿੱਛੇ ਰਹਿ ਜਾਂਦੀ।

ਇਕ ਵਾਰ ਇਕ ਨੀਵੀਂ ਜਾਤ ਦਾ ਗੱਭਰੂ, ਬੰਦਾ ਸਿੰਘ ਪਾਸ ਆਇਆ ਅਤੇ ਉਸ ਸਿੰਘ ਬਣਨ ਵਾਸਤੇ ਬੇਨਤੀ ਕੀਤੀ। ਬੰਦਾ ਸਿੰਘ ਨੇ ਉਸ ਨੂੰ ਸਿੰਘ ਸਜਾਇਆ ਅਤੇ ਕਿਹਾ, ਤੇਰੇ ਪਿੰਡ ਹੋਰ ਕਿੰਨੇ ਸਿੰਘ ਹਨ? ਉਸ ਵਿਅਕਤੀ ਨੇ ਕਿਹਾ ਕਿ ਉਸ ਦੇ ਪਿੰਡ ਕੋਈ ਵੀ ਸਿੰਘ ਜਾਂ ਸਿੱਖ ਨਹੀਂ ਹੈ। ਬੰਦਾ ਸਿੰਘ ਨੇ ਉਸ ਨੂੰ ਪਿੰਡ ਦਾ ਮੁਖਤਾਰ ਥਾਪ ਦਿੱਤਾ ਤੇ ਉਸਨੂੰ ਆਪਣੀ ਮੋਹਰ ਲਾ ਕੇ ਪ੍ਰਵਾਨਾ ਲਿਖ ਦਿੱਤਾ। ਜਦ ਉਹ ਸਿੰਘ ਆਪਣੇ ਪਿੰਡ ਗਿਆ ਤਾਂ ਬੰਦਾ ਸਿੰਘ ਦਾ ਲਿਖਿਆ ਪ੍ਰਵਾਨਾ ਲਿਖ ਦਿੱਤਾ। ਜਦ ਉਹ ਸਿੰਘ ਆਪਣੇ ਪਿੰਡ ਗਿਆ ਤਾਂ ਬੰਦਾ ਸਿੰਘ ਦਾ ਲਿਖਿਆ ਪ੍ਰਵਾਨਾ ਵਿਖਾਇਆ ਤਾਂ ਪਿੰਡ ਦੇ ਸਾਰੇ ਅਮੀਰ ਅਤੇ ਗਰੀਬ ਉਸ ਦੇ ਸੁਆਗਤ ਲਈ ਆਏ। ਉਹ ਸਾਰੇ ਹੱਥ ਬੰਨ੍ਹ ਕੇ ਉਸ ਦੇ ਅੱਗੇ ਖਲੋ ਗਏ ਅਤੇ ਕਹਿਣ ਲੱਗੇ, ਜਨਾਬ! ਹੁਕਮ ਕਰੋ, ਅਸੀਂ ਕੀ ਸੇਵਾ ਕਰੀਏ?

ਸਹਾਰਨਪੁਰ

ਸਰਹੰਦ ਨੂੰ ਫਤਹਿ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੇ ਬਾਹੂ-ਬਲ ਦੀਆਂ ਧੁੰਮਾਂ ਦੂਰ-ਦੂਰ ਤਕ ਪੈ ਗਈਆਂ। ਕਈ ਮੁਸਲਮਾਨ ਤੇ ਹਿੰਦੂ ਅੰਮ੍ਰਿਤ ਛਕ ਕੇ ਸਿੰਘ ਸਜਨ ਲੱਗੇ। ਉਸ ਸਮੇਂ ਹੀ ਉਨਾਰਸਾ ਪਿੰਡ ਦੇ ਬਹੁਤ ਸਾਰੇ ਮੁਸਲਮਾਨ ਅਤੇ ਹਿੰਦੂ ਸਿੰਘ ਸਜ ਗਏ। ਉਸ ਇਲਾਕੇ ਦੇ ਫੌਜਦਾਰ ਜਲਾਲਦੀਨ ਨੂੰ ਇਹ ਪਤਾ ਲੱਗਾ ਤਾਂ ਉਸ ਸਾਰੇ ਸਿੰਘ ਕੈਦ ਕਰ ਲਏ ਤੇ ਤਸੀਹੇ ਦੇਣ ਲੱਗਾ। ਜਦ ਬੰਦਾ ਸਿੰਘ ਬਹਾਦਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਆਪਣੇ ਸਿੰਘ ਲੈ ਕੇ ਉਨਾਰਸੇ ਵੱਲ ਚੱਲ ਪਿਆ।

ਰਾਹ ਦੇ ਵਿਚ ਸਹਾਰਨਪੁਰ ਆਉਂਦਾ ਸੀ। ਇਹ ਸ਼ਹਿਰ ਵੀ ਮੁਸਲਮਾਨਾਂ ਦਾ ਇਕ ਵੱਡਾ ਗੜ੍ਹ ਸੀ। ਸਿੰਘਾਂ ਜਮਨਾ ਪਾਰ ਕਰਕੇ ਸਹਾਰਨਪੁਰ ਵੱਲ ਘੋੜੇ ਭਜਾ ਲਏ। ਉਸ ਸਮੇਂ ਸਹਾਰਨਪੁਰ ਦਾ ਹਾਕਮ ਅਲੀ ਅਹਿਮਦ ਖਾਂ ਸੀ। ਜਦ ਉਸਨੂੰ ਪਤਾ ਲੱਗਾ ਕਿ ਸਿੰਘ ਸਹਾਰਨਪੁਰ ਵੱਲ ਵਧ ਰਹੇ ਹਨ ਤਾਂ ਉਹ ਆਪਣਾ ਮਾਲ ਅਸਬਾਬ ਲੈ ਕੇ ਦਿੱਲੀ ਵੱਲ ਭੱਜ ਗਿਆ ਪਰ ਸਹਾਰਨਪੁਰ ਦੇ ਲੋਕਾਂ ਸਿੰਘਾਂ ਦਾ ਡੱਟ ਕੇ ਮੁਕਾਬਲਾ ਕੀਤਾ, ਪਰ ਛੇਤੀ ਹੀ ਹਾਰ ਗਏ। ਸਿੰਘਾਂ ਨੇ ਹੰਕਾਰੀਆਂ ਨੂੰ ਚੁਣ ਚੁਣ ਕੇ ਮਾਰਿਆ ਤੇ ਸਹਾਰਨਪੁਰ ਉਤੇ ਕਬਜ਼ਾ ਕਰਕੇ ਉਸ ਦਾ ਨਾਂ ਹੀ ਭਾਗ ਨਗਰ ਰੱਖ ਦਿਤਾ।

ਸਹਾਰਨਪੁਰ ਬੈਠੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪਤਾ ਲੱਗਾ ਕਿ 'ਬਿਹਤ' ਨਗਰ ਦੇ ਮੁਸਲਮਾਨ ਹਿੰਦੂਆਂ ਉਤੇ ਬਹੁਤ ਜ਼ੁਲਮ ਢਾਹ ਰਹੇ ਸਨ। ਬਾਬਾ ਜੀ ਨੇ ਸਿੰਘਾਂ ਦੀ ਇਕ ਟੁਕੜੀ ਬਿਹਤ ਦੇ ਪੀਰਜ਼ਾਦਿਆਂ ਨੂੰ ਸੋਧਣ ਲਈ ਭੇਜੀ। ਇਹ ਪੀਰਜ਼ਾਦੇ ਗਲੀਆਂ ਬਾਜ਼ਾਰਾਂ ਵਿਚ ਗਊਆਂ ਮਾਰਦੇ ਸਨ। ਸਿੰਘਾਂ ਨੇ ਪੀਰਜ਼ਾਦਿਆਂ ਅਤੇ ਧਨਾਢ ਜ਼ਿਮੀਦਾਰਾਂ ਨੂੰ ਕਤਲ ਕਰ ਦਿੱਤਾ।

ਪੀਰਜ਼ਾਦਿਆਂ ਦਾ ਖਾਤਮਾ ਕਰਕੇ ਸਿੰਘ ਵਾਪਸ ਸਹਾਰਨਪੁਰ

ਆ ਗਏ। ਜਦ ਸਾਰੇ ਸਿੰਘ ਇੱਕਠੇ ਹੋ ਗਏ ਤਾਂ ਬੰਦਾ ਸਿੰਘ ਬਹਾਦਰ ਨੇ ਜਲਾਲਾਬਾਦ ਨੂੰ ਸੋਧਣ ਦਾ ਪ੍ਰੋਗਰਾਮ ਉਲੀਕਿਆ। ਜਲਾਲਬਾਦ ਦੇ ਰਾਹ ਵਿਚ ਨਨੌਤਾ ਆਉਂਦਾ ਸੀ। ਏਥੋਂ ਦੇ ਸ਼ੇਖ ਬੜਾ ਜ਼ੁਲਮ ਢਾਹ ਰਹੇ ਸਨ। ਇਸ ਲਈ ਸਿੰਘਾਂ ਨੇ ਪਹਿਲਾਂ ਨਨੌਤੇ ਦੇ ਸ਼ੇਖਾਂ ਨੂੰ ਸੋਧਣ ਦਾ ਮਨ ਬਣਾਇਆ। ਪਰ ਜਦ ਸਿੰਘਾਂ ਨੇ ਨਨੌਤੇ ਉਤੇ ਹਮਲਾ ਕੀਤਾ ਤਾਂ ਸ਼ੇਖਾਂ ਨੇ ਤੀਰਾਂ ਦੀ ਐਸੀ ਵਾਛੜ ਛੱਡੀ ਕਿ ਕਾਫੀ ਸਿੰਘ ਸ਼ਹੀਦ ਹੋ ਗਏ। ਇਸ ਨੁਕਸਾਨ ਨੇ ਸਿੰਘਾਂ ਵਿਚ ਅਥਾਹ ਰੋਹ ਭਰ ਦਿੱਤਾ। ਉਨ੍ਹਾਂ ਫਿਰ ਅਜੇਹੇ ਜ਼ੋਰ ਨਾਲ ਤਲਵਾਰ ਚਲਾਈ ਕਿ ਨਨੌਤੇ ਦੀ ਨਗਰੀ ਢਹਿ ਢੇਰੀ ਹੋ ਗਈ। ਦੱਸਿਆ ਜਾਂਦਾ ਹੈ ਕਿ ਤਿੰਨ ਸੌ ਸ਼ੇਖ, ਇਕ ਸ਼ੇਖ ਦੀ ਹਵੇਲੀ ਵਿਚ ਹੀ ਮਾਰੇ ਗਏ।

ਨਨੌਤੇ ਤੋਂ ਸਿੰਘ ਜਲਾਲਾਬਾਦ ਵੱਲ ਵਧੇ। ਉਨ੍ਹਾਂ ਜਲਾਲ ਖਾਂ ਨੂੰ ਇਕ ਚਿੱਠੀ ਲਿਖੀ ਕਿ ਉਹ ਉਨਾਰਸੇ ਦੇ ਕੈਦ ਕੀਤੇ ਹੋਏ ਸਿੰਘਾਂ ਨੂੰ ਛੱਡ ਦੇਵੇ ਅਤੇ ਖਾਲਸੇ ਦੀ ਈਨ ਮੰਨ ਲਵੇ। ਪਰ ਜਲਾਲ ਖਾਂ ਨੇ ਨਾ ਹੀ ਸਿੰਘ ਛੱਡੇ ਅਤੇ ਨਾ ਹੀ ਈਨ ਮੰਨਣ ਨੂੰ ਤਿਆਰ ਹੋਇਆ। ਜਲਾਲ ਖਾਂ ਨੂੰ ਬਹੁਤ ਦੇਰ ਦਾ ਪਤਾ ਲੱਗ ਚੁੱਕਾ ਸੀ ਕਿ ਸਿੰਘ ਉਸ ਉਤੇ ਹਮਲਾ ਕਰਨ ਆ ਰਹੇ ਹਨ, ਇਸ ਲਈ ਉਸ ਜਲਾਲਾਬਾਦ ਕਿਲ੍ਹੇ ਨੂੰ ਬੜਾ ਮਜ਼ਬੂਤ ਕਰ ਲਿਆ ਅਤੇ ਕਾਫੀ ਗਿਣਤੀ ਵਿਚ ਅਸਲਾ ਅਤੇ ਖਾਣ-ਪੀਣ ਦਾ ਸਾਮਾਨ ਜਮ੍ਹਾਂ ਕਰ ਰਖਿਆ ਸੀ।



ਸਿੰਘਾਂ ਨੇ ਜਲਾਲਾਬਾਦ ਕਿਲ੍ਹੇ ਨੂੰ ਜਾ ਘੇਰਾ ਪਾਇਆ। ਜਲਾਲ ਖਾਂ ਨੇ ਆਪਣੇ ਪੋਤਰੇ ਗੁਲਾਮ ਮੁਹੰਮਦ ਖਾਂ ਅਤੇ ਭਤੀਜੇ ਹੱਯਬਰ ਖਾਂ ਨੂੰ ਸਿੰਘਾਂ ਦਾ ਮੁਕਾਬਲਾ ਕਰਨ ਲਈ ਭੇਜਿਆ। ਬੜੀ ਜ਼ਬਰਦਸਤ ਲੜਾਈ ਹੋਈ ਜਿਸ ਵਿਚ ਹੱਯਬਰ ਖਾਂ ਮਾਰਿਆ ਗਿਆ। ਜਲਾਲ ਖਾਂ ਦੇ ਭਤੀਜੇ ਜਮਾਲ ਖਾਂ ਅਤੇ ਪੀਰ ਖਾਂ ਵੀ ਸਿੰਘਾਂ ਨੂੰ ਰੋਕਣ ਵਾਸਤੇ ਆਏ ਪਰ ਦੋਵੇਂ ਮਾਰੇ ਗਏ।

ਪਰ ਜਲਾਲਬਾਦ ਦਾ ਕਿਲ੍ਹਾ ਏਨਾ ਮਜ਼ਬੂਤ ਸੀ ਕਿ ਉਸ ਨੂੰ ਜਿੱਤ ਲੈਣਾ ਕੋਈ ਆਸਾਨ ਕੰਮ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਬਰਸਾਤ ਬਹੁਤ ਹੋਈ ਜਿਸ ਕਰਕੇ ਕਿਲ੍ਹੇ ਦੇ ਚਾਰ ਚੁਫੇਰੇ ਪਾਣੀ ਭਰ ਗਿਆ। ਹੁਣ ਸਿੰਘਾਂ ਲਈ ਕਿਲ੍ਹੇ ਦੇ ਪਾਸ ਪੁੱਜਣਾ ਬੜਾ ਕਠਨ ਹੋ ਗਿਆ। ਸਿੰਘਾਂ ਨੇ ਵੀਹ ਦਿਨ ਤਕ ਘੇਰਾ ਪਾਈ ਰਖਿਆ। ਪਰ ਉਸ ਨੂੰ ਸਰ ਕਰਨ ਵਿਚ ਕਾਮਯਾਬ ਨਾ ਹੋ ਸਕੇ। ਅਖੀਰ ਉਨ੍ਹਾਂ ਨੇ ਲੱਕੜੀ ਦੇ ਫੱਟਿਆਂ ਦੇ ਮੋਰਚੇ ਬਣਾ ਕੇ ਗੱਡਿਆਂ ਉਤੇ ਰੱਖ ਕੇ ਦਰਵਾਜ਼ੇ ਤਕ ਪਹੁੰਚ ਗਏ ਅਤੇ ਕੰਧ ਵਿਚ ਪਾੜ ਪਾ ਕੇ ਉਪਰ ਚੜ੍ਹ ਗਏ। ਉਨ੍ਹਾਂ ਦਰਵਾਜ਼ੇ ਨੂੰ ਤੋੜਨ ਅਤੇ ਸਾੜਨ ਦਾ ਵੀ ਯਤਨ ਕੀਤਾ ਪਰ ਦਰਵਾਜ਼ਾ ਏਨਾ ਮਜ਼ਬੂਤ ਸੀ ਕਿ ਟੁੱਟ ਨਾ ਸਕਿਆ। ਜਦ ਬੰਦਾ ਸਿੰਘ ਬਹਾਦਰ ਵੱਲੋਂ ਘੇਰਾ ਛੱਡ ਕੇ ਵਾਪਸ ਸਹਾਰਨਪੁਰ ਆਉਣ ਦਾ ਆਦੇਸ਼ ਮਿਲਿਆ ਤਾਂ ਸਿੰਘ ਵਾਪਸ ਆ ਗਏ। ਉਸ ਸਮੇਂ ਜਲੰਧਰ ਦੇ ਹਾਕਮ ਸਮਸ਼ ਖਾਂ ਦੀ ਸਿੱਖਾਂ ਨਾਲ ਲੜਾਈ ਹੋ ਰਹੀ ਸੀ, ਇਸ ਲਈ ਦੁਆਬੇ ਦੇ ਸਿੰਘਾਂ ਦੀ ਮੱਦਦ ਕਰਨ ਦੀ ਬੜੀ ਲੋੜ ਸੀ।

ਦੁਆਬੇ ਵਿਚ

ਸਹਾਰਨਪੁਰ ਦੇ ਇਰਦ ਗਿਰਦ ਸਾਰੇ ਇਲਾਕੇ ਆਪਣੇ ਅਧੀਨ ਕਰਕੇ ਸਿੰਘਾਂ ਨੇ ਇਹ ਮਤਾ ਪਕਾਇਆ ਕਿ ਹੁਣ ਸਤਲੁਜ ਤੋਂ ਪਾਰ ਦੁਆਬੇ ਨੂੰ ਵੀ ਆਪਣੇ ਅਧੀਨ ਕੀਤਾ ਜਾਵੇ। ਦੁਆਬੇ ਵਿਚ ਜਲੰਧਰ ਅਤੇ ਹੁਸ਼ਿਆਰਪੁਰ ਦੇ ਇਲਾਕੇ ਆਉਂਦੇ ਸਨ। ਉਸ ਵੇਲੇ ਸਮਸ ਖਾਂ ਜਲੰਧਰ ਦਾ ਫੌਜਦਾਰ ਸੀ। ਉਸ ਨੇ ਸੁਲਤਾਨਪੁਰ ਲੋਧੀ ਨੂੰ ਆਪਣਾ ਹੈਡ ਕੁਆਟਰ ਬਣਾਇਆ ਹੋਇਆ ਸੀ। ਦੁਆਬੇ ਦੇ ਇਲਾਕੇ ਵਿਚ ਸਿੰਘਾਂ ਨੂੰ ਜ਼ਿਆਦਾ ਮੁਸ਼ਕਲ ਪੇਸ਼ ਨਾ ਆਈ। ਜਿਧਰ ਵੀ ਜਾਂਦੇ ਉਸ ਇਲਾਕੇ ਦੇ ਹਾਕਮ ਝਟ ਅਧੀਨਗੀ ਪ੍ਰਵਾਨ ਕਰ ਲੈਂਦੇ। ਸਮਸ ਖਾਂ ਉੱਤੇ ਹਮਲਾ ਕਰਨ ਤੋਂ ਪਹਿਲਾਂ ਉਨ੍ਹਾਂ ਉਸ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਸਾਫ ਲਿਖ ਦਿੱਤਾ ਕਿ ਜਾਂ ਈਨ ਮੰਨ ਲਵੇ ਜਾਂ ਲੜਾਈ ਲਈ ਤਿਆਰ ਹੋ ਜਾਵੇ। ਸਮਸ ਖਾਂ ਨੇ ਚਿੱਠੀ ਪੜ੍ਹ ਕੇ ਆਪਣੇ ਅਹਿਲਕਾਰਾਂ ਨਾਲ ਸਲਾਹ ਮਸ਼ਵਰਾ ਕੀਤਾ। ਉਨ੍ਹਾਂ ਸਾਰਿਆਂ ਨੇ ਇਹ ਸਲਾਹ ਦਿੱਤੀ ਕਿ ਸਿੰਘਾਂ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਪਰ ਸਮਸ ਖਾਂ ਡਰਦਾ ਵੀ ਸੀ ਕਿ ਉਸ ਨੇ ਤੁਰੰਤ ਨਾਂਹ ਭੇਜ ਦਿੱਤੀ ਤਾਂ ਸਿੰਘਾਂ ਨੇ ਝਟ ਹਮਲਾ ਕਰ ਦੇਣਾ ਹੈ। ਇਸ ਲਈ ਤਿਆਰੀ ਵਾਸਤੇ ਕੁਝ ਸਮਾਂ ਪਾਉਣ ਲਈ ਉਸ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਛੇਤੀ ਹੀ ਖਜ਼ਾਨਾ ਅਤੇ ਸਿੱਕਾ ਬਾਰੂਦ ਲੈ ਕੇ ਉਨ੍ਹਾਂ ਨੂੰ ਮਿਲੇਗਾ। ਕੁਝ ਮੋਹਰਾਂ ਅਤੇ ਸਿੱਕਾ ਬਾਰੂਦ ਉਸ ਭੇਜਿਆ ਵੀ। ਇਸ ਤੋਂ ਬਾਅਦ ਉਸ ਲੜਾਈ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ। ਇਸ ਦੇ ਨਾਲ ਹੀ ਉਸ ਜਹਾਦ ਦਾ ਢੋਲ ਵਜਾ ਦਿੱਤਾ ਅਤੇ ਮੁਸਲਮਾਨਾਂ ਨੂੰ ਹੈਦਰੀ ਝੰਡੇ ਥੱਲੇ ਖੜ੍ਹੇ ਹੋਣ ਲਈ ਕਿਹਾ। ਇਸ ਤਰ੍ਹਾਂ ਸਮਸ ਖਾਂ ਨੇ ਇਕ ਲੱਖ ਦੇ ਲਗਭਗ ਫੌਜ ਇਕੱਠੀ ਕਰ ਲਈ। ਇਸ ਤਰ੍ਹਾਂ ਉਹ ਇਕ ਲੱਖ ਫੌਜ ਲੈ ਕੇ ਸੁਲਤਾਨਪੁਰ ਲੋਧੀ ਤੋਂ ਚੱਲ ਪਿਆ।

ਪਰ ਦੂਸਰੇ ਪਾਸੇ ਸਿੰਘ ਇਹੀ ਸਮਝ ਰਹੇ ਸਨ ਕਿ ਸਮਸ ਖਾਂ ਨੇ ਈਨ ਮੰਨ ਲਈ ਹੈ ਤੇ ਛੇਤੀ ਹੀ ਉਹ ਖਜ਼ਾਨਾ ਲੈ ਕੇ ਹਾਜ਼ਰ ਹੋ ਜਾਵੇਗਾ। ਪਰ ਉਨ੍ਹਾਂ ਨੂੰ ਅਸਲ ਗੱਲ ਦਾ ਉਸ ਸਮੇਂ ਪਤਾ ਲੱਗਾ ਜਦ ਸਮਸ ਖਾਂ ਨੇ ਢੋਲ ਵਜਾ ਕੇ ਇਕ ਲੱਖ ਸੈਨਾ ਇਕੱਠੀ ਕਰ ਲਈ। ਪਰ ਸਿੰਘਾਂ ਪਾਸ ਬਹੁਤ ਥੋੜ੍ਹੀ ਫੌਜ ਸੀ।

ਇਸ ਲਈ ਸਿੰਘਾਂ ਨੇ ਬੰਦਾ ਸਿੰਘ ਬਹਾਦਰ ਨੂੰ ਸੁਨੇਹਾ ਭੇਜਿਆ। ਪਰ ਬੰਦਾ ਸਿੰਘ ਹਾਲਾਤ ਨੂੰ ਮੁੱਖ ਰੱਖ ਕੇ ਆਪ ਤਾਂ ਨਾ ਆਇਆ ਪਰ ਉਸ ਨੇ ਜਲਾਲਾਬਾਦ ਦਾ ਘੇਰਾ ਚੁਕਵਾ ਦਿੱਤਾ ਤੇ ਸਿੰਘਾਂ ਨੂੰ ਦੁਆਬੇ ਪੁੱਜਣ ਦਾ ਆਦੇਸ਼ ਕਰ ਦਿੱਤਾ।

ਪਰ ਸਮਸ ਖਾਂ ਨੂੰ ਵੀ ਇਹ ਸੂਹ ਮਿਲ ਗਈ ਕਿ ਜਲਾਲਾਬਾਦ ਦੇ ਘੇਰੇ ਵਾਲੀ ਸਿੰਘ ਸੈਨਾ ਮਾਛੀਵਾੜੇ ਰਾਹੀਂ ਦੁਆਬੇ ਪੁੱਜ ਰਹੀ ਹੈ। ਇਸ ਲਈ ਉਨ੍ਹਾਂ ਨੂੰ ਦਰਿਆ ਪਾਰ ਕਰਨ ਤੋਂ ਰੋਕਣ ਲਈ ਉਸ ਪਾਸੇ ਵਲ ਵਧਿਆ। ਪਰ ਸਿੰਘ ਉਸ ਦੇ ਪੁੱਜਣ ਤੋਂ ਪਹਿਲਾਂ ਹੀ ਦਰਿਆ ਪਾਰ ਕਰ ਚੁੱਕੇ ਸਨ। ਰਾਹੋਂ ਪੁੱਜ ਕੇ ਸਿੰਘਾਂ ਨੇ ਵੇਖਿਆ ਕਿ ਲੱਖਾਂ ਜਹਾਦੀ ਲੋਕ ਉਨ੍ਹਾਂ ਵਲ ਵਧੇ ਆ ਰਹੇ ਸਨ। ਸਿੰਘਾਂ ਦੀ ਗਿਣਤੀ ਬਹੁਤ ਥੋੜ੍ਹੀ ਹੋਣ ਕਰਕੇ ਉਨ੍ਹਾਂ ਵੱਖ-ਵੱਖ ਥਾਵਾਂ 'ਤੇ ਮੋਰਚੇ ਸੰਭਾਲ ਲਏ। ਪਰ ਏਡੀ ਵੱਡੀ ਗਿਣਤੀ ਵਿਚ ਜਹਾਦੀਆਂ ਦੀ ਫੌਜ ਨੂੰ ਵੇਖ ਕੇ ਉਨ੍ਹਾਂ ਰਾਹੋਂ ਦਾ ਕਿਲ੍ਹਾ ਮੱਲ ਲਿਆ। ਜਹਾਦੀਆਂ ਨੇ ਕਿਲ੍ਹੇ ਨੂੰ ਘੇਰ ਲਿਆ ਪਰ ਸਿੰਘਾਂ ਨੇ ਰਾਤ ਨਿਕਲ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦਾ ਕਾਫੀ ਨੁਕਸਾਨ ਕਰ ਦਿੱਤਾ। ਪਰ ਜਹਾਦੀਆਂ ਦੇ ਟਿੱਡੀ ਦਲ ਨੂੰ ਖਤਮ ਕਰਨਾ ਬੜਾ ਔਖਾ ਸੀ। ਇਸ ਲਈ ਇਕ ਰਾਤ ਹਨ੍ਹੇਰੇ ਵਿਚ ਨਿਕਲ ਕੇ ਦੂਰ ਚਲੇ ਗਏ। ਸਮਸ ਖਾਂ ਨੇ ਇਹ ਸਮਝਿਆ ਕਿ ਸਿੱਖ ਹਾਰ ਖਾ ਕੇ ਭੱਜ ਗਏ ਹਨ। ਇਸ ਲਈ ਉਹ ਸੁਲਤਾਨਪੁਰ ਨੂੰ ਮੁੜ ਗਿਆ। ਪਰ ਸਿੰਘ ਲਾਗੇ ਹੀ ਝੱਲਾਂ ਵਿਚ ਲੁਕੇ ਹੋਏ ਸਨ। ਇਸ ਲਈ ਅਗਲੇ ਦਿਨ ਉਹ ਰਾਹੋਂ ਵਾਪਸ ਆ ਗਏ ਅਤੇ ਸਮਸ ਖਾਂ ਦੇ ਆਦਮੀਆਂ ਨੂੰ ਕਤਲ ਕਰਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸਮਸ ਖਾਂ ਸਿੰਘਾਂ ਦੀ ਇਸ ਚਲਾਕੀ 'ਤੇ ਬਹੁਤ ਹੈਰਾਨ ਹੋਇਆ।

ਰਾਹੋਂ ਉਤੇ ਕਬਜ਼ਾ ਕਰ ਕੇ ਸਿੰਘ ਫਿਰ ਜਲੰਧਰ ਵਲ ਵਧੇ। ਜਲੰਧਰ ਦੇ ਪਠਾਣ, ਸਿੰਘਾਂ ਦੇ ਆਉਣ ਦੀ ਖਬਰ ਸੁਣ ਕੇ ਹੀ ਭੱਜ ਗਏ ਅਤੇ ਜਲੰਧਰ ਉਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਇਸ ਤੋਂ ਬਾਅਦ ਸਿੰਘ ਹੁਸ਼ਿਆਰਪੁਰ ਵਲ ਗਏ। ਪਰ ਉਥੋਂ ਦੇ ਸਰਕਾਰੀ ਅਹਿਲਕਾਰਾਂ ਮੁਕਾਬਲਾ ਨਾ ਕੀਤਾ ਤੇ ਈਨ ਮੰਨ ਲਈ। ਇਸ ਤਰ੍ਹਾਂ ਸਿੰਘਾਂ ਦਾ ਸਾਰੇ ਦੁਆਬੇ 'ਤੇ ਕਬਜ਼ਾ ਹੋ ਗਿਆ। ਬਾਅਦ ਵਿਚ ਸਮਸ ਖਾਂ ਅਤੇ ਸਿੱਖਾਂ ਦੀਆਂ ਕਈ ਲੜਾਈਆਂ ਹੋਈਆਂ ਪਰ ਉਹ ਸਿੰਘਾਂ ਨੂੰ ਹਰਾ ਨਾ ਸਕਿਆ।



ਕਿਲ੍ਹਾ ਲੋਹਗੜ੍ਹ ਦੀ ਘੇਰਾਬੰਦੀ

ਜਦ ਬਾਦਸ਼ਾਹ ਬਹਾਦਰਸ਼ਾਹ ਦੱਖਣ ਤੋਂ ਵਾਪਸ ਆਇਆ ਤਾਂ ਉਸ ਨੂੰ ਪਤਾ ਲੱਗਾ ਕਿ ਸਿੱਖਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ ਹੈ। ਪੰਜਾਬ ਨੂੰ ਦੁਬਾਰਾ ਆਪਣੇ ਕਬਜ਼ੇ ਵਿਚ ਕਰਨ ਲਈ ਬਾਦਸ਼ਾਹ ਆਪ ਪੰਜਾਬ ਆਇਆ। ਉਸ ਨੇ ਸਰਹੰਦ ਨੂੰ ਫਤਹਿ ਕਰਨ ਲਈ ਮੁਹੰਮਦ ਅਮੀਨ ਖਾਂ ਨੂੰ ਇਕ ਵੱਡੀ ਫੌਜ ਦੇ ਕੇ ਭੇਜਿਆ। ਪਰ ਇਸ ਤੋਂ ਪਹਿਲਾਂ ਹੀ ਸਮਸ ਖਾਂ ਸਰਹੰਦ 'ਤੇ ਕਬਜ਼ਾ ਕਰਨ ਵਾਸਤੇ ਪਹੁੰਚ ਚੁੱਕਾ ਸੀ। ਉਸ ਸਮੇਂ ਬਾਜ ਸਿੰਘ ਤਾਂ ਕਿਲ੍ਹੇ ਵਿਚ ਨਹੀਂ ਸੀ ਪਰ ਉਥੇ ਮੌਜੂਦ ਸੁੱਖਾ ਸਿੰਘ ਅਤੇ ਸ਼ਾਮ ਸਿੰਘ ਨੇ ਡੱਟ ਕੇ ਮੁਕਾਬਲਾ ਕੀਤਾ। ਇਸ ਲੜਾਈ ਵਿਚ ਸੁੱਖਾ ਸਿੰਘ ਤਾਂ ਸ਼ਹੀਦ ਹੋ ਗਿਆ ਪਰ ਸ਼ਾਮ ਸਿੰਘ ਬਾਕੀਆਂ ਸਿੰਘਾਂ ਨੂੰ ਲੈ ਕੇ ਲੋਹਗੜ੍ਹ ਦੇ ਕਿਲ੍ਹੇ ਵਿਚ ਚਲਾ ਗਿਆ। ਜਦ 4 ਦਸੰਬਰ 1710 ਨੂੰ ਬਹਾਦਰ ਸ਼ਾਹ ਸਢੌਰੇ ਪੁੱਜਾ ਤਾਂ ਉਸ ਵੇਲੇ ਸਾਰੇ ਸਿੰਘ ਲੋਹਗੜ੍ਹ ਦੇ ਕਿਲ੍ਹੇ ਵਿਚ ਇਕੱਠੇ ਹੋ ਗਏ ਸਨ। ਉਸ ਸਮੇਂ ਬੰਦਾ ਸਿੰਘ ਬਹਾਦਰ ਵੀ ਉਨ੍ਹਾਂ ਦੀ ਸਹਾਇਤਾ ਵਾਸਤੇ ਪਹੁੰਚ ਗਿਆ ਸੀ।

ਮੁਗਲ ਫੌਜ ਦੇ ਸਾਰੇ ਸਰਦਾਰ ਅਤੇ ਸਿਪਾਹੀ ਬੰਦਾ ਸਿੰਘ ਬਹਾਦਰ ਨੂੰ ਇਕ ਜਾਦੂਗਰ ਸਮਝਦੇ ਸਨ। ਉਹ ਬੰਦਾ ਸਿੰਘ ਨੂੰ ਇਕ ਕਰਣੀ ਵਾਲਾ ਸ਼ਕਤੀਸ਼ਾਲੀ ਮਹਾਂਬਲੀ ਮੰਨਦੇ ਸਨ। ਉਹ ਕਹਿੰਦੇ ਸਨ ਕਿ ਤਲਵਾਰ, ਤੀਰ ਅਤੇ ਗੋਲੀਆਂ ਉਸ ਦੇ ਸਿੰਘਾਂ 'ਤੇ ਕੋਈ ਅਸਰ ਨਹੀਂ ਕਰਦੀਆਂ ਹਨ। ਇਹੋ ਜਿਹੀਆਂ ਖਬਰਾਂ ਸੁਣ ਕੇ ਬਾਦਸ਼ਾਹ ਅਤੇ ਉਸ ਦੇ ਜਰਨੈਲ ਬੜੇ ਘਬਰਾਏ ਹੋਏ ਸਨ।

ਪਰ ਉਧਰ ਬੰਦਾ ਸਿੰਘ ਦੇ ਆ ਜਾਣ ਕਰਕੇ ਸਿੰਘਾਂ ਦੇ ਹੌਸਲੇ ਵਧ ਗਏ ਸਨ।

4 ਦਸੰਬਰ 1710 ਨੂੰ ਬਾਦਸ਼ਾਹ ਨੇ ਰੁਸਤਮ ਖਾਂ ਅਤੇ ਫੀਰੋਜ਼ ਖਾਂ ਮੇਵਾਤੀ ਨੂੰ ਕਿਲ੍ਹੇ ਉਤੇ ਕਬਜ਼ਾ ਕਰਨ ਲਈ ਭੇਜਿਆ। ਪਰ ਰੁਸਤਮ ਖਾਂ ਆਪਣੇ ਦਸਤੇ ਨੂੰ ਲੈ ਕੇ ਅੱਗੇ ਵਧਿਆ ਹੀ ਸੀ ਕਿ ਸਿੰਘਾਂ ਨੇ ਉਸ ਉਤੇ ਤੀਰਾਂ ਦੀ ਵਾਛੜ ਕਰ ਦਿੱਤੀ। ਬਾਦਸ਼ਾਹ ਦੀ ਅਣਗਿਣਤ ਫੌਜ ਵਿਚ ਦਹਿਸ਼ਤ ਫੈਲ ਗਈ। ਫੀਰੋਜ਼ ਖਾਂ ਮੇਵਾਤੀ ਦਾ ਭਤੀਜਾ ਮਾਰਿਆ ਗਿਆ ਅਤੇ ਉਸ ਦਾ ਪੁੱਤਰ ਘਾਇਲ ਹੋ ਗਿਆ।

ਸਿੰਘ ਸ਼ਹੀਦੀ ਜਾਮ ਪੀਣ ਲਈ ਸ਼ੇਰਾਂ ਵਾਂਗ ਅੱਗੇ ਵਧੀ ਜਾ ਰਹੇ ਸਨ। ਰੁਸਤਮ ਖਾਂ ਦੇ ਅਨੇਕਾਂ ਸਿਪਾਹੀ ਮਾਰੇ ਗਏ ਜਾਂ ਭੱਜ ਗਏ। ਸ਼ਾਮ ਪੈਣ ਤਕ ਸਿੰਘ ਪੂਰੀ ਦਲੇਰੀ ਨਾਲ ਲੜਦੇ ਰਹੇ ਅਤੇ ਰਾਤ ਹੋਣ 'ਤੇ ਕਿਲ੍ਹੇ ਅੰਦਰ ਚਲੇ ਗਏ।

ਆਪਣੇ ਬਹਾਦਰ ਯੋਧਿਆ ਦੀ ਮੌਤ ਦੀ ਖਬਰ ਸੁਣ ਕੇ ਬਾਦਸ਼ਾਹ ਹੋਰ ਫੌਜ ਭੇਜੀ ਜਾ ਰਿਹਾ ਸੀ। ਸੱਠ ਹਜ਼ਾਰ ਮੁਗਲੀ ਫੌਜ ਨੇ ਕਿਲ੍ਹੇ ਨੂੰ ਘੇਰਾ ਪਾਇਆ ਹੋਇਆ ਸੀ। ਇਸ ਤੋਂ ਉਪਰੰਤ ਉਸ ਇਲਾਕੇ ਦੇ ਮੁਸਲਮਾਨ ਲੁੱਟ-ਮਾਰ ਕਰਨ ਲਈ ਉਨ੍ਹਾਂ ਦੇ ਨਾਲ ਆ ਰਲੇ ਸਨ। ਉਸ ਸਮੇਂ ਵਜ਼ੀਰ ਮੁਨੀਮ ਖਾਂ ਨੇ ਅੱਗੇ ਵਧਣ ਦੀ ਆਗਿਆ ਮੰਗੀ ਪਰ ਬਾਦਸ਼ਾਹ ਨੇ ਉਸ ਨੂੰ ਇਸ ਸ਼ਰਤ 'ਤੇ ਆਗਿਆ ਦਿਤੀ ਕਿ ਉਹ ਆਪਣੇ ਪਹਿਲਾਂ ਲੋਹਗੜ੍ਹ ਦੇ ਕਿਲ੍ਹੇ 'ਤੇ ਹਮਲਾ ਨਹੀਂ ਕਰੇਗਾ। ਪਰ ਜਦ ਉਹ ਅੱਗੇ ਵਧਿਆ ਤਾਂ ਸਿੰਘਾਂ ਨੇ ਤੀਰਾਂ ਅਤੇ ਗੋਲੀਆਂ ਦੀਆਂ ਵਾਛੜਾਂ ਛੱਡ ਦਿੱਤੀਆਂ। ਸ਼ਾਹੀ ਫੌਜ ਵਿਚ ਤਰਥੱਲੀ ਮਚ ਗਈ। ਸਿੰਘ ਭਾਵੇਂ ਬਹੁਤ ਥੋੜ੍ਹੀ ਗਿਣਤੀ ਵਿਚ ਸਨ ਪਰ ਸ਼ਾਹੀ ਫੌਜ ਦਾ ਉਨ੍ਹਾਂ ਨੇ ਬਹੁਤ ਨੁਕਸਾਨ ਕੀਤਾ। ਇਸ ਲੜਾਈ ਵਿਚ ਵਜ਼ੀਰ ਸੁੱਚਾ ਨੰਦ ਦਾ ਲੜਕਾ ਵੀ ਮਾਰਿਆ ਗਿਆ ਅਤੇ ਸੈਂਕੜੇ ਮੁਸਲਮਾਨ ਸਰਦਾਰ ਕਤਲ ਹੋਏ। ਉਨ੍ਹਾਂ ਦੀਆਂ ਲਾਸ਼ਾਂ ਭੇਡਾਂ ਬੱਕਰੀਆਂ ਵਾਂਗੇ ਘੱਟੇ ਵਿਚ ਰੁਲ ਰਹੀਆਂ ਸਨ।

ਦੋ ਦਿਨ ਤੇ ਦੋ ਰਾਤਾਂ ਲੜਾਈ ਚਲਦੀ ਰਹੀ। ਲੋਹਗੜ੍ਹ ਦੇ ਕਿਲ੍ਹੇ ਵਿਚੋਂ ਰਾਸ਼ਨ ਅਤੇ ਸਿੱਕਾ ਬਾਰੂਦ ਖਤਮ ਹੋ ਗਿਆ। ਸ਼ਾਹੀ ਫੌਜ ਨੇ ਕਿਲ੍ਹੇ ਨੂੰ ਇਸ ਤਰ੍ਹਾਂ ਘੇਰਿਆ ਸੀ ਕਿ ਇਕ ਚਿੜੀ ਦਾ ਵੀ ਬਾਹਰ ਨਿਕਲਣਾ ਮੁਸ਼ਕਿਲ ਸੀ।

ਪਰ ਉਸ ਸਮੇਂ ਬਖਸ਼ੀ ਗੁਲਾਬ ਸਿੰਘ ਨੇ ਬੰਦਾ ਸਿੰਘ ਬਹਾਦਰ ਵਾਲਾ ਪੋਸ਼ਾਕਾ ਪਹਿਨਿਆਂ ਅਤੇ ਆਪਣੇ ਕੁਝ ਬਹਾਦਰ ਸਿੰਘਾਂ ਨੂੰ ਨਾਲ ਲੈ ਕੇ ਤਲਵਾਰ ਚਲਾਉਂਦਾ ਹੋਇਆ ਅੱਗੇ ਵਧਣ ਲੱਗਾ। ਸ਼ਾਹੀ ਫੌਜਾਂ ਇਹ ਸਮਝ ਰਹੀਆਂ ਸਨ ਕਿ ਬੰਦਾ ਸਿੰਘ ਬਹਾਦਰ ਅੱਗੇ ਵਧਦਾ ਆ ਰਿਹਾ ਹੈ। ਇਸ ਲਈ ਉਹ ਡਰਦੇ ਮਾਰੇ ਪਿੱਛੇ ਹਟਦੇ ਜਾ ਰਹੇ ਸਨ।

ਉਸ ਸਮੇਂ ਕਿਲ੍ਹੇ ਵਿਚ ਬੰਦਾ ਸਿੰਘ ਬਹਾਦਰ ਨੇ ਇਕ ਵੱਡੀ ਤੋਪ ਦਾ ਗੋਲਾ ਦਾਗਿਆ ਜਿਸ ਨੇ ਸ਼ਾਹੀ ਫੌਜ ਵਿਚ ਭਾਜੜਾਂ ਪਾ ਦਿੱਤੀਆਂ। ਬੰਦਾ ਸਿੰਘ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਕਿਲ੍ਹੇ ਵਿਚੋਂ ਨਿਕਲ ਗਿਆ। ਸਵੇਰੇ ਇਹ ਅਫਵਾਹ ਫੈਲ ਗਈ ਕਿ ਬੰਦਾ ਸਿੰਘ ਬਹਾਦਰ ਫੜਿਆ ਗਿਆ ਹੈ। ਸ਼ਾਹੀ ਫੌਜ ਵਿਚ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਪਰ ਪੜਤਾਲ ਕੀਤੀ ਤਾਂ ਜ਼ਖਮੀ ਸਿੰਘਾਂ ਵਿਚ ਬੰਦਾ ਸਿੰਘ ਮੌਜੂਦ ਨਹੀਂ ਸੀ।



ਸ਼ਾਹੀ ਫੌਜ ਨੇ ਕਿਲ੍ਹੇ 'ਤੇ ਤਾਂ ਕਬਜ਼ਾ ਕਰ ਲਿਆ ਪਰ ਬੰਦਾ ਸਿੰਘ ਨੂੰ ਨਾ ਫੜ ਸਕੇ।

ਬਿਲਾਸਪੁਰ ਦੀ ਜਿੱਤ

ਬਾਬਾ ਬੰਦਾ ਸਿੰਘ ਬਹਾਦਰ ਦਾ ਲੋਹਗੜ੍ਹ ਕਿਲ੍ਹੇ ਵਿਚੋਂ ਬਚ ਕੇ ਨਿਕਲ ਜਾਣਾ ਸਿੰਘਾਂ ਦੀ ਹਾਰ ਨਹੀਂ ਸੀ ਬਲਕਿ ਇਕ ਵੱਡੀ ਜਿੱਤ ਸੀ। ਬਾਦਸ਼ਾਹ ਬਹਾਦਰ ਸ਼ਾਹ ਬੰਦਾ ਸਿੰਘ ਨੂੰ ਫੜਨ ਵਾਸਤੇ ਇਕ ਲੋਹੇ ਦਾ ਪਿੰਜਰਾ ਵੀ ਬਣਵਾ ਕੇ ਲਿਆਇਆ ਸੀ। ਵਜ਼ੀਰ ਮੁਨੀਮ ਖਾਂ ਨੇ ਬਾਦਸ਼ਾਹ ਨੂੰ ਇਹ ਭਰੋਸਾ ਦਿੱਤਾ ਸੀ ਕਿ ਉਹ ਬੰਦਾ ਸਿੰਘ ਨੂੰ ਫੜ ਕੇ ਉਸ ਅੱਗੇ ਹਾਜ਼ਰ ਕਰੇਗਾ। ਬਾਦਸ਼ਾਹ ਨੇ ਆਪਣੇ ਵੱਡੇ-ਵੱਡੇ ਤਜਰਬੇਕਾਰ ਜਰਨੈਲ ਇਸ ਕਾਰਜ ਵਾਸਤੇ ਭੇਜੇ ਸਨ। ਪਰ ਸਭ ਨਾਕਾਮ ਰਹੇ। ਸਭ ਤੋਂ ਵੱਡੀ ਗੱਲ ਇਹ ਸੀ ਕਿ ਇਸ ਲੜਾਈ ਵਿਚ ਬਾਦਸ਼ਾਹ ਖੁਦ ਮੌਜੂਦ ਸੀ ਅਤੇ ਆਪ ਹੁਕਮ ਦੇ ਰਿਹਾ ਸੀ। ਬਾਦਸ਼ਾਹ ਨੇ ਇਸ ਨਾਕਾਮੀ ਕਾਰਨ ਆਪਣੇ ਵੱਡੇ ਵਜ਼ੀਰ ਦੀ ਬਹੁਤ ਬੇਇਜ਼ਤੀ ਕੀਤੀ।

ਬਾਬਾ ਬੰਦਾ ਸਿੰਘ ਆਪਣੇ ਕਿਲ੍ਹੇ ਅਤੇ ਖਜ਼ਾਨੇ ਦੇ ਹੱਥੋਂ ਨਿਕਲ ਜਾਣ 'ਤੇ ਵੀ ਦੁਖੀ ਨਹੀਂ ਹੋਇਆ। ਲੋਹਗੜ੍ਹ ਦੇ ਕਿਲ੍ਹੇ ਵਿਚੋਂ ਨਿਕਲਣ ਦੇ ਬਾਰ੍ਹਵੇਂ ਦਿਨ ਹੀ ਉਸ ਸਿੱਖਾਂ ਨੂੰ ਹੁਕਮਨਾਮੇ ਜਾਰੀ ਕਰ ਦਿੱਤੇ ਸਨ। ਹੁਕਮਨਾਮੇ ਮਿਲਦੇ ਹੀ ਸਾਰੇ ਸਿੱਖ ਕੀਰਤਪੁਰ ਵਿਖੇ ਇਕੱਠੇ ਹੋਣ ਲੱਗ ਗਏ। ਬੰਦਾ ਸਿੰਘ ਦਾ ਹੌਸਲਾ ਵਧ ਗਿਆ। ਉਸ ਨੇ ਪਹਾੜੀ ਰਾਜਿਆਂ ਨੂੰ ਸੋਧਣ ਦਾ ਮਨ ਬਣਾ ਲਿਆ। ਸਭ ਤੋਂ ਪਹਿਲਾਂ ਉਸ ਕਹਿਲੂਰ ਦੇ ਰਾਜੇ ਭੀਮ ਚੰਦ ਦੇ ਪੁੱਤਰ ਅਜਮੇਰ ਚੰਦ ਨੂੰ ਸੋਧਣ ਦਾ ਫੈਸਲਾ ਕੀਤਾ। ਭੀਮ ਚੰਦ ਅਤੇ ਅਜਮੇਰ ਚੰਦ ਨੇ ਹੀ ਸ਼ਾਹੀ ਫੌਜਾਂ ਦੀ ਅਨੰਦਪੁਰ ਦੇ ਕਿਲ੍ਹੇ ਉਤੇ ਚੜ੍ਹਾਈ ਕਰਵਾਈ ਸੀ। ਇਹੋ ਹੀ ਪਹਾੜੀ ਰਾਜਿਆਂ ਨੂੰ ਇਕੱਠਾ ਕਰਦਾ ਸੀ। ਸਰਹੰਦ ਉਤੇ ਸਿੰਘਾਂ ਦੀ ਜਿੱਤ ਨੂੰ ਵੇਖ ਕੇ ਅਜਮੇਰ ਚੰਦ ਅੱਗੇ ਹੀ ਡਰਿਆ ਹੋਇਆ ਸੀ। ਉਸਨੂੰ ਵੀ

ਉਮੀਦ ਸੀ ਕਿ ਉਸ ਉਤੇ ਜ਼ਰੂਰ ਹਮਲਾ ਹੋਵੇਗਾ। ਬੰਦਾ ਸਿੰਘ ਨੇ ਇਕ ਚਿੱਠੀ ਲਿਖ ਕੇ ਅਜਮੇਰ ਚੰਦ ਵਲ ਭੇਜੀ ਕਿ ਉਹ ਜਾਂ ਈਨ ਮੰਨ ਲਵੇ ਜਾਂ ਲੜਾਈ ਲਈ ਤਿਆਰ ਹੋ ਜਾਵੇ। ਪਰ ਅਜਮੇਰ ਚੰਦ ਨੇ ਕੋਈ ਜਵਾਬ ਨਾ ਦਿੱਤਾ ਤੇ ਹੋਰ ਪਹਾੜੀ ਰਾਜਿਆਂ ਅਤੇ ਮੁਸਲਮਾਨਾਂ ਹਾਕਮਾਂ ਨੂੰ ਮਦਦ ਕਰਨ ਦੀ ਬੇਨਤੀ ਕੀਤੀ। ਉਸ ਨੇ ਬਿਲਾਸਪੁਰ ਦੀ ਕਿਲ੍ਹਾਬੰਦੀ ਹੋਰ ਮਜ਼ਬੂਤ ਕਰ ਲਈ।

ਜਦ ਬੰਦਾ ਸਿੰਘ ਨੂੰ ਕੋਈ ਉਤਰ ਨਾ ਮਿਲਿਆ ਤਾਂ ਉਸ ਬਿਲਾਸਪੁਰ ਉਤੇ ਹਮਲਾ ਕਰ ਦਿੱਤਾ। ਬੰਦਾ ਸਿੰਘ ਨੇ ਏਨੇ ਜ਼ੋਰ ਨਾਲ ਹਮਲਾ ਕੀਤਾ ਕਿ ਪਹਾੜੀਆਂ ਨੂੰ ਭੱਜਣ ਨੂੰ ਰਾਹ ਨਾ ਲੱਭਾ। ਪਹਿਲੇ ਹੱਲੇ ਵਿਚ ਹੀ ਤੇਰਾਂ ਸੌ ਰਾਜਪੂਤ ਮਾਰੇ ਗਏ ਅਤੇ ਮੁਸ਼ਕਿਲ ਨਾਲ ਹੀ ਕੋਈ ਬਚ ਕੇ ਨਿਕਲ ਸਕਿਆ।

ਸਿੰਘਾਂ ਨੇ ਸ਼ਹਿਰ ਬਿਲਾਸਪੁਰ ਨੂੰ ਦਿਲ ਖੋਲ੍ਹ ਕੇ ਲੁੱਟਿਆ। ਚੰਗਾ ਮਾਲ ਧਨ ਉਨ੍ਹਾਂ ਦੇ ਹੱਥ ਆਇਆ।



ਰਾਜਾ ਅਜਮੇਰ ਚੰਦ ਦੀ ਹਾਰ ਨੂੰ ਵੇਖ ਕੇ ਬਾਕੀ ਪਹਾੜੀ ਰਾਜੇ ਬਹੁਤ ਡਰ ਗਏ। ਉਹ ਕਹਿਲੂਰੀਏ ਰਾਜੇ ਵਾਲਾ ਹਾਲ ਹੁੰਦਾ ਨਹੀਂ ਸੀ ਵੇਖਣਾ ਚਾਹੁੰਦੇ। ਉਹ ਸਾਰੇ ਬੰਦਾ ਸਿੰਘ ਦੇ ਡੇਰੇ ਆਏ ਅਤੇ ਬੜੇ ਤੋਹਫੇ ਅਤੇ ਨਜ਼ਰਾਨੇ ਭੇਟ ਕੀਤੇ। ਉਨ੍ਹਾਂ ਬੰਦਾ ਸਿੰਘ ਬਹਾਦਰ ਦੀ ਈਨ ਮੰਨ ਲਈ।

ਜਿਹੜੇ ਰਾਜਿਆਂ ਨੇ ਈਨ ਮੰਨੀ ਉਨ੍ਹਾਂ ਵਿਚ ਮੰਡੀ ਦਾ ਰਾਜਾ ਸਿੱਧ ਸੈਨ ਵੀ ਸੀ। ਰਾਜਾ ਸਿੱਧ ਸੈਨ ਦੇ ਸੱਦੇ ਉਤੇ ਬਾਬਾ ਬੰਦਾ ਸਿੰਘ ਕੁਝ ਦਿਨ ਮੰਡੀ ਵਿਖੇ ਠਹਿਰਿਆ। ਉਸ ਤੋਂ ਬਾਅਦ ਉਹ ਕੁੱਲੂ ਦੇ ਰਾਜੇ ਨੂੰ ਮਿਲਣ ਗਿਆ ਪਰ ਕੁੱਲੂ ਦੇ ਰਾਜੇ ਨੇ ਧੋਖੇ ਨਾਲ ਉਸ ਨੂੰ ਕੈਦ ਕਰ ਲਿਆ। ਬਾਬਾ ਬੰਦਾ ਸਿੰਘ ਆਪਣੀ ਸ਼ਕਤੀ ਨਾਲ ਆਜ਼ਾਦ ਹੋ ਗਿਆ। ਕੁੱਲੂ ਦਾ ਰਾਜਾ ਮਾਨ ਸਿੰਘ ਬੰਦਾ ਸਿੰਘ ਨੂੰ ਕੈਦ ਕਰਕੇ ਬਾਦਸ਼ਾਹ ਬਹਾਦਰ ਸ਼ਾਹ ਦੇ ਪੇਸ਼ ਕਰਨਾ ਚਾਹੁੰਦਾ ਸੀ। ਉਸ ਵੇਲੇ ਬਾਦਸ਼ਾਹ ਬਹਾਦਰ ਸ਼ਾਹ ਦੇ ਆਦਮੀ ਬੰਦਾ ਸਿੰਘ ਨੂੰ ਲੱਭਣ ਲਈ ਪਹਾੜਾਂ ਵਿਚ ਫਿਰ ਰਹੇ ਸਨ। ਬੰਦਾ ਸਿੰਘ ਫਿਰ ਮੰਡੀ ਦੇ ਰਾਜੇ ਨੂੰ ਮਿਲ ਕੇ ਚੰਬੇ ਵੱਲ ਚਲੇ ਗਿਆ।

ਉਸ ਵੇਲੇ ਉਥੇ ਰਾਜਾ ਉਦੇ ਚੰਦ ਰਾਜ ਕਰਦਾ ਸੀ। ਰਾਜਾ ਉਦੇ ਚੰਦ ਨੇ ਬੰਦਾ ਸਿੰਘ ਦੀ ਬਹੁਤ ਸੇਵਾ ਕੀਤੀ। ਕੁਝ ਦਿਨਾਂ ਵਿਚ ਹੀ ਰਾਜਾ ਉਦੇ ਚੰਦ ਬਾਬਾ ਬੰਦਾ ਸਿੰਘ ਦਾ ਬੜਾ ਸ਼ਰਧਾਲੂ ਬਣ ਗਿਆ ਅਤੇ ਉਸ ਰਾਜ ਘਰਾਣੇ ਦੀ ਇਕ ਲੜਕੀ ਵੇਖ ਕੇ ਬੰਦਾ ਸਿੰਘ ਦਾ ਵਿਆਹ ਕਰ ਦਿੱਤਾ। ਉਸ ਰਾਣੀ ਦੀ ਕੁੱਖੋਂ ਇਕ ਲੜਕਾ ਪੈਦਾ ਹੋਇਆ ਜਿਸ ਦਾ ਨਾਂ ਅਜੈ ਸਿੰਘ ਰਖਿਆ ਗਿਆ।

ਉਨ੍ਹਾਂ ਦਿਨਾਂ ਵਿਚ ਹੀ 27, 28 ਫਰਵਰੀ ਦੀ, ਵਿਚਕਾਰਲੀ ਰਾਤ ਨੂੰ ਬਾਦਸ਼ਾਹ ਬਹਾਦਰਸ਼ਾਹ ਕੁਝ ਸਮਾਂ ਬਿਮਾਰ ਰਹਿ ਕੇ ਲਾਹੌਰ ਵਿਖੇ ਹੀ ਚਲਾਣਾ ਕਰ ਗਿਆ। ਉਸ ਦੇ ਮਰਦਿਆਂ ਹੀ ਰਾਜ ਤਖਤ ਦੀ ਲੜਾਈ ਸ਼ੁਰੂ ਹੋ ਗਈ। ਉਨ੍ਹਾਂ ਦੀ ਆਪਸੀ ਲੜਾਈ ਨੇ ਖਾਲਸੇ ਨੂੰ ਫਿਰ ਚੜ੍ਹਦੀ ਕਲਾ ਬਖਸ਼ੀ।

ਸੰਤ ਬਾਬਾ ਬੰਦਾ ਸਿੰਘ

ਅਸੀਂ ਸਦਾ ਇਹੋ ਹੀ ਸੋਚਦੇ ਹਾਂ ਕਿ ਬਾਬਾ ਬੰਦਾ ਸਿੰਘ ਇਕ ਮਹਾਨ ਯੋਧਾ ਸੀ। ਉਸ ਦੀ ਤਲਵਾਰ ਵਿਚ ਕਰਾਮਾਤ ਸੀ। ਪਰ ਅਸੀਂ ਬੰਦਾ ਸਿੰਘ ਦੀ ਜ਼ਿੰਦਗੀ ਦੇ ਦੂਸਰੇ ਪੱਖ ਵੱਲ ਕਦੇ ਝਾਤ ਹੀ ਨਹੀ ਮਾਰੀ। ਉਹ ਬਾਣੀ ਦਾ ਬੜਾ ਰਸੀਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬੜਾ ਸਤਿਕਾਰ ਕਰਦਾ ਸੀ ਅਤੇ ਦੀਵਾਨ ਲਾ ਕੇ ਸਿੱਖਾਂ ਨੂੰ ਨਾਮ ਅਭਿਆਸ ਦਾ ਵੀ ਪ੍ਰਚਾਰ ਕਰਦਾ ਸੀ। ਗੁਰੂ ਗੋਬਿੰਦ ਸਿੰਘ ਨੇ ਉਸ ਨੂੰ ਆਤਮਕ ਸ਼ਕਤੀ ਵੀ ਬਖਸ਼ੀ ਸੀ ਜਿਸ ਕਰਕੇ ਉਸ ਵਲੋਂ ਕਿਹਾ ਹਰ ਬਚਨ ਪੂਰਾ ਹੁੰਦਾ ਸੀ। ਇਸ ਲਈ ਜਿਥੇ ਵੀ ਬਾਬਾ ਜੀ ਜਾਂਦੇ ਸਨ, ਸਿੱਖ ਵਹੀਰਾਂ ਬੱਧੀ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਂਦੇ ਸਨ। ਉਹ ਸਭ ਨੂੰ ਅਸ਼ੀਰਵਾਦ ਦਿੰਦੇ ਸਨ ਤੇ ਉਨ੍ਹਾਂ ਦੀਆਂ ਮੁਰਾਦਾਂ ਪੂਰੀਆਂ ਕਰਦੇ ਸਨ।

ਇਕ ਵਾਰ ਮਨੀ ਮਾਜਰੇ ਪਿੰਡ ਤੋਂ ਇੱਕ ਸਿੱਖ ਜਿਸ ਦਾ ਨਾਂ ਭਾਈ ਗੁਰਬਖਸ਼ ਸਿੰਘ ਸੀ, ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਆ ਕੇ ਬੇਨਤੀ ਕੀਤੀ, ਸਿੰਘ ਸਾਹਿਬ! ਗੁਰੂ ਗੋਬਿੰਦ ਸਿੰਘ ਜੀ ਜਦ ਦੱਖਣ ਵੱਲ ਜਾਣ ਲੱਗੇ ਸਨ ਤਾਂ ਉਹ ਗੁਰਦੁਆਰੇ ਦੀ ਸੇਵਾ ਮੈਨੂੰ ਸੌਂਪ ਗਏ ਸਨ ਪਰ ਹੁਣ ਬਾਬਾ ਸੂਰਜ ਮੱਲ ਦੇ ਪੋਤਰੇ ਗੁਲਾਬ ਰਾਇ ਨੇ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ ਹੈ ਅਤੇ ਮੈਨੂੰ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਹੈ। ਉਹ ਗੁਰਦੁਆਰੇ ਵਿਚ ਗੱਦੀ ਲਾ ਕੇ ਬੈਠਦਾ ਹੈ ਅਤੇ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਹੈ।

ਬਾਬਾ ਜੀ ਨੇ ਬੜੇ ਧਿਆਨ ਨਾਲ ਉਸ ਦੀ ਫਰਿਆਦ ਸੁਣੀ ਤੇ ਫਿਰ ਕਹਿਣ ਲੱਗੇ, ਸਿੰਘ ਜੀ! ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਸਿੱਖ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨੇਗਾ। ਇਹੋ ਜਿਹੇ ਭੇਖੀਆਂ ਨੂੰ ਕੋਈ ਗੁਰੂ ਨਹੀਂ ਕਹੇਗਾ। ਇਸ ਗੁਲਾਬ

ਰਾਇ ਦੀ ਤਾਂ ਹੁਣ ਉਮਰ ਹੀ ਪੂਰੀ ਹੋ ਚੁੱਕੀ ਹੈ। ਇਸ ਦੇ ਸਾਹਮਣੇ ਹੀ ਇਸ ਦੇ ਚਾਰੇ ਪੁੱਤਰ ਅਕਾਲ ਚਲਾਣਾ ਕਰ ਜਾਣਗੇ। ਇਸ ਨੂੰ ਪਾਣੀ ਦੇਣ ਜੋਗਾ ਵੀ ਕੋਈ ਨਹੀਂ ਰਹੇਗਾ ਅਤੇ ਇਹ ਨਾਮੁਰਾਦ ਬੁਰੀ ਮੌਤੇ ਮਰੇਗਾ। ਇਤਿਹਾਸ ਗਵਾਹ ਹੈ ਕਿ ਜੋ ਕੁਝ ਬਾਬਾ ਜੀ ਨੇ ਕਿਹਾ, ਬਾਅਦ ਵਿਚ ਪੂਰਾ ਹੋਇਆ।

ਇਕ ਵਾਰ ਕੀਰਤਪੁਰ ਵਿਚ ਬਾਬਾ ਬੰਦਾ ਸਿੰਘ ਦਾ ਦੀਵਾਨ ਲੱਗਾ ਹੋਇਆ ਸੀ। ਉਥੇ ਬਾਬਾ ਅਲੀ ਸਿੰਘ ਦੀਵਾਨ ਵਿਚ ਹਾਜ਼ਰ ਹੋਏ। ਬਾਬਾ ਬੰਦਾ ਸਿੰਘ ਨੇ ਬੜੇ ਸਤਿਕਾਰ ਨਾਲ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ। ਜਦ ਬਾਬਾ ਜੀ ਹਾਲ ਚਾਲ ਪੁੱਛ ਰਹੇ ਸਨ ਤਾਂ ਇਹ ਵੀ ਕਹਿ ਗਏ, ਭਾਈ ਅਲੀ ਸਿੰਘ! ਵਾਹਿਗੁਰੂ ਵਲੋਂ ਆਪ ਉਪਰ ਇਕ ਵੱਡਾ ਭਾਣਾ ਵਰਤਣ ਵਾਲਾ ਹੈ। ਬਾਈਆਂ ਦਿਨਾਂ ਦੇ ਵਿਚ-ਵਿਚ ਵੱਡੇ ਪੁੱਤਰ ਦੇ ਮੱਥੇ ਵਿਚ ਗੋਲੀ ਲੱਗੇਗੀ ਅਤੇ ਛੋਟਾ ਕੋਠੇ ਤੋਂ ਡਿੱਗ ਕੇ ਵਾਹਿਗੁਰੂ ਨੂੰ ਪਿਆਰਾ ਹੋ ਜਾਵੇਗਾ। ਪਰ ਆਲੀ ਸਿੰਘ ਨੇ ਕੋਈ ਘਬਰਾਹਟ ਜ਼ਾਹਰ ਨਾ ਕੀਤੀ ਤੇ ਸਹਿਜ ਸੁਭਾਅ ਕਹਿ ਗਿਆ, ਸਿੰਘ ਸਾਹਿਬ! ਇਹ ਸਭ ਸਤਿਗੁਰਾਂ ਦੀ ਦਾਤ ਹੈ। ਜੇ ਸਤਿਗੁਰੂ ਆਪਣੀ ਦਾਤ ਵਾਪਿਸ ਲੈ ਲੈਣਗੇ ਤਾਂ ਮੈਨੂੰ ਇਸ ਵਿਚ ਕੀ ਇਤਰਾਜ਼ ਹੋਵੇਗਾ?



ਬਾਬਾ ਜੀ ਆਲੀ ਸਿੰਘ ਦਾ ਇਹ ਉਤਰ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ, ਸਤਿਗੁਰੂ ਇਨ੍ਹਾਂ ਦੋਹਾਂ ਪੁੱਤਰਾਂ ਦੇ ਬਦਲੇ ਤੁਹਾਨੂੰ ਦੋ ਪੁੱਤਰ ਹੋਰ ਦੇਵੇਗਾ।

ਬਾਬਾ ਜੀ ਦਾ ਕਿਹਾ ਹੋਇਆ ਇਹ ਬਚਨ ਵੀ ਪੂਰਾ ਅਤੇ ਭਾਈ ਆਲੀ ਸਿੰਘ ਦੇ ਦੋਵੇਂ ਪੁੱਤਰ ਚਲਾਣਾ ਕਰ ਗਏ। ਬਾਅਦ ਵਿਚ ਉਸ ਦੇ ਘਰ ਦੋ ਪੁੱਤਰ ਹੋਰ ਹੋਏ।

ਬਾਬਾ ਬੰਦਾ ਸਿੰਘ ਦੇ ਬਚਨਾਂ ਬਾਰੇ ਇਕ ਸਾਖੀ ਹੋਰ ਵੀ ਪ੍ਰਚਲਿਤ ਹੈ। ਭਾਈ ਦੀਪ ਸਿੰਘ ਨਾਮੀ ਇਕ ਸਿੱਖ ਬਾਬਾ ਜੀ ਦੀ ਟਹਿਲ ਸੇਵਾ ਵਿਚ ਰਹਿੰਦਾ ਸੀ। ਕਿਸੇ ਬੀਮਾਰੀ ਕਾਰਨ ਉਸ ਦੇ ਸਾਰੇ ਦੰਦ ਨਿਕਲ ਗਏ ਸਨ। ਇਕ ਦਿਨ ਇਕ ਸਿੱਖ ਛੋਲੇ ਭੁੰਨ ਕੇ ਲਿਆਇਆ ਤੇ ਉਸ ਸਾਰਿਆਂ ਨੂੰ ਬੁੱਕ-ਬੁੱਕ ਵੰਡੇ। ਪਰ ਭਾਈ ਦੀਪ ਸਿੰਘ ਨੇ ਛੋਲੇ ਖਾਣ ਦੀ ਬਜਾਏ ਉਨ੍ਹਾਂ ਨੂੰ ਪਰਨੇ ਦੀ ਕੰਨੀਂ ਬੰਨ੍ਹ ਲਿਆ। ਬਾਬਾ ਜੀ ਨੇ ਉਸ ਵੱਲ ਵੇਖਿਆ ਅਤੇ ਕਹਿਣ ਲੱਗੇ, ਭਾਈ ਦੀਪ ਸਿੰਘ! ਕੀ ਗੱਲ, ਤੂੰ ਬਦਾਮ ਕਿਉਂ ਨਹੀਂ ਛਕਦਾ?

ਭਾਈ ਦੀਪ ਸਿੰਘ ਕਹਿਣ ਲੱਗਾ, ਹਜ਼ੂਰ! ਮੇਰੇ ਮੂੰਹ ਵਿਚ ਕੋਈ ਦੰਦ ਨਹੀਂ, ਮੈਂ ਛੋਲੇ ਕਿਵੇਂ ਚੱਬ ਸਕਦਾ ਹਾਂ? ਬਾਬਾ ਜੀ ਕਹਿਣ ਲੱਗੇ, ਜੇ ਤੁਸੀਂ ਛੋਲੇ ਨਹੀਂ ਚੱਬ ਸਕਦੇ, ਫਿਰ ਤਾਂ ਢੇਰ ਪੂਰੀਆਂ ਪਾਉਂਗੇ। ਮਾਰੋਂ ਫੱਕਾ ਛੋਲਿਆ ਦਾ। ਜਦ ਭਾਈ ਦੀਪ ਸਿੰਘ ਨੇ ਛੋਲੇ ਮੂੰਹ ਵਿਚ ਪਾਏ ਤਾਂ ਉਹ ਇਹ ਅਨੁਭਵ ਕਰਕੇ ਹੈਰਾਨ ਰਹਿ ਗਿਆ ਕਿ ਉਸ ਦੇ ਮੂੰਹ ਵਿਚ ਸਾਰੇ ਦੰਦ ਮੌਜੂਦ ਸਨ।

ਇਸ ਤਰ੍ਹਾਂ ਬਾਬਾ ਜੀ ਦਾ ਸਹਿਜ ਸੁਭਾਅ ਕਹੀ ਗੱਲ ਪੂਰੀ ਹੋ ਜਾਂਦੀ ਸੀ। ਇਨ੍ਹਾਂ ਸਹਿਜ ਸੁਭਾਅ ਕਹੀਆਂ ਗੱਲਾਂ ਨੂੰ ਲੋਕ ਕਰਾਮਾਤਾਂ ਕਹਿੰਦੇ ਸਨ।

ਸਰਹੰਦ ਉਤੇ ਦੁਬਾਰਾ ਕਬਜ਼ਾ

ਬਾਦਸ਼ਾਹ ਬਹਾਦਰ ਸ਼ਾਹ ਦੇ ਮਰਨ ਉਪਰੰਤ ਰਾਜ ਤਖਤ ਲਈ ਲੜਾਈ ਆਰੰਭ ਹੋ ਗਈ। ਸ਼ਹਿਜ਼ਾਦਾ ਜਹਾਂਦਾਰ ਸ਼ਾਹ ਨੇ ਆਪਣੇ ਬਾਕੀ ਦੇ ਭਰਾਵਾਂ ਨੂੰ ਕਤਲ ਕਰ ਦਿੱਤਾ ਤੇ ਆਪ ਦਿੱਲੀ ਦੇ ਤਖਤ 'ਤੇ ਬੈਠ ਗਿਆ। ਪਰ ਉਹ ਵੀ ਜ਼ਿਆਦਾ ਸਮਾਂ ਨਾ ਟਿਕ ਸਕਿਆ ਤੇ ਅਜ਼ੀਮ-ਉਲ-ਸ਼ਾਨ ਦੇ ਪੁੱਤਰ ਫਰੁਖਸੀਆਂਰ ਨੇ ਜਹਾਂਦਾਰ ਸ਼ਾਹ ਨੂੰ ਹਾਰ ਦੇ ਕੇ ਤਖਤ 'ਤੇ ਕਬਜ਼ਾ ਕਰ ਲਿਆ।

ਤਖਤਨਸੀਨੀ ਦੀ ਇਸ ਲੜਾਈ ਦਾ ਸਿੱਖਾਂ ਨੂੰ ਬਹੁਤ ਫਾਇਦਾ ਹੋਇਆ ਤੇ ਉਨ੍ਹਾਂ ਨੇ ਫਿਰ ਪੰਜਾਬ ਉੱਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਬਿਲਾਸਪੁਰ ਦੇ ਅਜਮੇਰ ਚੰਦ ਨੂੰ ਹਰਾਉਣ ਤੋਂ ਬਾਅਦ ਬੰਦਾ ਸਿੰਘ ਬਹਾਦਰ ਚੰਬੇ ਚਲੇ ਗਿਆ ਸੀ ਤੇ ਉਥੇ ਉਸ ਵਿਆਹ ਕਰ ਲਿਆ ਸੀ। ਉਹ ਇਕ ਸਾਲ ਤਕ ਮੰਡੀ ਹੀ ਠਹਿਰਿਆ। ਖਾਲਸਾ ਦਲ ਦੇ ਆਗੂਆਂ ਨੇ ਇਹ ਫੈਸਲਾ ਕੀਤਾ ਕਿ ਇਸ ਨਾਜ਼ੁਕ ਮੌਕੇ ਤੋਂ ਫਾਇਦਾ ਲਿਆ ਜਾਵੇ ਤੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਿਚ ਲਿਆਂਦਾ ਜਾਵੇ। ਇਸ ਲਈ ਉਸ ਸਾਰੇ ਇਕੱਠੇ ਹੋ ਕੇ ਮੰਡੀ ਪਹੁੰਚੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲੇ। ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ।

ਜਦ ਬੰਦਾ ਸਿੰਘ ਬਹਾਦਰ ਆਪਣੇ ਸਿੰਘਾਂ ਨੂੰ ਨਾਲ ਲੈ ਕੇ ਪੰਜਾਬ ਵਿਚ ਆ ਗਿਆ। ਜਦ ਖਿਲਰੇ-ਪੁਲਰੇ ਸਿੰਘਾਂ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਬਹਾਦਰ ਫਿਰ ਆ ਗਏ ਹਨ ਤਾਂ ਉਹ ਉਸ ਪਾਸ ਇਕੱਠੇ ਹੋਣ ਲੱਗੇ। ਸਾਰੇ ਸਿੰਘਾਂ ਨੇ ਦੁਆਬੇ ਵਿਚ ਇਕ ਬਹੁਤ ਵੱਡਾ ਇਕੱਠ ਬੁਲਾਇਆ। ਇਸ ਇਕੱਠ ਵਿਚ ਦੇਸ਼

ਦੀ ਰਾਜਸੀ ਹਾਲਤ ਅਤੇ ਪੰਥ ਨੂੰ ਮੁੜ ਇਕਮੁੱਠ ਕਰਨ 'ਤੇ ਵਿਚਾਰਾਂ ਕੀਤੀਆਂ ਗਈਆਂ।

ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਇਕ ਵੱਡੀ ਫੌਜ ਇਕੱਠੀ ਹੋ ਗਈ। ਸਿੰਘਾਂ ਦੀ ਫੌਜ ਨੂੰ ਲੈ ਕੇ ਬੰਦਾ ਸਿੰਘ ਬਹਾਦਰ ਨੇ ਸਾਰੇ ਦੁਆਬੇ ਦਾ ਦੌਰਾ ਕੀਤਾ ਅਤੇ ਸਾਰੇ ਮੁਸਲਮਾਨ ਹਾਕਮਾਂ ਨੂੰ ਸੋਧ ਕੇ ਦੁਆਬੇ 'ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਦੁਆਬਾ ਫਿਰ ਖਾਲਸੇ ਦੇ ਅਧੀਨ ਹੋ ਗਿਆ। ਦੁਆਬੇ ਤੋਂ ਬਾਅਦ ਫਿਰ ਮਾਝੇ ਵਲ ਰੁਖ ਕੀਤਾ। ਸਭ ਤੋਂ ਪਹਿਲਾਂ ਕਸੂਰੀਏ ਹਾਕਮਾਂ ਨੂੰ ਸੋਧਿਆ। ਕਸੂਰ ਦੇ ਪਠਾਣਾਂ ਨੇ ਬੜੀ ਅੱਤ ਚੁੱਕੀ ਹੋਈ ਸੀ। ਸਿੱਖਾਂ ਨੂੰ ਕਤਲ ਕਰਨ ਵਿਚ ਇਨ੍ਹਾਂ ਦਾ ਵੱਡਾ ਹੱਥ ਸੀ। ਸਿੰਘਾਂ ਨੇ ਸਾਰੇ ਜ਼ਾਲਮਾਂ ਪਠਾਣਾਂ ਨੂੰ ਕਤਲ ਕਰ ਦਿੱਤਾ ਅਤੇ ਅਸਲਾ ਅਤੇ ਘੋੜੇ ਆਦਿ ਲੁੱਟ ਲਏ। ਕਸੂਰ ਦੇ ਪਠਾਣਾਂ ਨੂੰ ਸੋਧਣ ਤੋਂ ਬਾਅਦ ਉਨ੍ਹਾਂ ਸਾਰੇ ਮਾਝੇ ਦਾ ਦੌਰਾ ਕੀਤਾ ਅਤੇ ਜਿਹੜਾ ਅੜਿਆ ਉਸ ਨੂੰ ਝਾੜਦੇ ਹੋਏ ਸਾਰੇ ਮਾਝੇ ਨੂੰ ਆਪਣੇ ਅਧੀਨ ਕਰ ਲਿਆ। ਫਿਰ ਰਿਆੜਕੀ ਭਾਵ ਗੁਰਦਾਸਪੁਰ ਵਲ ਵਧੇ। ਜਦ ਬਟਾਲਾ, ਪਠਾਨਕੋਟ, ਕਲਾਨੌਰ ਆਦਿ ਦੇ ਹਾਕਮਾਂ ਨੂੰ ਪਤਾ ਲੱਗਾ ਕਿ ਖਾਲਸਾ ਦਲ ਚੜ੍ਹਾਈ ਕਰ ਕੇ ਆ ਰਿਹਾ ਹੈ ਤਾਂ ਉਹ ਡਰਦੇ ਲਾਹੌਰ ਵਲ ਭੱਜ ਗਏ। ਸਾਰਾ ਇਲਾਕਾ ਮੁੜ ਖਾਲਸੇ ਅਧੀਨ ਹੋ ਗਿਆ।



ਬਾਬਾ ਬੰਦਾ ਸਿੰਘ ਬਹਾਦਰ ਨੇ ਇਨ੍ਹਾਂ ਸਾਰੇ ਇਲਾਕਿਆਂ ਵਿਚ ਆਪਣੇ ਹਾਕਮ ਨਿਯੁਕਤ ਕਰ ਦਿੱਤੇ। ਜ਼ਿਮੀਦਾਰਾ ਪ੍ਰਣਾਲੀ ਵੀ ਖਤਮ ਕਰ ਦਿੱਤੀ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦਾ ਮਾਲਕ ਬਣਾ ਦਿਤਾ। ਇਹ ਰਾਹਕ ਲੋਕ ਭਾਵੇਂ ਮੁਸਲਮਾਨ ਜਾਂ ਹਿੰਦੂ, ਕਿਸੇ ਨਾਲ ਵੀ ਮਜ਼੍ਹਬ ਦੀ ਬਿਨਾ 'ਤੇ ਵਿਤਕਰਾ ਨਾ ਕੀਤਾ ਗਿਆ। ਇਸ ਲਈ ਮੁਸਲਮਾਨ ਕਿਸਾਨ ਵੀ ਬਾਬਾ ਬੰਦਾ ਸਿੰਘ ਨਾਲ ਸਹਿਮਤ ਹੋ ਗਏ। ਬਾਬਾ ਬੰਦਾ ਸਿੰਘ ਆਪਣੇ ਸਿਪਾਹੀਆਂ ਨੂੰ ਬਕਾਇਦਾ ਉਜਰਤ ਦਿੰਦਾ ਸੀ। ਇਸ ਲਈ ਪੰਜ ਹਜ਼ਾਰ ਦੇ ਲਗਭਗ ਮੁਸਲਮਾਨ ਵੀ ਬਾਬਾ ਜੀ ਦੀ ਸੈਨਾ ਵਿਚ ਸ਼ਾਮਲ ਹੋ ਗਏ। ਬਾਬਾ ਜੀ ਨੇ ਉਨ੍ਹਾਂ ਨੂੰ ਆਪਣੇ ਧਾਰਮਿਕ ਫਰਜ਼ ਨਿਭਾਉਣ ਵਿਚ ਕੋਈ ਰੋਕ ਨਹੀਂ ਸੀ ਲਾਈ।

ਮਾਝੇ, ਦੁਆਬੇ ਅਤੇ ਰਿਆੜਕੀ ਨੂੰ ਜਿੱਤਣ ਤੋਂ ਬਾਅਦ ਖਾਲਸਾ ਦਲ ਨੇ ਇਹ ਮਤਾ ਪਕਾਇਆ ਕਿ ਸਰਹੰਦ ਨੂੰ ਦੁਬਾਰਾ ਫਤਹਿ ਕੀਤਾ ਜਾਵੇ। ਇਸ ਲਈ ਸੰਮਤ 1770 ਬਿਕ੍ਰਮੀ ਨੂੰ ਸਾਰਾ ਖਾਲਸਾ ਦਲ ਸਰਹੰਦ ਵਲ ਵਧਿਆ। ਉਸ ਵੇਲੇ ਸਰਹੰਦ ਦਾ ਸੂਬੇਦਾਰ ਹਮੀਦ ਖਾਂ ਸੀ। ਉਸ ਨੂੰ ਇਹ ਪਤਾ ਲੱਗ ਗਿਆ ਕਿ ਖਾਲਸਾ ਦਲ ਸਰਹੰਦ 'ਤੇ ਜ਼ਰੂਰ ਹਮਲਾ ਕਰੇਗਾ। ਇਸ ਲਈ ਉਸ ਸੈਂਕੜੇ ਤੋਪਾਂ ਅਤੇ ਵੀਹ ਹਜ਼ਾਰ ਤੋਂ ਵੱਧ ਫੌਜ ਇਕੱਠੀ ਕੀਤੀ ਹੋਈ ਸੀ।

ਜਦ ਖਾਲਸਾ ਦਲ ਸਰਹੰਦ ਦੇ ਨੇੜੇ ਪੁੱਜਾ ਤਾਂ ਹਮੀਦ ਖਾਂ ਨੇ ਤੋਪਾਂ ਦੇ ਗੋਲਿਆਂ ਦਾ ਮੀਂਹ ਵਰ੍ਹਾ ਦਿੱਤਾ। ਕੁਝ ਸਮੇਂ ਲਈ ਖਾਲਸਾ ਫੌਜ ਪਿਛਾਂਹ ਹਟ ਗਈ। ਬਾਬਾ ਬੰਦਾ ਸਿੰਘ ਨੇ ਫੌਜ ਨੂੰ ਚਾਰ ਭਾਗਾਂ ਵਿਚ ਵੰਡ ਕੇ ਘੇਰਾ ਪਾਉਣ ਦਾ ਆਦੇਸ਼ ਕੀਤਾ। ਜਦ ਗੋਲਿਆਂ ਦੀ ਬੋਛਾੜ ਕੁਝ ਮੱਠੀ ਪਈ ਤਾਂ ਬੰਦਾ ਸਿੰਘ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਉਂਦਿਆਂ ਅਜਿਹਾ ਹਮਲਾ ਕੀਤਾ ਕਿ ਮਿੰਟਾਂ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਸੂਬੇਦਾਰ ਹਮੀਦ ਖਾਂ ਮਾਰਿਆ ਗਿਆ ਤੇ ਸਰਹੰਦ ਉਤੇ ਖਾਲਸੇ ਦਾ ਫਿਰ ਕਬਜ਼ਾ ਹੋ ਗਿਆ।

ਬੰਦਾ ਸਿੰਘ ਬਹਾਦਰ ਦਾ ਪਹਿਲਾ ਸਿੱਖ ਰਾਜ

ਸੰਨ 1714 ਈ: ਦੇ ਆਰੰਭ ਤਕ ਬੰਦਾ ਸਿੰਘ ਬਹਾਦਰ ਦਾ ਸਾਰੇ ਪੰਜਾਬ 'ਤੇ ਰਾਜ ਕਾਇਮ ਹੋ ਗਿਆ ਸੀ। ਉਸ ਨੇ ਗੁਰਦਾਸ ਨੰਗਲ ਵਿਚ ਇਕ ਪੱਕੇ ਕਿਲ੍ਹੇ ਦੀ ਉਸਾਰੀ ਕੀਤੀ ਤੇ ਪੰਜ ਹਜ਼ਾਰ ਫੌਜ ਸਮੇਤ ਉਸ ਵਿਚ ਰਹਿਣ ਲੱਗਾ।

ਸਾਰੇ ਮਜ਼੍ਹਬਾਂ ਦੇ ਲੋਕ ਉਸ ਨੂੰ ਪਿਆਰ ਕਰਦੇ ਸਨ ਅਤੇ ਉਸਨੂੰ ਇਹ ਪੂਰੀ ਆਸ ਸੀ ਕਿ ਉਹ ਆਪਣੀ ਹਕੂਮਤ ਪੱਕੇ ਪੈਰਾਂ 'ਤੇ ਸਥਾਪਿਤ ਕਰੇਗਾ। ਬੇਸ਼ਕ ਉਹ ਹਕੂਮਤ ਜ਼ਿਆਦਾ ਸਮਾਂ ਨਾ ਕਰ ਸਕਿਆ ਪਰ ਜੋ ਸੁਧਾਰ ਉਹ ਇਸ ਥੋੜ੍ਹੇ ਸਮੇਂ ਵਿਚ ਹੀ ਕਰ ਗਿਆ ਉਹ ਮੁਗਲ ਹਕੂਮਤ ਏਨੇ ਲੰਮੇ ਸਮੇਂ ਦੌਰਾਨ ਵੀ ਨਹੀਂ ਸੀ ਕਰ ਸਕੀ। ਉਸ ਨੇ ਜ਼ਿਮੀਂਦਾਰਾ ਪ੍ਰਣਾਲੀ ਖਤਮ ਕਰ ਦਿੱਤੀ ਤੇ ਸਾਰੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿਤਾ। ਹੱਲ ਵਾਹੁਣ ਵਾਲੇ ਕਿਸਾਨ ਗੁਲਾਮਾਂ ਦੀ ਹਾਲਤ ਤੋਂ ਵੀ ਬੁਰੇ ਅਤੇ ਨੀਵੇਂ ਹੋ ਗਏ ਸਨ। ਪਰ ਬੰਦਾ ਸਿੰਘ ਦਾ ਰਾਜ ਹੋਣ ਨਾਲ ਇਹ ਗਰੀਬ ਕਿਸਾਨ ਜ਼ਮੀਨਾਂ ਦੇ ਮਾਲਕ ਬਣ ਗਏ ਅਤੇ ਜ਼ਿਮੀਦਾਰਾਂ ਵੱਲੋਂ ਕੀਤਾ ਜਾ ਰਿਹਾ ਜ਼ੁਲਮ ਸਦਾ ਲਈ ਖਤਮ ਹੋ ਗਿਆ।

ਦੂਸਰਾ ਕੰਮ ਜੋ ਉਸ ਕੀਤਾ ਉਹ ਸੀ ਜਾਤ-ਪਾਤ ਦੀ ਉਚ-ਨੀਚ ਖਤਮ ਕਰ ਦਿੱਤੀ। ਜਿਹੜਾ ਵੀ ਨੀਵੀਂ ਜਾਤ ਦਾ ਵਿਅਕਤੀ ਉਸ ਪਾਸ ਆਉਂਦਾ ਉਸਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੰਦਾ ਤੇ ਫਿਰ ਉਸ ਨੂੰ ਉਸ ਦੇ ਇਲਾਕੇ ਜਾਂ ਉਸ ਦੇ ਪਿੰਡ ਦਾ ਹਾਕਮ ਥਾਪ ਦਿੰਦਾ। ਉਚੀਆਂ ਜਾਤੀਆਂ ਦੇ ਲੋਕ ਉਸ ਦਾ ਹੁਕਮ ਮੰਨਦੇ ਤੇ ਉਸ ਦੀ ਆਗਿਆ ਅਧੀਨ ਰਹਿਣਾ ਪ੍ਰਵਾਨ ਕਰਦੇ।

ਇਸ ਸਮੇਂ ਦੌਰਾਨ ਬੰਦਾ ਸਿੰਘ ਨੇ ਸਿੱਖੀ ਦਾ ਵੀ ਬਹੁਤ ਪ੍ਰਚਾਰ ਕੀਤਾ। ਜਿਹੜਾ ਵਿਅਕਤੀ ਵੀ ਉਸ ਦੇ ਸੰਪਰਕ ਵਿਚ ਆਉਂਦਾ ਉਹ ਉਸ ਦੀ ਸ਼ਖਸ਼ੀਅਤ ਤੋਂ ਏਨਾ ਪ੍ਰਭਾਵਤ ਹੁੰਦਾ ਕਿ ਸਿੰਘ ਸਜ ਜਾਂਦਾ।

ਇਕ ਵਾਰ ਸਰਹੰਦ ਦੇ ਇਲਾਕੇ ਦਾ ਇਕ ਸਰਕਾਰੀ ਕਰਮਚਾਰੀ ਦੀਨਦਾਰ ਖਾਨ ਬੰਦਾ ਸਿੰਘ ਬਹਾਦਰ ਨੂੰ ਮਿਲਣ ਵਾਸਤੇ ਆਇਆ। ਬੰਦਾ ਸਿੰਘ ਬਹਾਦਰ ਨੂੰ ਵੇਖਦਿਆਂ ਹੀ ਉਹ ਏਨਾ ਖੁਸ਼ ਹੋਇਆ ਕਿ ਉਹ ਕਹਿਣ ਲੱਗਾ, ਗਰੀਬ ਨਿਵਾਜ! ਮੇਰੇ ਦਿਲ ਵਿਚ ਵੀ ਖਾਹਿਸ਼ ਪੈਦਾ ਹੋਈ ਹੈ ਕਿ ਮੈਂ ਵੀ ਆਪ ਜੀ ਦਾ ਸਿੰਘ ਬਣਾ! ਮੈਨੂੰ ਵੀ ਉਹ ਆਬਿਹਿਆਤ ਪਿਲਾਓ ਜਿਸ ਨਾਲ ਇਨਸਾਨ ਇਕ ਸੂਰਬੀਰ ਬਣ ਜਾਂਦਾ ਹੈ! ਬਾਬਾ ਜੀ ਕਹਿਣ ਲੱਗੇ, ਅਸੀਂ ਕਿਸੇ ਦੂਸਰੇ ਧਰਮ ਦੇ ਵਿਅਕਤੀ ਨੂੰ ਮਜ਼ਬੂਰ ਕਰਕੇ ਆਪਣੇ ਧਰਮ ਵਿਚ ਨਹੀਂ ਲਿਆਉਂਦੇ, ਪਰ ਜੇ ਕੋਈ ਆਪਣੀ ਮਰਜ਼ੀ ਨਾਲ ਸਿੰਘ ਬਣਨਾ ਚਾਹੇ ਤਾਂ ਅਸੀਂ ਉਸ ਦਾ ਭਰਪੂਰ ਸਵਾਗਤ ਕਰਦੇ ਹਾਂ। ਦੀਨਦਾਰ ਖਾਨ ਨੇ ਜਦ ਦੁਬਾਰਾ ਬੇਨਤੀ ਕੀਤੀ ਤਾਂ ਬੰਦਾ ਸਿੰਘ ਬਹਾਦਰ ਨੇ ਪੰਜਾਂ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਇਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾਵੇ। ਇਸ ਤਰ੍ਹਾਂ ਦੀਨਦਾਰ ਖਾਂ ਸਿੰਘ ਸਜ ਕੇ ਦੀਨਦਾਰ ਸਿੰਘ ਬਣ ਗਿਆ। ਇਸ ਤਰ੍ਹਾਂ ਬੇਅੰਤ ਹਿੰਦੂ ਅਤੇ ਮੁਸਲਮਾਨ ਸਿੰਘ ਸਜ ਕੇ ਬਾਬਾ ਬੰਦਾ ਸਿੰਘ ਦੇ ਪੱਕੇ ਸਾਥੀ ਬਣ ਗਏ। ਜਿਹੜੇ ਵੀ ਇਕ ਵਾਰ ਸਿੰਘ ਸਜ ਗਏ ਉਨ੍ਹਾਂ ਫਿਰ ਦੁਬਾਰਾ ਪਿੱਛੇ ਮੁੜ ਕੇ ਨਹੀਂ ਵੇਖਿਆ ਸੀ ਅਤੇ ਉਨ੍ਹਾਂ ਫਿਰ ਮਰਦੇ ਦਮ ਤਕ ਸਿੱਖੀ ਕੇਸਾਂ ਸਵਾਸਾਂ ਨਾਲ ਨਿਬਾਹੀ।



ਬਾਬਾ ਬੰਦਾ ਸਿੰਘ ਆਪ ਇਕ ਸਿਦਕੀ ਅੰਮ੍ਰਿਤਧਾਰੀ ਸਿੱਖ ਸੀ। ਸਿੱਖ ਗੁਰੂ ਸਾਹਿਬਾਨ ਉਤੇ ਉਸ ਦਾ ਨਿਸ਼ਚਾ ਅਟੱਲ ਅਤੇ ਅਡੋਲ ਰਿਹਾ। ਆਪਣੇ ਰਾਜ ਦੇ ਦੌਰਾਨ ਜਿਹੜਾ ਉਨ੍ਹਾਂ ਸਿੱਕਾ ਚਲਾਇਆ ਸੀ ਉਸ ਸਿੱਕੇ ਉਪਰ ਉਨ੍ਹਾਂ ਗੁਰੂ ਨਾਨਕ ਗੁਰੂ ਗੋਬਿੰਦ ਪਾਤਸ਼ਾਹ ਦਾ ਨਾਂ ਲਿਖਿਆ ਸੀ। ਉਹ ਗੁਰੂ ਸਾਹਿਬ ਨੂੰ ਹੀ ਰਾਜ ਭਾਗ ਦੀਆਂ ਬਰਕਤਾਂ ਦਾ ਸੋਮਾ ਸਮਝਦਾ ਸੀ। ਜਦ ਵੀ ਉਸ ਨੂੰ ਕੋਈ ਜਿੱਤ ਪ੍ਰਾਪਤ ਹੁੰਦੀ ਸੀ ਤਾਂ ਉਹ ਉਸ ਜਿੱਤ ਨੂੰ ਗੁਰੂ ਸਾਹਿਬ ਦਾ ਅਸ਼ੀਰਵਾਦ ਹੀ ਸਮਝਦਾ ਸੀ ਅਤੇ ਪ੍ਰਭੂ ਦਾ ਲੱਖ-ਲੱਖ ਧੰਨਵਾਦ ਕਰਦਾ ਸੀ। ਉਸ ਦੀ ਨਿਜੀ ਜ਼ਿੰਦਗੀ ਬੜੀ ਪਵਿੱਤਰ ਅਤੇ ਪਾਕ ਸੀ। ਉਸ ਦੇ ਹੁਕਮਨਾਮਿਆਂ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਉਹ ਕੇਵਲ ਗੁਰੂ ਦੀ ਹੀ ਓਟ ਲੈਂਦਾ ਸੀ।

ਉਹ ਦੁਸ਼ਮਣ ਦੀਆਂ ਔਰਤਾਂ ਉਤੇ ਕਦੇ ਵਾਰ ਨਹੀਂ ਸੀ ਕਰਨ ਦਿੰਦਾ ਅਤੇ ਉਨ੍ਹਾਂ ਦੀ ਇਜ਼ਤ ਦਾ ਪੂਰਾ ਧਿਆਨ ਰਖਦਾ ਸੀ। ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਜਿਹੜਾ ਪਹਿਲਾ ਸਿੱਖ ਰਾਜ ਕਾਇਮ ਕੀਤਾ ਉਸ ਵਿਚ ਹਰ ਫਿਰਕੇ ਦੇ ਲੋਕ ਖੁਸ਼ ਸਨ। ਜਦ ਕੋਈ ਜਾਬਰ ਕਿਸੇ ਨੂੰ ਤੰਗ ਕਰਦਾ ਸੀ ਤਾਂ ਪਤਾ ਲੱਗਣ 'ਤੇ ਉਹ ਤੁਰੰਤ ਉਸ ਨੂੰ ਸੋਧਦਾ ਸੀ। ਇਸ ਤਰ੍ਹਾਂ ਕੋਈ ਜੁਰਅਤ ਹੀ ਨਹੀਂ ਸੀ ਕਰਦਾ ਕਿ ਕਿਸੇ ਨੂੰ ਤੰਗ ਕਰ ਸਕੇ। ਬਾਬਾ ਬੰਦਾ ਸਿੰਘ ਦਾ ਰਾਜ, ਸਿੱਖ ਰਾਜ ਵੱਲ ਪਹਿਲਾ ਕਦਮ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਨੀਂਹ ਅਸਲ ਵਿਚ ਉਸ ਸੂਰਬੀਰ ਨੇ ਹੀ ਰੱਖੀ ਸੀ।

ਗੁਰਦਾਸ ਨੰਗਲ ਦਾ ਘੇਰਾ

ਬਹਾਦਰ ਸ਼ਾਹ ਬਾਦਸ਼ਾਹ ਦੇ ਮਰਨ ਤੋਂ ਉਪਰੰਤ ਉਸ ਦਾ ਪੁੱਤਰ ਜਹਾਂਦਾਰ ਸ਼ਾਹ ਬਾਕੀ ਭਰਾਵਾਂ ਨੂੰ ਕਤਲ ਕਰਕੇ ਦਿੱਲੀ ਦਾ ਬਾਦਸ਼ਾਹ ਬਣ ਗਿਆ। ਪਰ ਦਸ ਮਹੀਨੇ ਬਾਅਦ ਹੀ ਅਜ਼ੀਮ ਉਲ-ਸ਼ਾਨ ਦਾ ਪੁੱਤਰ ਫਰਖਸੀਅਰ ਜਹਾਂਦਾਰ ਸ਼ਾਹ ਨੂੰ ਹਰਾ ਕੇ ਤਖਤ ਦਾ ਵਾਰਸ ਬਣ ਗਿਆ। ਉਹ ਬੜਾ ਜ਼ਾਲਮ ਅਤੇ ਨਿਰਦਈ ਸੀ।

ਜਦ ਉਹ ਦਿੱਲੀ ਦਾ ਬਾਦਸ਼ਾਹ ਬਣਿਆ ਤਾਂ ਉਸ ਨੂੰ ਪਤਾ ਲੱਗਾ ਕਿ ਬੰਦਾ ਸਿੰਘ ਬਹਾਦਰ ਸਾਰੇ ਪੰਜਾਬ ਉੱਤੇ ਕਬਜ਼ਾ ਕਰ ਬੈਠਾ ਸੀ। ਇਸ ਲਈ ਬੰਦਾ ਸਿੰਘ ਬਹਾਦਰ ਨੂੰ ਹਰਾਉਣ ਅਤੇ ਫੜਨ ਵਾਸਤੇ ਉਸ ਬਹੁਤ ਵੱਡੀ ਫੌਜ ਭੇਜੀ। ਉਸ ਨੇ ਗੁਜਰਾਤ ਦੇ ਸੂਬੇਦਾਰ ਮਿਰਜਾ ਅਹਿਮਦ ਖਾਂ, ਬਖਸ਼ੀ ਅਫਰਾਸਿਆਬ ਖਾਂ, ਮੁਜ਼ੱਫਰ ਖਾਂ, ਰਾਜਾ ਪ੍ਰਿਥੀ ਚੰਦ ਅਤੇ ਹੋਰ ਰਾਜਿਆਂ ਨੂੰ ਲਾਹੌਰ ਦੇ ਸੂਬੇਦਾਰ ਦੀ ਸਹਾਇਤਾ ਵਾਸਤੇ ਭੇਜਿਆ। ਸਾਰੇ ਰਾਜੇ ਅਤੇ ਫੌਜਦਾਰ ਆਪਣੀ ਫੌਜਾਂ ਲੈ ਕੇ ਲਾਹੌਰ ਪਹੁੰਚ ਗਏ। ਜਦ ਬੰਦਾ ਸਿੰਘ ਬਹਾਦਰ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਵੀ ਸਾਰੇ ਜਥੇਦਾਰਾਂ ਨੂੰ ਹੁਕਮਨਾਮੇ ਭੇਜੇ। ਪਿੰਡ ਕੋਟ ਮਿਰਜਾ ਵਿਚ ਉਸ ਇਕ ਕੱਚੀ ਗੜ੍ਹੀ ਬਣਾਉਣੀ ਸ਼ੁਰੂ ਕਰ ਦਿੱਤੀ। ਪਰ ਹਾਲੇ ਗੜ੍ਹੀ ਸੰਪੂਰਨ ਵੀ ਨਹੀਂ ਸੀ ਹੋਈ ਕਿ ਅਬਦੁੱਸਮਦ ਖਾਂ ਨੇ ਝਟਪਟ ਉਸ ਉਤੇ ਹਮਲਾ ਕਰ ਦਿਤਾ। ਪਰ ਬੰਦਾ ਸਿੰਘ ਦੀਆਂ ਫੌਜਾਂ ਨੂੰ ਤਿਆਰ ਕਰਨ ਵਿਚ ਕਿਹੜੀ ਦੇਰ ਲੱਗਣੀ ਸੀ? ਇਸ ਲਈ ਉਨ੍ਹਾਂ ਸ਼ਾਹੀ ਫੌਜਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਸਿੰਘਾਂ ਨੇ ਏਨਾ ਡੱਟ ਕੇ ਮੁਕਾਬਲਾ ਕੀਤਾ ਕਿ ਸ਼ਾਹੀ ਫੌਜਾਂ ਦੇ ਪੈਰ ਉਖੜ ਗਏ। ਪਰ ਏਡੀ ਵੱਡੀ ਫੌਜ ਦਾ ਮੁਕਾਬਲਾ ਕਰਨਾ ਕੋਈ ਆਸਾਨ ਗੱਲ ਨਹੀਂ ਸੀ।

ਇਸ ਲਈ ਬੰਦਾ ਸਿੰਘ ਪੈਂਤੜੇ ਬਦਲਦਾ ਹੋਇਆ ਪਿੱਛੇ ਹਟਦਾ ਗਿਆ। ਪਰ ਜਦ ਸ਼ਾਹੀ ਫੌਜਾਂ ਉਸ ਦਾ ਪਿੱਛਾ ਕਰਦੀਆਂ ਤਾਂ ਉਹ ਫਿਰ ਘੋੜਿਆਂ ਦੇ ਮੂੰਹ ਪਿੱਛੇ ਵਲ ਮੋੜ ਲੈਂਦੇ ਅਤੇ ਵੈਰੀਆਂ ਉਤੇ ਟੁੱਟ ਪੈਂਦੇ। ਇਸ ਤਰ੍ਹਾਂ ਅਵੇਸਲੇ ਹਮਲਾ ਕਰਨ

ਨਾਲ ਸ਼ਾਹੀ ਫੌਜਾਂ ਦਾ ਬਹੁਤ ਨੁਕਸਾਨ ਹੁੰਦਾ ਤੇ ਦੁਬਾਰਾ ਉਹ ਪਿੱਛਾ ਕਰਨਾ ਹੀ ਛੱਡ ਦਿੰਦੇ। ਇਬਰਤ ਨਾਮੇ ਦਾ ਲਿਖਾਰੀ ਮੁਹੰਮਦ ਕਾਸਿਮ ਜਿਹੜਾ ਉਸ ਸਮੇਂ ਉਥੇ ਮੌਜੂਦ ਸੀ, ਲਿਖਦਾ ਹੈ, 'ਨਰਕੀ ਸਿੰਘਾਂ ਦੇ ਬਹਾਦਰੀ ਅਤੇ ਹੌਸਲੇ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ।'' ਬੰਦਾ ਸਿੰਘ ਦੀਆਂ ਫੌਜਾਂ ਪਿਛਾਂਹ ਹਟਦੀਆਂ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਦਾਖਲ ਹੋ ਗਈਆਂ। ਇਹ ਬੜਾ ਮਜ਼ਬੂਤ ਕਿਲ੍ਹਾ ਸੀ। ਬੰਦਾ ਸਿੰਘ ਨੇ ਇਸ ਵਿਚ ਰਾਸ਼ਨ ਪਾਨੀ ਅਤੇ ਅਸਲਾ ਵੀ ਇਕੱਠਾ ਕੀਤਾ ਹੋਇਆ ਸੀ। ਪਰ ਕੁਝ ਸਮੇਂ ਬਾਅਦ ਹੀ ਸ਼ਾਹੀ ਫੌਜਾਂ ਉਥੇ ਪੁੱਜ ਗਈਆਂ ਅਤੇ ਤੀਹ ਹਜ਼ਾਰ ਦੀ ਗਿਣਤੀ ਵਿਚ ਇਕੱਠੀ ਹੋਈ ਸ਼ਾਹੀ ਫੌਜ ਨੇ ਇਸ ਗੜ੍ਹੀ ਨੂੰ ਘੇਰ ਲਿਆ।

ਬੇਸ਼ਕ ਸ਼ਾਹੀ ਫੌਜਾਂ ਨੇ ਗੜ੍ਹੀ ਨੂੰ ਪੂਰੀ ਤਰ੍ਹਾਂ ਘੇਰ ਲਿਆ ਸੀ ਫਿਰ ਵੀ ਸਿੰਘ ਰਾਤ ਸਮੇਂ ਬਾਹਰ ਨਿਕਲਦੇ ਅਤੇ ਸ਼ਾਹੀ ਜ਼ਖੀਰੇ 'ਤੇ ਹਮਲਾ ਕਰਕੇ ਦਾਣਾ ਪਾਣੀ ਅਤੇ ਘਾਹ ਆਦਿ ਖੋਹ ਕੇ ਲੈ ਜਾਂਦੇ। ਪਰ ਹੌਲੀ ਹੌਲੀ ਇਹ ਘੇਰਾ ਏਨਾ ਸਖਤ ਕਰ ਦਿੱਤਾ ਕਿ ਘਾਹ ਅਤੇ ਦਾਣਾ ਪਾਣੀ ਅੰਦਰ ਲੈ ਜਾਣਾ ਬਹੁਤ ਮੁਸ਼ਕਲ ਹੋ ਗਿਆ। ਅਬਦੁਸਮਦ ਖਾਂ ਸਮਝਦਾ ਸੀ ਕਿ ਕਿਲ੍ਹਾ ਏਨਾ ਮਜ਼ਬੂਤ ਨਹੀਂ ਸੀ



ਇਸ ਲਈ ਉਸ ਕਈ ਵਾਰ ਬੜੇ ਜ਼ੋਰ ਦੇ ਹਮਲੇ ਕੀਤੇ ਕਿ ਕਿਲ੍ਹੇ ਦੀਆਂ ਕੰਧਾਂ ਢਾਹ ਦਿਤੀਆਂ ਜਾਣ, ਪਰ ਸਿੰਘ ਏਨੀ ਦਲੇਰੀ ਅਤੇ ਬਹਾਦਰੀ ਨਾਲ ਜਵਾਬ ਦਿੰਦੇ ਕਿ ਅਬਦੁਸਮਦ ਖਾਂ ਹਜ਼ਾਰਾਂ ਫੌਜੀਆਂ ਨੂੰ ਮਰਵਾ ਕੇ ਪਿਛਾਂਹ ਹਟ ਜਾਂਦਾ। ਇਬਰਤ ਨਾਮੇ ਦਾ ਲਿਖਾਰੀ ਅੱਗੇ ਜਾ ਕੇ ਲਿਖਦਾ ਹੈ ਕਿ ਹਰ ਰੋਜ਼ ਦੋ ਜਾਂ ਤਿੰਨ ਵਾਰੀ ਕੋਈ ਚਾਲੀ ਜਾਂ ਪੰਜਾਹ ਸਿੱਖ ਆਪਣੇ ਡੰਗਰਾਂ ਦੇ ਘਾਹ ਪੱਠੇ ਲਈ ਗੜ੍ਹੀ ਵਿਚੋਂ ਬਾਹਰ ਨਿਕਲਦੇ ਅਤੇ ਜਦ ਬਾਦਸ਼ਾਹੀ ਲਸ਼ਕਰੀਆਂ ਦੀਆਂ ਫੌਜਾਂ ਉਨ੍ਹਾਂ ਨੂੰ ਰੋਕਣ ਜਾਂਦੀਆਂ ਤਾਂ ਉਹ ਆਪਣੇ ਤੀਰਾਂ, ਰਾਮਜੰਗੀਆਂ ਉਤੇ ਤਲਵਾਰਾਂ ਨਾਲ ਮੁਗਲਾਂ ਦਾ ਘਾਣ ਕਰ ਦਿੰਦੇ ਅਤੇ ਅਲੋਪ ਹੋ ਜਾਂਦੇ। ਸਿੰਘਾਂ ਦੇ ਆਗੂ ਦੀਆਂ ਜਾਦੂਗਰੀਆਂ ਦਾ ਏਨਾ ਭੈਅ ਬੈਠਾ ਹੋਇਆ ਸੀ ਕਿ ਸਾਡੀਆਂ ਫੌਜਾਂ ਦੇ ਕਮਾਂਡਰ ਰੱਬ ਅੱਗੇ ਅਰਜ਼ੋਈਆਂ ਕਰਦੇ ਸਨ ਕਿ ਐਸਾ ਭਾਣਾ ਵਰਤ ਜਾਵੇ ਕਿ ਬੰਦਾ ਸਿੰਘ ਗੜ੍ਹੀ ਵਿਚੋਂ ਨਿਕਲ ਕੇ ਭੱਜ ਜਾਵੇ।


ਸਿੰਘਾਂ ਨੂੰ ਬਾਹਰ ਨਿਕਲਣ ਤੋਂ ਰੋਕਣ ਲਈ ਸ਼ਾਹੀ ਫੌਜ ਨੇ ਕਿਲ੍ਹੇ ਦੇ ਚਾਰ ਚੁਫੇਰੇ ਇਕ ਮਿੱਟੀ ਦੀ ਕੰਧ ਖੜ੍ਹੀ ਕਰ ਦਿੱਤੀ, ਪਰ ਫਿਰ ਵੀ ਸਿੰਘ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਸਾਰੀਆਂ ਰੋਕਾਂ ਨੂੰ ਤੋੜ ਦਿੰਦੇ ਅਤੇ ਲੁੱਟ-ਮਾਰ ਕਰ ਕੇ ਫਿਰ ਕਿਲ੍ਹੇ ਅੰਦਰ ਚਲੇ ਜਾਂਦੇ। ਬਾਬਾ ਬਿਨੋਦ ਸਿੰਘ ਦੀ ਬਹਾਦਰੀ ਬਾਰੇ ਕਈ ਕਹਾਣੀਆਂ ਪ੍ਰਚਲਤ ਹਨ। ਕਿਹਾ ਜਾਂਦਾ ਹੈ ਕਿ ਉਹ ਰੋਜ਼ ਕਿਲ੍ਹੇ ਵਿਚੋਂ ਬਾਹਰ ਨਿਕਲਦੇ ਅਤੇ ਸ਼ਾਹੀ ਫੌਜ ਦੇ ਬਾਜ਼ਾਰ ਵਿਚੋਂ ਜੋ ਵੀ ਹੱਥ ਆਉਂਦਾ, ਲੁੱਟ ਕੇ ਲੈ ਜਾਂਦੇ। ਉਨ੍ਹਾਂ ਨੂੰ ਫੜਨ ਦੇ ਬਹੁਤ ਯਤਨ ਕੀਤੇ ਗਏ ਪਰ ਉਹ ਫੜੇ ਨਾ ਗਏ। ਸ਼ਾਹੀ ਫੌਜ ਬੰਦਾ ਸਿੰਘ ਬਹਾਦਰ ਦੀਆਂ ਕਰਾਮਾਤਾਂ ਤੋਂ ਬਹੁਤ ਡਰਦੀ ਸੀ। ਉਹ ਸਮਝਦੇ ਸਨ ਕਿ ਬੰਦਾ ਸਿੰਘ ਕਿਸੇ ਜਾਨਵਰ ਦਾ ਰੂਪ ਧਾਰ ਕੇ ਵੀ ਕਿਲ੍ਹੇ ਵਿਚੋਂ ਨਿਕਲ ਸਕਦੇ ਹਨ। ਇਸ ਲਈ ਜਦ ਕੋਈ ਕੁੱਤਾ ਬਿੱਲੀ ਵੀ ਕਿਲ੍ਹੇ ਵੱਲੋਂ ਬਾਹਰ ਨਿਕਲਦੇ ਤਾਂ ਸ਼ਾਹੀ ਫੌਜ ਉਸ 'ਤੇ ਟੁੱਟ ਕੇ ਪੈ ਜਾਂਦੀ ਉਤੇ ਉਸ ਨੂੰ ਮਾਰ ਮੁਕਾਉਂਦੀ।

ਗੁਰਦਾਸ ਨੰਗਲ ਦਾ ਇਹ ਘੇਰਾ ਕਈ ਮਹੀਨਿਆਂ ਤਕ ਜਾਰੀ ਰਿਹਾ ਪਰ ਸ਼ਾਹੀ ਫੌਜ ਇਸ ਨੂੰ ਸਰ ਨਾ ਕਰ ਸਕੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਗ੍ਰਿਫਤਾਰੀ

ਕਿਲ੍ਹਾ ਕੋਈ ਬਹੁਤ ਪੁਰਾਣਾ ਨਹੀਂ ਸੀ ਅਤੇ ਉਸ ਵਿੱਚ ਏਨਾ ਰਾਸ਼ਨ ਵੀ ਨਹੀਂ ਸੀ ਕਿ ਉਹ ਮਹੀਨਿਆਂ ਤੱਕ ਚਲ ਸਕਦਾ। ਪਹਿਲਾਂ ਤਾਂ ਸਿੱਖ ਰਾਤ ਨੂੰ ਛਾਪਾ ਮਾਰ ਕੇ ਰਾਸ਼ਨ ਅਤੇ ਘੋੜਿਆਂ ਵਾਸਤੇ ਘਾਹ ਲੈ ਜਾਂਦੇ ਸਨ, ਪਰ ਬਾਅਦ ਵਿੱਚ ਘੋੜੇ ਭੁੱਖੇ ਰਹਿਣ ਲੱਗੇ। ਸਮੇਂ ਦੀ ਨਜਾਕਤ ਨੂੰ ਵੇਖ ਕੇ ਬਾਬਾ ਬਿਨੋਦ ਸਿੰਘ ਨੇ ਬਾਬਾ ਬੰਦਾ ਸਿੰਘ ਨੂੰ ਇਹ ਸਲਾਹ ਦਿੱਤੀ ਕਿ ਭੁੱਖੇ ਮਰਨ ਨਾਲੋਂ ਸਾਨੂੰ ਵੈਰੀ ਦੀਆਂ ਸਫਾਂ ਅਲੋਪ ਹੋ ਗਿਆ ਸੀ ਇਸ ਗੱਲ ਲਈ ਸਹਿਮਤ ਨਹੀਂ ਸੀ ਹੋ ਰਿਹਾ। ਉਹ ਕੁਝ ਹੋਰ ਸਮਾਂ ਉਡੀਕ ਕਰਨਾਂ ਚਾਹੁੰਦਾ ਸੀ। ਪਰ ਇਹ ਉਡੀਕ ਦਿਨੋਂ ਦਿਨ ਮਹਿੰਗੀ ਪੈ ਰਹੀ ਸੀ। ਸਿੰਘ ਘਾਹ ਫੂਸ ਖਾ ਕੇ ਬਿਮਾਰ ਹੋ ਰਹੇ ਸਨ। ਬਾਬਾ ਬਿਨੋਦ ਸਿੰਘ ਪਾਸੋਂ ਅਜਿਹੀਆਂ ਅਨਿਆਈ ਮੌਤਾਂ ਬਰਦਾਸ਼ਤ ਨਹੀਂ ਸੀ ਹੋ ਰਹੀਆਂ। ਇਸ ਲਈ ਉਸ ਇਕ ਵਾਰ ਫਿਰ ਬਾਬਾ ਬੰਦਾ ਸਿੰਘ ਬਹਾਦਰ ਪਾਸ ਬੇਨਤੀ ਕੀਤੀ ਕਿ ਹਾਲੇ ਵੀ ਸਾਡੇ ਵਿੱਚ ਕੁਝ ਬਲ ਹੈ, ਇਸ ਗੜ੍ਹੀ ਵਿੱਚ ਹੀ ਭੁੱਖੇ ਮਰ ਜਾਣ ਦਾ ਕੀ ਲਾਭ ਹੋਵੇਗਾ? ਪਰ ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਹਾਮੀ ਨਾ ਭਰੀ ਤਾਂ ਤਕਰਾਰ ਸ਼ੁਰੂ ਹੋ ਗਿਆ। ਮਤ-ਭੇਦ ਵਧ ਗਿਆ। ਅੰਤ ਵਿੱਚ ਦੋਵੇਂ ਇੱਕ ਦੂਸਰੇ ਨਾਲ ਲੜਨ ਲਈ ਤਿਆਰ ਹੋ ਗਏ, ਪਰ ਦੂਸਰੇ ਸਿੰਘਾਂ ਨੇ ਵਿੱਚ ਪੈ ਕੇ ਸੁਲਾਹ ਕਰਵਾ ਦਿੱਤੀ। ਅੰਤ ਫੈਸਲਾ ਇਹ ਹੋਇਆ ਕਿ ਜਿਹੜੇ ਸਿੰਘ ਨਿਕਲ ਜਾਣਾ ਚਾਹੁੰਦੇ ਹਨ, ਕਿਲ੍ਹਾ ਛੱਡ ਜਾਣ ਅਤੇ ਜਿਹੜੇ ਬਾਬਾ ਬੰਦਾ ਸਿੰਘ ਨਾਲ ਰਹਿਣਾ ਚਾਹੁੰਦੇ ਹਨ ਉਹ ਕਿਲ੍ਹੇ ਵਿੱਚ ਹੀ ਰਹਿਣ। ਬਾਬਾ ਬਿਨੋਦ ਸਿੰਘ ਨੇ ਇਹ ਫੈਸਲਾ ਮਨਜੂਰ ਕਰ ਲਿਆ ਤੇ ਉਸ ਸਿੰਘਾਂ ਨੂੰ ਕਿਹਾ

ਕਿ ਸ਼ਹਾਦਤ ਜਾਮ ਪੀਣਾ ਬਹੁਤ ਚੰਗਾ ਹੈ। ਇਸ ਲਈ ਜਿਹੜੇ ਸਿੰਘ ਸ਼ਹੀਦੀ ਜਾਮ ਪੀ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਬਿਰਾਜਣਾ ਚਾਹੁੰਦੇ ਹਨ ਉਹ ਮੇਰੇ ਨਾਲ ਆ ਜਾਣ। ਪਰ ਬਹੁਗਿਣਤੀ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੀ। ਗੁਰੂ ਗੋਬਿੰਦ ਸਿੰਘ ਉਨ੍ਹਾਂ ਨੂੰ ਬਾਬਾ ਜੀ ਦੇ ਲੜ ਲਾ ਗਏ ਸਨ। ਇਸ ਲਈ ਬਹੁਤ ਥੋੜ੍ਹੇ ਸਿੱਖ ਬਾਬਾ ਬਿਨੋਦ ਸਿੰਘ ਨਾਲ ਜਾਣ ਲਈ ਤਿਆਰ ਹੋਏ। ਬਾਬਾ ਬਿਨੋਦ ਸਿੰਘ ਪਹਿਲਾਂ ਵੀ ਕਿਲ੍ਹੇ ਵਿਚੋਂ ਨਿਕਲ ਕੇ ਲੁੱਟ ਮਾਰ ਕਰਕੇ ਵਾਪਸ ਕਿਲ੍ਹੇ ਵਿੱਚ ਆ ਜਾਇਆ ਕਰਦਾ ਸੀ। ਇਸ ਲਈ ਉਸ ਨੂੰ ਪਤਾ ਸੀ ਕਿ ਕਿਹੜਾ ਆਸਾਨ ਰਾਹ ਸੀ ਜਿਸ ਰਾਹੀਂ ਉਹ ਆਸਾਨੀ ਨਾਲ ਨਿਕਲ ਸਕਦਾ ਸੀ। ਦੂਸਰਾ, ਸ਼ਾਹੀ ਫੌਜ ਨੂੰ ਇਹ ਚਿਤ ਚੇਤਾ ਵੀ ਨਹੀਂ ਸੀ ਕਿ ਸਿੱਖ ਕਿਲ੍ਹੇ ਵਿਚੋਂ ਬਾਹਰ ਆ ਸਕਣਗੇ। ਇਸ ਲਈ ਰਾਤ ਦੇ ਤਿੰਨ ਵਜੇ ਦੇ ਕਰੀਬ ਬਾਬਾ ਬਿਨੋਦ ਸਿੰਘ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਕਿਲ੍ਹੇ ਵਿਚੋਂ ਬਾਹਰ ਨਿਕਲਿਆ ਤੇ ਸਫਾਂ ਚੀਰਦਾ ਪਾਰ ਹੋ ਗਿਆ। ਮੁਸਲਮਾਨੀ ਸੈਨਾ ਨੇ ਉਸ ਦਾ ਪਿੱਛਾ ਵੀ ਨਾ ਕੀਤਾ। ਉਹ ਸਮਝਦੇ ਸਨ ਕਿ ਉਹ ਜਰੂਰ ਵਾਪਸ ਕਿਲ੍ਹੇ ਵਿੱਚ ਆਏਗਾ। ਇਸ ਲਈ ਘੇਰੇ ਵਾਲੀ ਫੌਜ ਨੂੰ ਹੋਰ ਚੌਕਸ ਕਰ ਦਿੱਤਾ ਗਿਆ।



ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਨਾ ਪਤਾ ਲੱਗ ਸਕਿਆ ਕਿ ਬਾਬਾ ਬਿਨੋਦ ਸਿੰਘ ਅਤੇ ਉਸ ਦੇ ਸਾਥੀ ਬਚ ਕੇ ਨਿਕਲ ਗਏ ਹਨ, ਪਰ ਰਾਤ ਕਿਸੇ ਪ੍ਰਕਾਰ ਦੇ ਰੌਲੇ ਗੌਲੇ ਦੀ ਆਵਾਜ ਨਾ ਆਉਣ ਤੇ ਉਹ ਸਮਝ ਗਏ ਕਿ ਸਿੰਘ ਹਿਰਨ ਹੋ ਗਏ ਸਨ।

ਜਦ ਇਕ ਮਹੀਨਾ ਹੋਰ ਘੇਰਾ ਚਲਦਾ ਰਿਹਾ ਤਾਂ ਸਿੰਘ ਭੁੱਖ ਨਾਲ ਮਰਨ ਲੱਗੇ। ਘੋੜੇ ਆਦਿ ਵੀ ਮਰ ਗਏ। ਬਾਬਾ ਜੀ ਦਾ ਅਨੁਮਾਨ ਸੀ ਕਿ ਏਡੀ ਵੱਡੀ ਫੌਜ ਨੂੰ ਏਨੇ ਲੰਮੇ ਸਮੇਂ ਤੱਕ ਰਾਸ਼ਨ ਦੇਣਾ ਕੋਈ ਸੌਖੀ ਗੱਲ ਨਹੀਂ ਸੀ। ਪਰ ਬਾਦਸ਼ਾਹ ਪਾਸ ਤਾਂ ਸਾਰਾ ਦੇਸ਼ ਸੀ! ਇਸ ਲਈ ਉਸ ਆਪਣਾ ਸਾਰਾ ਤਾਣ ਲਾ ਦਿੱਤਾ। ਲੋਕ ਭਾਵੇਂ ਭੁੱਖੇ ਮਰ ਗਏ, ਫੌਜ ਨੂੰ ਰਾਸ਼ਨ ਪਹੁੰਚਦਾ ਰਿਹਾ।

ਪਰ ਕਿਲ੍ਹੇ ਅੰਦਰ ਤਾਂ ਇੱਕ ਤੀਲਾ ਵੀ ਖਾਣ ਨੂੰ ਨਹੀਂ ਬੱਚਿਆ ਸੀ! ਕਿਲ੍ਹੇ ਵਿੱਚ ਮਰੇ ਪਸ਼ੂਆਂ ਅਤੇ ਮਨੁੱਖਾਂ ਦੀ ਸੜ੍ਹੇਹਾਂਦ ਨੇ ਸਾਰੇ ਵਾਤਾਵਰਨ ਨੂੰ ਅਸਹਿ ਬਣਾ ਦਿੱਤਾ ਸੀ। ਹੁਣ ਉਹ ਸਮਾਂ ਆ ਗਿਆ ਸੀ ਕਿ ਅਧਮੋਇਆਂ ਬੰਦਿਆਂ ਪਾਸੋਂ ਕਿਲ੍ਹੇ ਦੀ ਰਖਵਾਲੀ ਕਰਨੀ ਜਾਂ ਲੜਾਈ ਕਰਨੀ ਅਸੰਭਵ ਹੋ ਗਈ ਸੀ। ਅਬੱਦਲਸਮਦ ਖਾਂ ਇਸ ਗੱਲ ਨੂੰ ਤਾੜ ਗਿਆ ਸੀ। ਇਸ ਲਈ ਉਸ ਬੰਦਾ ਸਿੰਘ ਵੱਲ ਸੁਨੇਹਾ ਭੇਜਿਆ ਕਿ ਉਹ ਕੁਰਾਨ ਦੀ ਕਸਮ ਦਿੰਦਾ ਹੈ ਕਿ ਉਨ੍ਹਾਂ ਨੂੰ ਬਾਦਸ਼ਾਹ ਦੇ ਪੇਸ਼ ਕਰ ਕੇ ਮੁਆਫੀ ਲੈ ਦਿੱਤੀ ਜਾਵੇਗੀ। ਇਸ ਲਈ ਉਹ ਆਪਣੇ ਆਪ ਨੂੰ ਸ਼ਾਹੀ ਫੌਜਾਂ ਦੇ ਹਵਾਲੇ ਕਰ ਦੇਵੇ। ਆਪਣੇ ਸਾਥੀਆਂ ਨਾਲ ਗੁਰਮਤਾ ਕਰ ਕੇ ਬਾਬਾ ਜੀ ਨੇ ਦਰਵਾਜਾ ਖੁਲਵਾ ਦਿੱਤਾ। ਪਰ ਸ਼ਾਹੀ ਫੌਜ ਦਾ ਕੋਈ ਵੀ ਜਰਨੈਲ ਇਹ ਹੌਸਲਾ ਨਾ ਕਰ ਸਕਿਆ ਕਿ ਅੰਦਰ ਦਾਖਲ ਹੋ ਸਕੇ। ਉਹ ਡਰਦੇ ਸਨ ਕਿ ਇਹ ਵੀ ਬੰਦਾ ਸਿੰਘ ਦੀ ਕੋਈ ਚਾਲ ਹੋਵੇਗੀ। ਪਰ ਜਦ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਸਮੇਤ ਬਾਹਰ ਆਇਆ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਫਿਰ ਫੌਜ ਕਿਲ੍ਹੇ ਅੰਦਰ ਦਾਖਲ ਹੋ ਗਈ।

ਸਿੰਘਾਂ ਦੀਆਂ ਸ਼ਹੀਦੀਆਂ

ਸ਼ਾਹੀ ਫੌਜਾਂ ਭੁੱਖੇ ਸ਼ੇਰ ਵਾਂਗ ਕਿਲ੍ਹੇ ਤੇ ਟੁੱਟ ਪਈਆਂ। ਪਰ ਅੰਦਰ ਬਿਮਾਰ ਸਿੰਘਾਂ ਅਤੇ ਲਾਸ਼ਾ ਤੋਂ ਬਗੈਰ ਹੋਰ ਕੁਝ ਨਹੀਂ ਸੀ। ਉਨ੍ਹਾਂ ਪਾਸੋਂ ਹੋਰ ਤਾਂ ਕੁਝ ਨਾ ਹੋ ਸਕਿਆ ਉਨ੍ਹਾਂ ਬਿਮਾਰ ਸਿੰਘਾਂ ਅਤੇ ਲਾਸ਼ਾ ਦੇ ਸਿਰ ਕੱਟ ਲਏ ਅਤੇ ਘਾਹ ਭੂਸ ਭਰ ਕੇ ਨੇਜਿਆਂ ਉਤੇ ਟੰਗ ਲਏ ਤਾਂ ਕਿ ਉਨ੍ਹਾਂ ਦੀ ਬਹਾਦਰੀ ਦਾ ਸਬੂਤ ਹਰ ਕੋਈ ਵੇਖ ਸਕੇ। ਜਦ ਉਹ ਜੀਉਂਦੇ ਸਨ ਉਨ੍ਹਾਂ ਦੇ ਸਾਹਮਣੇ ਹੋਣ ਨੂੰ ਕੌਣ ਤਿਆਰ ਸੀ? ਉਨ੍ਹਾਂ ਨੂੰ ਸ਼ਾਹੀ ਫੌਜ ਨੇ ਨਹੀਂ ਸੀ ਮਾਰਿਆ ਬਲਕਿ ਭੁੱਖ ਨੇ ਮਾਰਿਆ ਸੀ। ਜੇ ਉਹ ਭੁੱਖ ਨਾਲ ਮਰੇ ਨਾ ਹੁੰਦੇ ਤਾਂ ਸ਼ਾਇਦ ਕਿੰਨੀ ਫੌਜ ਦੇ ਆਹੂ ਲਾਹ ਕੇ ਸ਼ਹੀਦੀਆਂ ਪ੍ਰਾਪਤ ਕਰਦੇ! ਮੁਹੰਮਦ ਹਾਦੀ ਕਾਮਵਾਰ ਠੀਕ ਲਿਖਦਾ ਹੈ ਕਿ, " ਇਹ ਕਿਸੇ ਦੀ ਬਹਾਦਰੀ ਦਾ ਨਤੀਜਾ ਨਹੀਂ ਸੀ। ਬਲਕਿ ਰੱਬ ਦੀ ਮਿਹਰ ਹੋਈ ਤੇ ਇਸ ਤਰ੍ਹਾਂ ਹੋ ਗਿਆ, ਨਹੀਂ ਤਾਂ ਹਰ ਕਿਸੇ ਨੂੰ ਪਤਾ ਹੈ ਕਿ ਬਹਾਦਰ ਸ਼ਾਹ ਬਾਦਸ਼ਾਹ ਆਪਣੇ ਚਾਰੇ ਪੁੱਤਰਾਂ ਅਤੇ ਅਣਗਿਣਤ ਫੌਜਦਾਰਾਂ ਸਮੇਤ ਇਸ ਬਗਾਵਤ ਨੂੰ ਮਿਟਾਉਣ ਦੇ ਯਤਨ ਕੀਤੇ ਸਨ ਪਰ ਉਹ ਸਭ ਫੇਲ੍ਹ ਹੋ ਗਏ ਸਨ ਪਰ ਹੁਣ ਉਹ ਕਾਫਰ ਸਿੱਖ ਅਤੇ ਉਸ ਦੇ ਸਾਥੀ 'ਭੁੱਖ' ਨੇ ਜੇਰ ਹੋਣ ਲਈ ਮਜਬੂਰ ਕਰ ਦਿੱਤੇ ਸਨ।" ਇਸ ਲਈ ਇਹ ਸ਼ਾਹੀ ਫੌਜ ਦੀ ਜਿੱਤ ਨਹੀਂ ਸੀ, ਬਲਕਿ 'ਭੁੱਖ' ਦੀ ਜਿੱਤ ਸੀ। ਜੇ ਬਾਬਾ ਬਿਨੋਦ ਸਿੰਘ ਵਾਂਗ ਬਾਬਾ ਬੰਦਾ ਸਿੰਘ ਵੀ ਸਮੇਂ ਸਿਰ ਨਿਕਲ ਜਾਂਦਾ ਤਾਂ ਵੀ ਇਤਿਹਾਸ ਕੁਝ ਹੋਰ ਹੁੰਦਾ! ਸਿੱਖਾਂ ਨੂੰ ਖਾਲਸੇ ਰਾਜ ਲਈ ਚਾਲੀ ਸਾਲ ਹੋਰ ਉਡੀਕ ਨਾ ਕਰਨੀ ਪੈਂਦੀ!

ਬਾਬਾ ਬੰਦਾ ਸਿੰਘ ਬਹਾਦਰ, ਉਸ ਦੇ ਤਿੰਨ ਸਾਲ ਦੇ ਪੁੱਤਰ ਅਜੈ ਸਿੰਘ ਅਤੇ 740 ਹੋਰ ਸਿੰਘਾਂ ਨੂੰ ਕੈਦ ਕਰ ਲਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਬੇੜੀਆਂ ਪਾ ਕੇ ਇੱਕ ਹਾਥੀ ਉੱਤੇ ਸਵਾਰ ਕੀਤਾ ਗਿਆ। ਉਸ ਦੇ ਨਾਲ ਹੀ ਇੱਕ ਫੌਜਦਾਰ ਨੂੰ ਵੀ ਬੰਨ੍ਹ ਦਿੱਤਾ ਤਾਂ ਕਿ ਬੰਦਾ ਸਿੰਘ ਰਸਤੇ ਵਿੱਚ

ਭੱਜਣ ਵਿੱਚ ਸਫਲ ਨਾ ਹੋ ਸਕੇ। ਬਾਕੀ ਸਿੰਘਾਂ ਨੂੰ ਊਠਾਂ ਉੱਤੇ ਚੜ੍ਹਾ ਲਿਆ ਗਿਆ। ਇਹ ਕਾਫਲਾ ਪਹਿਲਾਂ ਲਾਹੌਰ ਲੈ ਜਾਇਆ ਗਿਆ। ਅਬਦੁੱਸਮਦ ਖਾਂ ਇਨ੍ਹਾਂ ਕੈਦੀਆਂ ਨੂੰ ਆਪ ਲੈ ਕੇ ਦਿੱਲੀ ਜਾਣਾ ਚਾਹੁੰਦਾ ਸੀ, ਪਰ ਬਾਦਸ਼ਾਹ ਫਰੁਖਸੀਅਰ ਨੇ ਹੁਕਮ ਦਿੱਤਾ ਕਿ ਉਹ ਆਪਣੇ ਪੁੱਤਰ ਜਕਰੀਆ ਖਾਂ ਨੂੰ ਭੇਜ ਦੇਵੇ। ਜਿਹੜੇ ਸਿੱਖਾਂ ਦੇ ਸਿਰ ਵੱਢ ਕੇ ਲਿਆਂਦੇ ਸਨ ਉਹ ਥੋੜ੍ਹੇ ਜਾਪੇ, ਇਸ ਲਈ ਅਬਦੁੱਸਮਦ ਖਾਂ ਨੇ ਹੁਕਮ ਦਿੱਤਾ ਕਿ ਇਲਾਕੇ ਵਿੱਚ ਜਿਹੜਾ ਵੀ ਸਿੱਖ ਨਜਰ ਆਉਂਦਾ ਹੈ, ਉਸ ਦਾ ਸਿਰ ਵੱਢ ਲਿਆਂਦਾ ਜਾਵੇ। ਇਸ ਤਰ੍ਹਾਂ ਸੱਤ ਸੌ ਗੱਡਾ ਸਿੱਖਾਂ ਦੇ ਸਿਰਾਂ ਦਾ ਹੀ ਭਰ ਕੇ ਤੋਰ ਦਿੱਤਾ। ਬਾਕੀ ਸਿੰਘਾਂ ਨੂੰ ਬੇੜੀਆਂ ਅਤੇ ਸੰਗਲਾਂ ਨਾਲ ਬੰਨ੍ਹ ਕੇ ਗੱਡਿਆਂ ਉੱਤੇ ਲੱਦਿਆ ਹੋਇਆ ਸੀ।

27 ਫਰਵਰੀ ਸੰਨ 1716 ਨੂੰ ਜਦ ਇਹ ਕਾਫਲਾ ਔਰੰਗਾਬਾਦ ਪੁੱਜਿਆ ਤਾਂ ਇਨ੍ਹਾਂ ਨੂੰ ਜਲੂਸ ਦੀ ਸ਼ਕਲ ਵਿੱਚ ਦਿੱਲੀ ਲਿਆਂਦਾ ਗਿਆ। ਸਭ ਤੋਂ ਅੱਗੇ ਦੋ ਹਜਾਰ ਸਿੰਘਾਂ ਦੇ ਸਿਰ ਬਾਂਸਾਂ ਉੱਤੇ ਟੰਗੇ ਹੋਏ ਸਨ। ਸਿੰਘਾਂ ਦੇ ਸਿਰਾਂ ਦੇ ਨਾਲ ਹੀ ਬਾਸਾਂ ਉਤੇ ਇੱਕ ਮੋਈ ਹੋਈ ਬਿੱਲੀ ਕੁੱਤੇ ਤੱਕ ਵੀ ਜੀਉਂਦਾ ਨਹੀਂ ਸੀ ਛੱਡਿਆ। ਇਸ ਦੇ ਪਿੱਛੇ ਲੋਹੇ ਦੇ ਪਿੰਜਰੇ ਵਿੱਚ ਬੰਦ ਬਾਬਾ ਬੰਦਾ ਸਿੰਘ ਨੂੰ ਇੱਕ ਹਾਥੀ ਉੱਤੇ ਬਿਠਾਇਆ ਹੋਇਆ ਸੀ। ਉਸ ਨੂੰ ਗੂੜ੍ਹੇ ਲਾਲ ਰੰਗ ਦੀ ਪੁਸ਼ਾਕ ਪਵਾਈ ਹੋਈ ਸੀ। ਇਸ ਤੋਂ ਪਿੱਛੇ ਬੇੜੀਆਂ ਵਿੱਚ ਜਕੜੇ 740 ਸਿੰਘ ਦੋ-ਦੋ ਕਰ ਕੇ ਊਠਾਂ ਉੱਤੇ ਸਵਾਰ ਸਨ। ਜਲੂਸ ਦੇ ਪਿੱਛੇ ਅਮੀਰ ਵਜੀਰ ਘੋੜਿਆਂ ਉੱਤੇ ਚੜ੍ਹੇ ਜਾ ਰਹੇ ਸਨ। ਇਬਰਤ ਨਾਮੇ ਦਾ ਲੇਖਕ ਮੁਹੰਮਦ ਹਾਰਿਸੀ ਵੀ ਇਹ ਤਮਾਸ਼ਾ ਵੇਖਣ ਗਿਆ ਸੀ। ਉਹ ਲਿਖਦਾ ਹੈ ਕਿ "ਸਿਖਾਂ ਦੇ ਚਿਹਰਿਆਂ 'ਤੇ ਉਦਾਸੀ ਦਾ ਮਾਮੂਲੀ ਵੀ ਨਿਸ਼ਾਨ ਨਹੀਂ ਸੀ ਬਲਕਿ ਉਹ ਊਠਾਂ 'ਤੇ ਬੈਠੇ ਸ਼ਬਦ ਪੜ੍ਹ ਰਹੇ ਸਨ। ਬਾਜਾਰ ਵਿੱਚ ਜੇ ਉਨ੍ਹਾਂ ਨੂੰ ਕੋਈ ਕਹਿੰਦਾ ਕਿ ਤੁਹਾਨੂੰ ਕਤਲ ਕਰ ਦਿੱਤਾ ਜਾਵੇਗਾ ਤਾਂ ਉਹ ਕਹਿੰਦੇ, "ਕਤਲ ਕਰ ਦਿਉ, ਅਸੀਂ ਕਤਲ ਹੋਣ ਤੋਂ ਨਹੀਂ ਡਰਦੇ! ਸਾਨੂੰ ਤਾਂ ਤੁਸੀਂ ਭਲੀਭਾਂਤ ਜਾਣੂ ਹੋ।"

ਜਦ ਜਲੂਸ ਬਾਦਸ਼ਾਹ ਦੇ ਕਿਲ੍ਹੇ ਪਾਸ ਪੁੱਜਿਆ ਤਾਂ ਬਾਦਸ਼ਾਹ ਫਰੁਖਸੀਅਰ ਨੇ ਬਾਬਾ ਬੰਦਾ ਸਿੰਘ ਤੇ ਉਸ ਦੇ ਹੋਰ ਚੋਟੀ ਦੇ ਲੀਡਰਾਂ ਨੂੰ ਤ੍ਰਿਪੋਲੀਏ ਵਿਖੇ ਕੈਦ ਕਰਨ ਦਾ ਹੁਕਮ ਦਿੱਤਾ। ਬਾਕੀ 694 ਸਿੰਘਾਂ ਨੂੰ ਕਤਲ ਕਰਨ ਵਾਸਤੇ ਕੋਤਵਾਲ ਦੇ ਹਵਾਲੇ ਕਰ ਦਿੱਤਾ। ਉਹ ਸਾਰੇ ਇੱਕ ਦੂਸਰੇ ਤੋਂ ਪਹਿਲਾਂ ਕੁਰਬਾਨ ਹੋਣ ਨੂੰ ਤਿਆਰ ਸਨ। ਸਿੰਘਾਂ ਦੀ ਬਹਾਦਰੀ ਬਾਰੇ ਖਾਫੀ ਖਾਂ ਇੱਕ ਕਹਾਣੀ ਲਿਖਦਾ ਹੈ ਜਿਹੜੀ ਕਿ ਉਸ ਆਪਣੀਆਂ ਅੱਖਾਂ ਨਾਲ ਵੇਖੀ ਸੀ। ਉਹ ਲਿਖਦਾ ਹੈ,"ਇਨ੍ਹਾਂ ਸਿੰਘਾਂ ਵਿੱਚ ਇੱਕ ਲੜਕਾ ਵੀ ਸੀ। ਉਸ ਦੀ ਮਾਂ ਵਿਧਵਾ ਸੀ ਅਤੇ ਉਹ ਉਸ ਦਾ ਇਕਲੌਤਾ ਪੁੱਤਰ ਸੀ। ਥੋੜ੍ਹਾ ਸਮਾਂ ਪਹਿਲਾਂ ਹੀ ਇਸ ਲੜਕੇ ਦਾ ਵਿਆਹ ਹੋਇਆ ਸੀ। ਜਦ ਉਸ ਦੀ ਮਾਂ ਨੂੰ ਪਤਾ ਲੱਗਾ ਕਿ ਉਸ ਦਾ ਪੁੱਤਰ ਵੀ ਕਤਲ ਕੀਤਾ ਜਾ ਰਿਹਾ ਹੈ ਤਾਂ ਉਹ ਦੀਵਾਨ ਰਤਨ ਚੰਦ ਦੀ ਸਹਾਇਤਾ ਨਾਲ ਫਰੁਖਸੀਅਰ ਬਾਦਸ਼ਾਹ ਪਾਸੋਂ ਆਪਣੇ ਲੜਕੇ ਦੀ ਰਿਹਾਈ ਮਨਜੂਰ ਕਰਵਾ ਲਿਆਈ। ਪਰ ਉਸ ਲੜਕੇ ਨੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਕਹਿਣ ਲੱਗਾ, "ਇਹ ਮੇਰੀ ਮਾਂ ਨਹੀਂ ਹੈ। ਇਹ ਝੂਠ ਬੋਲਦੀ ਹੈ। ਮੈਂ ਆਪਣੇ ਸਾਥੀਆਂ ਨਾਲ ਆਪਣੇ ਗੁਰੂ ਦੇ ਚਰਨਾਂ ਵਿੱਚ ਜਾਣਾ ਚਾਹੁੰਦਾ ਹਾਂ, ਇਸ ਲਈ ਮੈਨੂੰ ਛੇਤੀ ਤੋਂ ਛੇਤੀ ਮੇਰੇ ਭਰਾਵਾਂ ਪਾਸ ਭੇਜਿਆ ਜਾਏ।" ਮਾਂ ਦੀਆਂ ਚੀਕਾਂ ਵੀ ਉਸ ਲੜਕੇ ਨੂੰ ਰੋਕ ਨਾ ਸਕੀਆਂ ਅਤੇ ਉਹ ਸ਼ਹੀਦੀ ਜਾਮ ਪੀ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ

ਜਦ ਸਾਰੇ ਸਿੰਘ ਸ਼ਹੀਦ ਕਰ ਦਿੱਤੇ ਗਏ ਤਾਂ ਫਿਰ ਬੰਦਾ ਸਿੰਘ, ਉਸ ਦੇ ਪੁੱਤਰ ਅਜੈ ਸਿੰਘ , ਬਾਬਾ ਬਾਜ ਸਿੰਘ, ਬਾਬਾ ਫਤਹਿ ਸਿੰਘ, ਭਾਈ ਆਲੀ ਸਿੰਘ ਅਤੇ ਬਖਸ਼ੀ ਗੁਲਾਬ ਸਿੰਘ ਆਦਿ ਨੂੰ ਕਤਲ ਕਰਨ ਵਾਸਤੇ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ। ਉਨ੍ਹਾਂ ਨੂੰ ਇਕ ਜਲੂਸ ਦੇ ਰੂਪ ਵਿੱਚ ਕਿਲ੍ਹੇ ਵਿੱਚੋਂ ਕੱਢਿਆ ਗਿਆ। ਬੰਦਾ ਸਿੰਘ ਨੂੰ ਲਾਲ ਪੁਸ਼ਾਕ ਅਤੇ ਲਾਲ ਤਿੱਲੇਦਾਰ ਪਗੜੀ ਬੰਨ੍ਹਵਾਈ ਹੋਈ ਸੀ। ਬੇੜੀਆਂ ਨਾਲ ਜਕੜੇ ਹੋਏ ਬਾਬਾ ਬੰਦਾ ਸਿੰਘ ਦਾ ਪਿੱਛਾ ਕਰ ਰਹੇ ਸਨ। ਸ਼ਹਿਰ ਦੀਆਂ ਗਲੀਆਂ ਵਿੱਚੋਂ ਦੀ ਹੁੰਦੇ ਹੋਏ ਇਨ੍ਹਾਂ ਨੂੰ ਕੁਤਬਮੀਨਾਰ ਦੇ ਨੇੜੇ ਬਖਤਿਆਰ ਕਾਕੀ ਦੇ ਮਕਬਰੇ ਪਾਸ ਲਿਜਾਇਆ ਗਿਆ। ਇਥੇ ਉਸ ਨੂੰ ਬਹਾਦਰ ਸ਼ਾਹ ਦੇ ਮਕਬਰੇ ਦੀਆਂ ਪਰਿਕਰਮਾਂ ਕਰਵਾਈਆਂ ਗਈਆਂ। ਫਿਰ ਬੰਦਾ ਸਿੰਘ ਨੂੰ ਹਾਥੀ ਤੋਂ ਉਤਾਰ ਲਿਆ ਤੇ ਕਿਹਾ ਗਿਆ ਜਾਂ ਤਾਂ ਮੁਸਲਮਾਨੀ ਧਰਮ ਕਬੂਲ ਕਰ ਲੈ ਜਾਂ ਮਰਨ ਲਈ ਤਿਆਰ ਹੋ ਜਾ! ਪਰ ਬੰਦਾ ਸਿੰਘ ਨੇ ਉੱਤਰ ਦਿੱਤਾ, "ਮੈਂ ਮਰਨ ਵਾਸਤੇ ਹੀ ਆਇਆ ਹਾਂ, ਮੈਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਹਾਂ ਅਤੇ ਸਿੱਖ ਦੇ ਤੌਰ ਤੇ ਮਰਾਂਗਾ। ਮੈਨੂੰ ਮੌਤ ਦਾ ਕੋਈ ਭੈਅ ਨਹੀਂ।" ਬੰਦਾ ਸਿੰਘ ਦੇ ਇਹ ਲਫਜ ਸੁਣ ਕੇ ਉਸ ਦਾ ਚਾਰ ਸਾਲਾ ਬੱਚਾ ਅਜੈ ਸਿੰਘ ਉਸ ਦੀ ਗੋਦ ਵਿੱਚ ਬਿਠਾ ਦਿੱਤਾ ਗਿਆ। ਇਕ ਲੰਮੇ ਛੁਰੇ ਨਾਲ ਬੱਚੇ ਦੇ ਟੁਕੜੇ ਕਰ ਦਿੱਤੇ ਤੇ ਉਸ ਦਾ ਤੜਫਦਾ ਦਿਲ ਬੰਦਾ ਸਿੰਘ ਦੇ ਮੂੰਹ ਵਿੱਚ ਪਾਉਣ ਦੀ ਕੋਸ਼ਿਸ਼ ਕੀਤੀ। ਪਰ ਜਦ ਬੰਦਾ ਸਿੰਘ ਨੇ ਸਾਰੇ ਜੋਰ ਨਾਲ ਆਪਣੀਆਂ ਬੇੜੀਆਂ ਨੂੰ ਕੜਾਕਾ ਮਾਰਿਆ ਤਾਂ ਉਹ ਜਲਾਦ ਡਰਦਾ ਮਾਰਾ ਪਿੱਛੇ ਹਟ ਗਿਆ। ਬੰਦਾ ਸਿੰਘ ਦੇ ਚਿਹਰੇ ਦੇ ਜਲਾਲ ਨੂੰ ਉਹ ਤੱਕ ਨਾ ਸਕਿਆ। ਕੈਦੀ ਹੋਇਆ ਵੀ ਉਹ ਹਾਲੇ ਸ਼ੇਰਾਂ ਵਾਂਗ ਗੱਜਦਾ ਸੀ। ਇਕ ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ, "ਮੁਹੰਮਦ ਅਮੀਨ ਖਾਂ ਨੇ ਜਦ ਬੰਦਾ ਸਿੰਘ ਵੱਲ ਵੇਖਿਆ ਤਾਂ ਉਸ ਦੇ ਚਿਹਰੇ ਦੇ ਨੂਰੀ ਜਲਾਲ ਨੂੰ ਵੇਖ ਕੇ ਹੈਰਾਨ ਰਹਿ ਗਿਆ ਅਤੇ ਬੰਦਾ ਸਿੰਘ ਨੂੰ ਕਹਿਣ ਲੱਗਾ,"ਬੜੀ ਹੈਰਾਨੀ ਦੀ ਗੱਲ ਹੈ, ਜਿ ਮਨੁੱਖ ਨੀਚ ਕਾਰਨਾਮਿਆਂ ਦਾ ਦੋਸ਼ੀ ਹੋਵੇ।" ਬੰਦਾ ਸਿੰਘ ਨੇ ਉਸ ਦੀ ਗੱਲ ਨੂੰ ਸੁਣਿਆਂ ਅਤੇ ਕਹਿਣ ਲੱਗਾ,"ਜਦ ਮਨੁੱਖ ਤੁਹਾਡੇ ਵਰਗੇ ਪਾਪੀ ਅਤੇ ਦੁਸ਼ਟ ਹੋ ਜਾਣ ਅਤੇ ਇਨਸਾਫ ਨੂੰ ਤਿਲਾਂਜਲੀ ਦੇ ਦੇਣ ਤਾਂ ਇਸ ਤਰ੍ਹਾਂ ਦੇ ਅੱਤਿਆਚਾਰਾਂ ਤੋਂ ਪਰਜਾ ਨੂੰ ਬਚਾਉਣ ਵਾਸਤੇ ਰੱਬ ਮੇਰੇ ਵਰਗੇ ਬੰਦੇ ਨੂੰ ਪੈਦਾ ਕਰਦਾ ਹੈ ਤਾਂ ਕਿ ਉਨ੍ਹਾਂ ਦਾ ਨਾਸ਼ ਕੀਤਾ ਜਾਵੇ ਅਤੇ ਜਦ ਉਹ ਕਾਰਜ ਪੂਰਾ ਹੋ ਜਾਂਦਾ ਹੈ ਤਾਂ ਰੱਬ ਉਸ ਨੂੰ ਵਾਪਸ ਬੁਲਾ ਲੈਂਦਾ ਹੈ।"

ਬੰਦਾ ਸਿੰਘ ਨੂੰ ਬੜੇ ਨਿਰਦਈ ਢੰਗ ਨਾਲ ਕਤਲ ਕਰਨ ਦਾ ਹੁਕਮ ਹੋਇਆ। ਗਰਮ ਸਰੀਏ ਨਾਲ ਪਹਿਲਾਂ ਉਸ ਦੀ ਸੱਜੀ ਅੱਖ ਕੱਢੀ ਗਈ। ਫਿਰ ਖੱਬੀ ਕੱਢ ਦਿੱਤੀ। ਉਸ ਤੋਂ ਬਾਅਦ ਉਹਦਾ ਖੱਬਾ ਪੈਰ ਵੱਢ ਦਿੱਤਾ ਅਤੇ ਉਸ ਪਿਛੋਂ ਉਸ ਦੇ ਦੋਵੇਂ ਹੱਥ ਵੱਢ ਦਿੱਤੇ। ਫਿਰ ਉਸ ਦੇ ਬੰਦ-ਬੰਦ ਕੱਟ ਕੇ ਸਿਰ ਵੱਢ ਦਿੱਤਾ। ਇਸ ਸਾਰੇ ਕਾਰਜ ਸਮੇਂ ਬੰਦਾ ਸਿੰਘ ਨੇ ਆਪਣੇ ਸਵਾਸ ਦਸਮ ਦੁਆਰ ਚੜ੍ਹਾ ਲਏ ਸਨ ਤੇ ਉਸ ਨੇ ਕਿਸੇ ਪ੍ਰਕਾਰ ਦਾ ਤਸੀਹਾ ਦੇਣ ਤੇ ਵੀ ਸੀਅ ਤਕ ਨਾ ਕੀਤੀ। ਉਹ ਵਾਹਿਗੁਰੂ ਨਾਲ ਇਕਮਿਕ ਹੋਇਆ ਅਡੋਲ ਬੈਠਾ ਰਿਹਾ।

(*****)

ਸਤਵੰਤ ਕੌਰ

ਭਾਈ ਵੀਰ ਸਿੰਘ ਜੀ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਕਾਂਡ ਪੰਜਵਾਂ

ਸਤਵੰਤ ਕੌਰ ਮਹਿਲੀਂ ਪਹੁੰਚ ਗਈ, ਪਰ ਉਥੇ ਕੀਤੋ ਸੁ ਰੋਈ ਪਿੱਟੀ ਉਦਾਸ ਹੋਈ? ਹਾਂ ਪਹਿਲੇ ਤਾਂ ਕੁਛ ਦਿਲਗੀਰ ਹੋਈ, ਪਰ ਫੇਰ ਤਾਂ ਉਸਦਾ ਚਿਹਰਾ ਟਹਿਕ ਆਇਆ, ਜਿਕੁਰ ਬੱਦਲੀ ਸੂਰਜ ਅੱਗੋਂ ਹਟ ਜਾਵੇ ਤਾਂ ਧੁੱਪ ਚਕਮ ਉਠਦੀ ਹੈ। ਪੱਕੇ ਦਿਲ ਤੇ ਬੇਪਰਵਾਹੀ ਦੀ ਸੁਰ ਨਾਲ ਮਹਿਲ ਵਿਚ ਜਾ ਬੈਠੀ। ਕੱਪੜੇ ਬਦਲ ਲਏ, ਸੂਰਤ ਵਟਾ ਲਈ। ਗੋਲੀਆਂ ਬਾਂਦੀਆਂ ਨੂੰ ਹੁਕਮ ਹੇਠ ਕਰ ਲਿਆ। ਸਾਰੇ ਮਹਿਲ ਦੇ ਕਮਰੇ ਫਿਰ ਫਿਰ ਕੇ ਝਟ ਪਟ ਦੇਖ ਲਏ। ਕੋਈ ਜਾਣੇ ਜੋ ਸਦਾ ਦੀ ਇੱਥੇ ਰਹਿੰਦੀ ਸੀ। ਟਹਿਲ ਵਾਲੀਆਂ ਨੂੰ ਅੱਡ-ਅੱਡ ਕੰਮੀਂ ਲਾ ਦਿਤਾ ਤੇ ਆਪ ਇਕੱਲੀ ਹੋ ਕੇ ਕੁਝ ਅਸਚਰਜ ਕੰਮ ਕਰਦੀ ਰਹੀ। ਜਦ ਰਾਤ ਨੂੰ ਅਮੀਰ ਸਾਹਿਬ ਮਹਿਲੀਂ ਆਏ, ਆ ਕੇ ਬੈਠ ਗਏ। ਸਤਵੰਤ ਕੌਰ ਨੂੰ ਵੇਖ ਕੇ ਪ੍ਰਸੰਨ ਹੋਏ। ਸਿਆਣੀ ਮਾਲਣ ਬੀ ਫੁੱਲਾਂ ਦੀ ਟੋਕਰੀ ਲੈ ਆਈ। ਉਧਰ ਨਿਕਾਹ ਪੜ੍ਹਨ ਵਾਸਤੇ ਕਾਜ਼ੀ ਆ ਗਿਆ ਕਿ ਅਚਾਨਕ ਸਾਰਾ ਕਮਰਾ ਧੂੰਏਂ ਨਾਲ ਭਰ ਗਿਆ। ਅਮੀਰ ਸਾਹਿਬ ਬੀ ਘਬਰਾ ਗਏ ਅਰ ਸਤਵੰਤ ਕੌਰ ਬੀ ਘਾਬਰੀ। ਘਾਬਰੀ ਬੀ ਐਸੀ ਕਿ ਕਦੀ ਕਿਧਰੇ ਅਰ ਕਦੀ ਕਿਧਰੇ ਦੇਖਦੀ ਫਿਰੇ; ਛੇਕੜ ਇਕ ਕਮਰੇ ਦਾ ਬੂਹਾ ਖੋਲ੍ਹਿਆ, ਤਦ ਤਾਂ ਧੂੰਏਂ ਦਾ ਬੱਦਲ ਹੀ ਉਧਰੋਂ ਆ ਵੜਿਆ ਅਰ ਦੂਜੇ ਪਲ ਵਿੱਚ ਭਬਾਕੇ ਮਾਰਦੀ ਅੱਗ ਦਾ ਭਾਰਾ ਭਾਂਬੜ ਇਸ ਕਮਰੇ ਵਲ ਆਇਆ ਅਰ ਇਧਰ ਬੀ ਅੱਗ ਫੈਲੀ। ਇਸ ਵੇਲੇ ਐਸੀ ਹਫਲਾ ਤਫਲੀ ਮਚੀ ਅਰ ਹਲਚਲ ਪਈ ਕਿ ਕਿਸੇ ਨੂੰ ਕੁਝ ਨਾ ਸੁੱਝਾ, ਆਪਣੀ ਜਿੰਦ ਬਦਲੇ ਸਭ ਉੱਠ ਨਸੇ। ਗੋਲੀਆਂ ਕਿਤੇ ਤੇ ਬਾਂਦੀਆਂ ਕਿਤੇ, ਅਮੀਰ ਸਾਹਿਬ ਕਿਤੇ ਤੇ ਸਤਵੰਤ ਕੌਰ ਕਿਤੇ। ਇਸ ਭੜਥੂ ਤੱਤੇ ਨੇ ਸਾਰੇ ਮਹਿਲ ਦੇ ਪਹਿਰੇਦਾਰਾਂ ਤੇ ਫੌਜੀਆਂ ਵਿੱਚ ਹਫਲਾ ਤਫਲੀ ਪਾ ਦਿੱਤੀ। ਸਭ ਉਧਰ ਨੂੰ ਦੌੜੇ, ਕਿਉਂਕਿ ਅਮੀਰ ਸਾਹਿਬ ਦੇ ਉਧਰ ਹੋਣ ਦਾ ਪਤਾ ਸਭ ਨੂੰ ਸੀ। ਸਤਵੰਤ ਕੌਰ ਇਸ ਹਫਲਾ ਤਫਲੀ ਵਿੱਚ ਦਾਉ ਬਚਾਉਂਦੀ ਕਿਤੇ ਚੁੱਪ ਕਿਤੇ ਰੌਲਾ ਮਚਾਉਂਦੀ ਪਾਤਸ਼ਾਹੀ ਮਹਿਲ ਵਿਚੋਂ ਨਿਕਲ ਗਈ। ਬਹੁਤ ਚਿਰ ਬਾਅਦ ਅੱਗ ਬੁਝੀ ਤੇ ਸਾਰੇ ਟਿਕਾਣੇ ਸਿਰ ਦੂਸਰੇ ਪਾਸੇ ਜਾ ਟਿਕੇ ਤਾਂ ਅਮੀਰ ਨੇ ਕੁੜੀ ਬਾਬਤ ਪੁਛਿਆ, ਪਰ ਕੋਈ ਉੱਤਰ ਨਾ ਦੇ ਸਕਿਆ। ਕਹਿਰਵਾਨ ਹੋ ਕੇ ਅਮੀਰ ਨੇ ਤਲਾਸ਼ ਕਰਨੇ ਦਾ ਹੁਕਮ ਦਿੱਤਾ। ਸਭ ਮਕਾਨ ਕਮਰੇ ਦੇਖੇ ਗਏ, ਪਤਾ ਨਾ ਲੱਗਾ। ਆਸ ਪਾਸ ਢੂੰਡਿਆ, ਥਹੁ ਨਾ ਲੱਗਾ। ਹੁਣ ਸੜੇ ਹੋਏ ਮਕਾਨ ਦੀ ਤਲਾਸ਼ ਸ਼ੁਰੂ ਹੋਈ, ਸੁਆਹ ਪੱਟੀ ਗਈ। ਨਾ ਸਤਵੰਤ ਕੌਰ ਨਾ ਹੀ ਉਸ ਦੀ ਹੱਡੀ ਹੀ ਲੱਭੀ। ਅਮੀਰ ਸਾਹਿਬ ਬੜੇ ਘਾਬਰੇ, ਸਾਰੇ ਨੌਕਰ ਚਾਕਰ ਚਕਰਾਏ ਕਿਸੇ ਦੀ ਅਕਲ ਕੰਮ ਨਾ ਕਰੇ ਕਿ ਕੀਹ ਹੋ ਗਿਆ ਅਰ ਕੀਹ ਨਹੀਂ ਹੋਇਆ। ਸਾਰੇ ਸੋਚਣ ਪਰ ਸਿਰ ਧੁਨ ਧੁਨ ਕੇ ਰਹਿ ਜਾਣ। ਛੇਕੜ ਸਿਆਣਿਆਂ ਨੇ ਸੋਚਿਆ ਕਿ ਮਤਾਂ ਕਿਤੇ ਬਾਹਰ ਨਿਕਲ ਗਈ ਹੋਵੇ। ਇਸ ਲਈ ਚਾਰ ਚੁਫੇਰੇ ਸਵਾਰ ਦੁੜਾਏ। ਕੁਝ ਸਵਾਰ ਹਵਾ ਵਾਂਗ ਉੱਡ ਗਏ ਅਰ ਦੂਰ-ਦੂਰ ਤਕ ਭਾਲ ਕਰਦੇ ਫਿਰੇ, ਪਰ ਇਕ ਜਣੇ ਨੂੰ ਨੇੜੇ ਵਾਰ ਹੀ ਸਤਵੰਤ ਕੌਰ ਦਾ ਰੇਸ਼ਮੀ ਦੁਪੱਟਾ ਸੜਿਆ ਲੱਭਾ, ਇਕ ਗਹਿਣਾ ਭੀ ਧੁਆਂਖਿਆ ਹੋਇਆ ਹੱਥ ਆਇਆ। ਜਦ ਇਹ ਚੀਜ਼ਾਂ ਅਮੀਰ ਪਾਸ ਪਹੁੰਚਾਈਆਂ ਗਈਆਂ ਅਰ ਪਛਾਣੀਆਂ ਗਈਆਂ ਤਾਂ ਸਭ ਨੇ ਇਹ ਸਿੱਟਾ ਕੱਢਿਆ ਕਿ ਉਸਦੇ ਕਪੜਿਆ ਨੂੰ ਅੱਗ ਲੱਗ ਗਈ ਹੈ ਅਰ ਘਬਰਾ ਵਿਚ ਦੌੜੀ ਫਿਰੀ ਹੈ ਤੇ ਸਭ ਕੇ ਕਿਸੇ ਟੋਏ ਖੁੜੱਲ ਵਿਚ ਡਿਗ ਪਈ ਹੈ, ਇਸ ਲਈ ਹੋਰ ਮਿਹਨਤ ਨਾਲ ਤਲਾਸ਼ ਅਰੰਭ ਹੋਈ।

ਇਧਰ ਦਾ ਹਾਲ ਸੁਣੋ ਕਿ ਸਤਵੰਤ ਕੌਰ ਮਹਿਲੋਂ ਨਿਕਲਦੀ ਇਕ ਉਜਾੜ ਬੀਆਬਾਨ ਵਿਚ ਪਹੁੰਚੀ ਤੇ ਉਥੇ ਬੈਠੀ ਮਨ ਨਾਲ ਗਿਣਤੀਆਂ ਗਿਣ ਰਹੀ ਹੈ - ਮੈਂ ਕੀਹ ਕੀਤਾ? ਚੰਗਾ ਹੀ ਕੀਤਾ! ਦੁਸ਼ਟ ਦੇ ਪੰਜਿਓਂ ਨਿਕਲ ਆਈ। ਮੈਂ ਅਵਾਣੀ ਕੁੜੀ ਸਾਂ, ਮੈਂ ਐਸੀਆਂ ਅਕਲਾਂ ਕਿੱਥੋਂ ਸਿਖ ਗਈ? ਲੋੜਾਂ ਨੇ ਸਭ ਕੁਝ ਸਿਖਾ ਦਿਤਾ, ਔਕੜਾਂ ਨੇ ਮੈਨੂੰ ਛਲੀਆਂ ਤੇ ਚਲਾਕ ਬਣਾ ਦਿੱਤਾ, ਪਰ ਹੁਣ ਸੋਚ ਵਾਲੀ ਗੱਲ ਇਹ ਹੈ ਕਿ ਪਾਪ ਤਾਂ ਨਹੀਂ ਕਰ ਬੈਠੀ?

ਪਹਿਲੇ ਮੈਂ ਆਪਣੀ ਪਿਆਰੀ ਦੇ ਮਾਲਕ ਦੀ ਜਿੰਦ ਜਾਨ ਬਚਾਈ, ਮੈਂ ਕੋਈ ਪਾਪ ਤਾਂ ਨਹੀਂ ਕੀਤਾ। ਜਿਸ ਦਾ ਲੈਣ ਖਾਧਾ ਉਸ ਦਾ ਭਲਾ ਕਰਨਾ ਚਾਹੀਏ। ਪਿਤਾ ਜੀ ਕਿਹਾ ਕਰਦੇ ਸਨ ਕਿ ਸਿੱਖਥਾ ਦਾ ਧਰਮ ਇਹ ਹੈ ਕਿ ਕਿਰਤ ਕਰਕੇ, ਕਮਾ ਕੇ ਖਾਣ, ਜੇ ਨੌਕਰੀ ਕਰਨ ਤਾਂ ਮਾਲਕ ਦੇ ਪਾਣੀ ਦੀ ਥਾਂ ਲਹੂ ਡੋਲ੍ਹਣ, ਸੋ ਮੈਂ ਤਾਂ ਭਾਵੇਂ ਨੌਕਰ ਭੀ ਨਹੀਂ ਸਾਂ ਤਾਂ ਬੀ ਅੰਗ ਪਾਲਿਆ ਹੈ। ਦੂਜਾ ਕੰਮ ਅੱਜ ਮਹਿਲ ਨੂੰ ਮੈਂ ਅੱਗ ਲਾਈ, ਪਰ ਅੱਗ ਲਾਉਣ ਵਿੱਚ ਮੈਂ ਕਿਸੇ ਦੀ ਜਿੰਦ ਨੂੰ ਦੁੱਖ ਨਹੀਂ ਦਿੱਤਾ। ਮੈਂ ਮਹਿਲ ਦੇ ਸੜਨ ਵਾਲੇ ਕਮਰੇ ਏਸ ਤਰ੍ਹਾਂ ਖਾਲੀ ਕਰਾ ਦਿੱਤੇ ਸਨ ਕਿਸੇ ਜਾਨ ਨੂੰ ਔਖ ਨਾ ਪਹੁੰਚੇ। ਮਕਾਨ ਸੜਿਆ ਪਰ ਇਹ ਪਾਪ ਨਹੀਂ। ਮੈਂ ਆਪਣਾ ਜਤ ਸਤ ਬਚਾ ਲਿਆ। ਮੇਰੇ ਵਿਚ ਐਨੀ ਹਿੰਮਤ ਕਿਥੇ ਸੀ, ਐਨੀ ਅਕਲ ਕਿੱਥੇ ਸੀ, ਇਹ ਤਾਂ ਅਕਾਲ ਪੁਰਖ ਦੀ ਕ੍ਰਿਪਾ ਹੈ। ਹੁਣ ਸੋਚਣ ਦੀ ਗੱਲ ਇਹ ਹੈ ਕਿ ਮੈਂ ਕੀ ਕਰਾਂ? ਐਸ ਵੇਲੇ ਮੈਂ ਸੁਤੰਤਰ ਹਾਂ, ਮੈਂ ਪੰਜਾਬ ਵਿਚ ਕਿੱਕੁਰ ਜਾਵਾਂ? ਕਿੱਕੁਰ ਵਲਿੱਖਾਂ ਨੂੰ ਚੀਰਾਂ? ਕਿੱਥੇ ਕਾਬਲ ਕਿਥੇ ਪੰਜਾਬ! ਐਡਾ ਪੈਂਡਾ ਕੌਣ ਮੁਕਾਵੇ? ਫੇਰ ਰਸਤਾ ਬੜਾ ਔਖਾ, ਖੂਖਾਰ ਲੋਕ, ਰਸਤੇ ਵਿਚ ਚੋਰ ਧਾੜਵੀ ਦਾ ਡਰ। ਇਕੱਲੇ ਦਾ ਕੰਮ ਨਹੀਂ ਕਿ ਪੈਂਡਾ ਮੁਕਾ ਲਏ। ਮੈਂ ਕੀ ਕਰਾਂ? ਫਾਤਮਾ ਦੇ ਘਰ ਗਈ ਤਦ ਉਨ੍ਹਾਂ ਨੇ ਢੋਈ ਨਹੀਂ ਦੇਣੀ, ਕਹਿਣਗੇ ਇਹ ਪਾਤਸ਼ਾਹ ਦੀ ਗੁਨਾਹਗਾਰ ਹੈ, ਮੱਤਾਂ ਮੈਨੂੰ ਫੜਾ ਦੇਣ। ਹੋਰ ਕੋਈ ਵਾਕਫ ਨਹੀਂ, ਜਾਣੂੰ ਨਹੀਂ, ਕਿਸ ਪਾਸ ਫਰਿਯਾਦ ਕਰਾਂ? ਕਿਸਦਾ ਆਸਰਾ ਲਵਾਂ? ਹੇ ਅਕਾਲ ਪੁਰਖ! ਮੈਂ ਕਿੱਥੇ ਫਸ ਗਈ? ਤੂੰ

ਬੜਾ ਦਿਆਲੂ ਹੈਂ, ਕੋਈ ਮੇਰਾ ਉਪਰਾਲਾ ਕਰ ਜੋ ਇਸ ਔਕੜ ਵਿਚੋਂ ਨਿਕਲਾਂ। ਜਾਂ ਮੇਰਾ ਸਰੀਰ ਹੀ ਚਲਾ ਜਾਵੇ ਜੋ ਦੁਖੜਿਆਂ ਤੋਂ ਛੁੱਟਾਂ।

ਸਤਵੰਤ ਕੌਰ ਇਸ ਤਰ੍ਹਾਂ ਸੋਚਾਂ ਵਿੱਚ ਡੁੱਬੀ ਹੋਈ ਢੇਰ ਸਾਰਾ ਚਿਰ ਪਈ ਰਹੀ, ਪਰ ਕੋਈ ਗੱਲ ਨਾ ਆਹੁੜੀ। ਛੇਕੜ ਵਿਚਾਰੀ ਨੂੰ ਇੱਕੋ ਹੀ ਰਸਤਾ ਨਜ਼ਰ ਆਵੇ ਕਿ ਫਾਤਮਾ ਦੇ ਘਰ ਜਾ ਕੇ ਜਤਨ ਕਰਾਂ, ਜੋ ਖਬਰੇ ਉਹ ਤਰਸ ਕਾ ਕੇ ਕੁਝ ਸਹਾਇਤਾ ਕਰੇ। ਇਸ ਗੱਲ ਪੁਰ ਉਸਨੂੰ ਪੱਕਾ ਨਿਸ਼ਚਾ ਸੀ ਕਿ ਖਾਨ ਸਾਹਿਬ ਸ਼ਾਇਦ ਮੇਰੀ ਮਦਦ ਨਹੀਂ ਕਰਨਗੇ ਕਿਉਂਕਿ ਪਾਤਸ਼ਾਹ ਤੋਂ ਡਰਨਗੇ। ਪਰ ਉਸਨੂੰ ਫਾਤਮਾ ਪੁਰ ਕੁਛ ਭਰੋਸਾ ਪੈਂਦਾ ਸੀ, ਇਸ ਲਈ ਹੁਣ ਜੁਗਤਾਂ ਸੋਚਣ ਲੱਗੀ ਕਿ ਐਸੇ ਢੰਗ ਨਾਲ ਘਰ ਪਹੁੰਚਾਂ ਜੋ ਬਿਨਾਂ ਫਾਤਮਾ ਦੇ ਕਿਸੇ ਨੂੰ ਪਤਾ ਨਾ ਲੱਗੇ। ਸੋ ਵਿਚਾਰੀ ਢੰਗ ਸੋਚਦੀ ਉਸਦੇ ਘਰ ਨੂੰ ਗਈ ਅੱਗੋਂ ਬੂਹੇ ਬੰਦ ਸਨ। ਇਹ ਵਿਚਾਰੀ ਇਕ ਵਧਾ ਦੇ ਹੇਠਵਾਰ ਮੂੰਹ ਸਿਰ ਲਪੇਟ ਕੇ ਗੁੱਛਾ ਹੋ ਕੇ ਪੈ ਰਹੀ, ਐਉਂ ਜਾਪਦਾ ਸੀ ਕਿ ਕੋਈ ਪੱਥਰ ਪਿਆ ਹੈ। ਕੋਈ ਤ੍ਰੈ ਘੜੀਆਂ ਮਗਰੋਂ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਆਈ। ਦੂਰੋਂ ਚਾਨਣਾਂ ਦਿੱਸਿਆ, ਸਤਵੰਤ ਕੌਰ ਦਾ ਕਲੇਜਾ ਮੁੱਠ ਵਿੱਚ ਆ ਗਿਆ ਅਰ ਸਮਝ ਗਈ ਕਿ ਮੇਰੀ ਭਾਲ ਵਿੱਚ ਕੋਈ ਆਇਆ ਹੈ। ਇਹ ਸੋਚ ਕੇ ਉਥੋਂ ਉਠੀ ਅਰ ਸਾਮ੍ਹਣੇ ਜਾ ਖਲੋਤੀ, ਇਕ ਘਰ ਬੜਾ ਪੁਰਾਣਾ ਜਿਹਾ ਸੀ ਅਰ ਇਸ ਦਾ ਇਕ ਬੁਖਾਰਚੇ ਦੀ ਵਜ੍ਹਾ ਦਾ ਵਧਿਆ ਹੋਇਆ ਹਿੱਸਾ ਸੱਖਣਾ ਤੇ ਉਹਲੇ ਵਾਰ ਸੀ, ਪਰ ਇਸ ਪੁਰ ਚੜ੍ਹਨਾ ਕਠਨ ਸੀ। ਸਤਵੰਤ ਕੌਰ ਦੇਖਦੀ ਸੀ ਕਿ ਇਹ ਥਾਂ ਤਾਂ ਬਚਾਉ ਦੀ ਹੈ, ਪਰੰਤੂ ਚੜ੍ਹਨੇ ਦਾ ਢਬ ਨਾ ਲੱਭੇ। ਜਿੰਦ ਬੜੀ ਪਿਆਰੀ ਚੀਜ਼ ਹੈ, ਆਪਣਾ ਬਚਾਉ ਆਪ ਕੱਢ ਪੈਂਦੀ ਹੈ। ਆਪਣੇ ਉਪਰਲੇ ਤਿੰਨ ਕਪੜੇ ਇਕ ਦੂਜੇ ਨੂੰ ਬੰਨ੍ਹ ਕੇ ਇਕ ਸਿਰੇ ਤੇ ਇੱਟ ਜਿਹਾ ਰੋੜਾ ਬੰਨ੍ਹਿਆਂ, ਅਰ ਉਸ ਵਧਾ ਦੇ ਥੰਮੇ ਦੇ ਦੁਆਲੇ ਐਕੁਰ ਸਿੱਟਿਆ ਕਿ ਦੂਜਾ ਸਿਰ ਆਪਣੇ ਹੱਥ ਆ ਗਿਆ, ਉਸ ਨੂੰ ਕਾਬੂ ਕਰਕੇ ਤੇ ਪੈਰ ਕੰਧ ਨੂੰ ਦੇ ਕੇ ਚੜ੍ਹ ਗਈ ਅਰ ਉਤੇ ਲੁਕ ਕੇ ਹੋ ਬੈਠੀ। ਹੁਣ ਸਤਵੰਤ ਕੌਰ ਹੇਠਲਾ ਹਾਲ ਦੇਖਦੀ ਸੀ, ਪਰ ਉਸ ਨੂੰ ਕੋਈ ਨਹੀਂ ਸੀ ਵੇਖਦਾ।

ਪਲੋਪਲੀ ਵਿਚ ਕੀ ਦੇਖਦੀ ਹੈ ਕਿ ਕੁਝ ਅਸਵਾਰ ਮਿਸਾਲਾਂ ਲਈ ਆ ਗਏ ਹਨ। ਇਨ੍ਹਾਂ ਨੇ ਖਾਨ ਸਾਹਿਬ ਦਾ ਬੂਹਾ ਖੁਲ੍ਹਾ ਕੇ ਪੁੱਛਿਆ ਕਿ ਸਿੱਖ ਲੜਕੀ ਏਧਰ ਤਾਂ ਨਹੀਂ ਆਈ। ਉਨ੍ਹਾਂ ਨੇ ਸਾਰੇ ਘਰ ਦੀ ਤਲਾਸ਼ੀ ਬੀ ਲਈ, ਪੱਤਾ ਪੱਤਾ ਢੂੰਡਿਆ, ਹਰ ਨੁਕਰ, ਹਰ ਥਾਂ ਦੇਖਿਆ ਪਰ ਸਿੱਖ ਕੰਨਿਆਂ ਦਾ ਮੁਸ਼ਕ ਬੀ ਨਾ ਪਾਇਆ। ਅੱਕ ਕੇ ਹਾਰ ਕੇ ਤੁਰ ਗਏ। ਸਤਵੰਤ ਕੌਰ ਸਾਹ ਵੱਟ ਕੇ ਦੇਖਦੀ ਰਹੀ। ਦਿਲ ਧੜਕਦਾ ਹੈ, ਸਹਿਮ ਚਿੰਤਾ ਨੇ ਡੇਰੇ ਲਾ ਰੱਖੇ ਹਨ, ਨਿਰਾਸ਼ਾ ਤੇ ਆਸਾ ਦਾ ਘੋਲ ਹੋ ਰਿਹਾ ਹੈ।

ਤਾਰੇ ਗਿਣਦਿਆਂ ਤੇ ਗਿਣਤੀਆਂ ਕਰਦਿਆਂ ਰਾਤ ਦਾ ਹਨ੍ਹੇਰਾ ਘਟ ਗਿਆ ਤੇ ਪਹੁ ਫੁਟਾਲਾ ਆ ਗਿਆ। ਸਤਵੰਤ ਕੌਰ ਨੇ ਡਿੱਠਾ ਕਿ ਖਾਨ ਸਾਹਿਬ ਬੰਦੂਕ ਲੈ ਕੇ ਤੇ ਪੰਜ ਚਾਰ ਟਹਿਲ ਵਾਲੇ ਨਾਲ ਕਰਕੇ ਘਰੋਂ ਨਿਕਲੇ ਹਨ, ਇਨ੍ਹਾਂ ਦੇ ਮਗਰੋਂ ਦੋ ਕੁ ਨੌਕਰ ਬਾਜ਼ਾਰ ਨੂੰ ਗਏ। ਹੁਣ ਸਤਵੰਤ ਕੌਰ ਨੇ ਲੇਖਾ ਲਾ ਕੇ ਸਮਝ ਲਿਆ ਕਿ ਆਦਮੀ ਨੌਕਰ ਘਰ ਵਿੱਚ ਕੋਈ ਨਹੀਂ ਰਿਹਾ, ਤ੍ਰੀਮਤਾਂ ਹਨ, ਸੋ ਆਪੋ ਆਪਣਿਆਂ ਕਮਰਿਆਂ ਵਿਚ ਹੋਣਗੀਆਂ, ਫਾਤਮਾ ਦੇ ਅੰਦਰ ਕੋਈ ਨਹੀਂ ਹੋਣਾ, ਇਹ ਵੇਲਾ ਹੈ ਸੋ ਮੈਂ ਆਪਣੀ ਸੁਆਣੀ ਨੂੰ ਜਾ ਕੇ ਮਿਲਾਂ ਤਾਂ। ਇਹ ਵਿਚਾਰ ਕਰਕੇ ਹੇਠ ਉਤਰੀ ਅਰ ਆਪਣੇ ਕਪੜੇ ਵਲੇਟ ਵਲ੍ਹਾਟ ਹੋਰ ਤਰ੍ਹਾਂ ਦਾ ਮੂੰਹ ਕਰਕੇ ਸਿਰ ਤੇ ਬੀ ਕਪੜਾ ਵਲੇਟ ਕੇ ਚੁਪ ਕੀਤੀ ਅੰਦਰ ਵੜ ਗਈ ਅਰ ਸਾਹ ਵੱਟ ਕੇ ਕਦਮ ਰੱਖਦੀ ਗੋਲੀਆਂ ਦੀ ਨਜ਼ਰ ਤੋਂ ਬਚਦੀ ਫਾਤਮਾ ਦੇ ਅੰਦਰ ਜਾ ਵੜੀ। ਨੀਂਗਰ ਤਾਂ ਸੁੱਤਾ ਪਿਆ ਸੀ, ਪਰ ਫਾਤਮਾ ਉਠ ਬੈਠੀ ਸੀ।

ਇਹ ਅਚਰਜ ਸੂਰਤ ਵੇਖ ਕੇ ਫਾਤਮਾ ਡਰ ਗਈ ਅਰ ਚੀਕ ਮਾਰ ਕੇ ਦੁਹਾਈ ਦੇਣ ਲੱਗੀ ਹੀ ਸੀ ਕਿ ਸਤਵੰਤ ਕੌਰ ਨੇ ਸੈਨਤ ਮਾਰੀ ਅਰ ਛੇਤੀ ਨਾਲ ਮੂੰਹ ਨੰਗਾ ਕਰਕੇ ਦਿਖਾਇਆ, ਜਿਸ ਤੋਂ ਫਾਤਮਾ ਨੂੰ ਠੰਢ ਤਾਂ ਪੈ ਗਈ, ਪਰ ਇਹ ਹੈਰਾਨੀ ਲਗ ਗਈ ਕਿ ਇਹ ਤਾਂ ਅਮੀਰ ਸਾਹਿਬ ਦੀ ਬੇਗਮ ਬਣਦੀ ਸੁਣੀ ਸੀ ਐਥੇ ਮੇਰੇ ਪਾਸ ਕੀਕੂੰ ਆ ਗਈ ਹੈ। ਰਾਤੀਂ ਸਿਪਾਹੀ ਇਸੇ ਦੀ ਭਾਲ ਵਿੱਚ ਆਏ ਸਨ! ਅਚੰਭਾ ਹੋ ਕੇ ਪੁੱਛਣ ਲੱਗੀ –

ਫਾਤਮਾ – ਪਿਆਰੀ! ਤੂੰ ਕਿਥੋਂ?

ਸਤਵੰਤ ਕੌਰ – ਸੁਆਣੀ ਜੀ ਆਪ ਪਾਸ ਸਿਰ ਲੁਕਾਉਣ ਆਈ ਹਾਂ।

ਫਾਤਮਾ – ਕੀ ਤੈਨੂੰ ਅਮੀਰ ਸਾਹਿਬ ਨੇ ਕੱਢ ਦਿੱਤਾ ਹੈ?

ਸਤਵੰਤ – ਨਹੀਂ, ਮੈਂ ਤਾਂ ਨੱਸ ਕੇ ਆ ਗਈ ਹਾਂ।

ਫਾਤਮਾ – ਕਿਉਂ, ਬੇਗਮ ਹੋਣਾ ਛੱਡ ਕੇ ਨੱਸੀ ਹੈ?

ਸਤਵੰਤ ਕੌਰ – ਮੈਂ ਸਿੱਖ ਕੰਨਿਆਂ ਹਾਂ, ਮੇਰਾ ਸਰੀਰ ਪਵਿੱਤਰ ਹੈ। ਮੈਂ ਕਿਸੇ ਦੇ ਜ਼ੋਰ ਜ਼ੁਲਮ ਹੇਠ ਧਰਮ ਨਹੀਂ ਹਾਰ ਸਕਦੀ।

ਫਾਤਮਾ (ਹੈਰਾਨ ਹੋ ਕੇ) – ਸਤਵੰਤ ਕੌਰ, ਤੇਰੀ ਰਾਤ ਤੂੰਹੋਂ ਜੰਮੀਂ ਹੈ, ਤੇਰੇ ਜੈਸੀ ਕਨੀਜ਼ (ਗੋਲ) ਕਦੇ ਹਿੰਦੁਸਤਾਨ ਵਿੱਚ ਨਹੀਂ ਆਈ, ਤੂੰ ਤਾਂ ਕਾਜ਼ੀਆਂ ਮੁੱਲਾਂ ਨਾਲੋਂ ਬੀ ਵਧੀਕ ਦੀਨਦਾਰ ਹੈਂ, ਅਕਲ ਤੇਰੀ ਲੁਕਮਾਨ ਤੋਂ ਉੱਤੇ ਹੈ। ਮੇਰੇ ਸਿਰ ਉਪਕਾਰ ਕੀਤਾ ਹੈ, ਮੈਂ ਤੇਰੀ ਰਿਣੀ ਹਾਂ, ਕੁਝ ਸੇਵਾ ਦੱਸ ਕਿ ਮੈਂ ਤੇਰੀ ਟਹਿਲ ਕਰਾਂ।

ਸਤਵੰਤ ਕੌਰ – ਮੈਂ ਕੁਝ ਨਹੀਂ ਕੀਤਾ, ਜੋ ਹੋਇਆ ਤੇਰੇ ਭਾਗਾਂ ਨਾਲ, ਮੈਂ ਬੜੀ ਸ਼ੁਕਰ ਗੁਜ਼ਾਰ ਹਾਂ ਕਿ ਤੁਸੀਂ ਐਤਨੀ ਕ੍ਰਿਪਾ ਕਰਦੇ ਹੋ। ਹੁਣ ਮੇਰੇ ਪਰ ਦਯਾ ਕਰਨ ਦਾ ਵੇਲਾ ਹੈ, ਕਿਉਂਕਿ ਮੈਂ ਅਮੀਰ ਦੇ ਮਹਿਲਾਂ ਤੋਂ ਨੱਸੀ ਹਾਂ ਅਰ ਮੇਰੇ ਫੜਨੇ ਲਈ ਆਦਮੀ ਫਿਰ ਰਹੇ ਹਨ, ਮੈਨੂੰ ਕੁਝ ਚਿਰ ਆਪਣੇ ਘਰ ਵਿੱਚ

ਐਉਂ ਲੁਕਾ ਰਖੋ ਕਿ ਤੇਰੇ ਬਾਝ ਹੋਰ ਕੋਈ ਨਾ ਜਾਣੇ।

ਫਾਤਮਾ - ਠੀਕ ਹੈ! ਅੱਧੀ ਰਾਤ ਸਰਕਾਰੀ ਸਵਾਰ ਐਥੇ ਭੀ ਭਾਲ ਕਰ ਗਏ ਹਨ, ਮੈਂ ਤੇਰੀ ਸਹਾਇਤਾ ਖੁਸ਼ੀ ਨਾਲ ਕਰਾਂਗੀ ਅਰ ਤੇਰੇ ਲੁਕਾਉਣ ਦਾ ਪੂਰਾ ਬਾਨ੍ਹਣੂ ਬੰਨ੍ਹਾਂਗੀ, ਤੂੰ ਘਾਬਰ ਨਹੀਂ। ਇਹ ਕਹਿ ਕੇ ਫਾਤਮਾ ਨੇ ਆਪਣੇ ਕਮਰੇ ਦੇ ਨਾਲ ਦਾ ਬੂਹਾ ਖੋਲ੍ਹਿਆ, ਅਰ ਉਥੋਂ ਇਕ ਹੋਰ ਪਾਸੇ ਦਾ ਤਖਤਾ ਕਿਸੇ ਹਿਕਮਤ ਨਾਲ ਹਿਲਾ ਕੇ ਪਰੇ ਕੀਤਾ ਤੇ ਅੰਦਰ ਜਾ ਕੇ ਕਿਹਾ ਕਿ ਸਤਵੰਤ ਕੌਰ ਇਹ ਕਮਰਾ ਤੇਰੇ ਵਸਣੇ ਦੀ ਥਾਂ ਹੋਵੇਗਾ। ਇਥੇ ਕੋਈ ਨਹੀਂ ਆਉਂਦਾ, ਨਾ ਕਿਸੇ ਨੂੰ ਇਸ ਕਮਰੇ ਦਾ ਪਤਾ ਹੈ। ਇਹ ਸਾਡੇ ਵੱਡਿਆਂ ਦੇ ਵੇਲੇ ਕੁਵੇਲੇ ਲਈ ਬਣਾਏ ਹੋਏ ਚੋਰ ਥਾਂ ਹਨ। ਮੈਂ ਸੰਝ ਸਵੇਰੇ ਦੁਪਹਿਰੇ ਤੇ ਹਰ ਵਿਹਲ ਦੇ ਵੇਲੇ ਬਾਹਰਲੇ ਬੂਹੇ ਮਾਰ ਕੇ ਤੇਰੇ ਪਾਸ ਆ ਬੈਠਿਆ ਕਰਾਂਗੀ ਅਰ ਮੇਰੇ ਸਿਵਾ ਇਸ ਭੇਤ ਨੂੰ ਕੋਈ ਨਹੀਂ ਜਾਣੇਗਾ। ਤੈਨੂੰ ਖਾਣੇ ਵਾਸਤੇ ਫਲ ਤੇ ਹੋਰ ਜੋ ਚਾਹੇਂ ਮੈਂ ਪੁਚਾਇਆ ਕਰਾਂਗੀ। ਜੇ ਤੂੰ ਬਾਹਰ ਘਰ ਵਿਚ ਜਾਣਾ ਲੋੜੇਂ ਤਾਂ ਅੱਧੀ ਰਾਤ ਆ ਕੇ ਚਲਿਆ ਕਰਾਂਗੀ। ਹੋਰ ਜੋ ਕੁਝ ਕਹੇਂ ਮੈਂ ਤੇਰੇ ਲਈ ਕਰਨੇ ਨੂੰ ਹਾਜ਼ਰ ਹਾਂ। ਤੂੰ ਮੇਰੇ ਸਿਰ ਬੜਾ ਉਪਕਾਰ ਕੀਤਾ ਹੈ, ਤੇਰੀਆਂ ਦੇਣੀਆਂ ਮੈਂ ਦੇ ਨਹੀਂ ਸਕਦੀ। ਧੰਨ ਤੂੰ ਹੈਂ! ਧੰਨ ਤੇਰਾ ਜਨਮ ਹੈ! ਮੈਨੂੰ ਤੂੰ ਬਿਨਾਂ ਦਮਾਂ ਤੋਂ ਮੁੱਲ ਲੈ ਲਿਆ ਹੈ। ਅੱਗੇ ਤਾਂ ਤੂੰ ਮੇਰੀ ਦਾਸੀ ਸੈਂ, ਅਰ ਮੈਂ ਤੇਰੀ ਮਾਲਕ ਸਾਂ, ਹੁਣ ਤੂੰ ਮੇਰੀ ਮਾਲਕ ਹੈਂ, ਅਰ ਮੈਂ ਤੇਰੀ ਦਾਸੀ ਹਾਂ। ਤੇਰੀ ਕ੍ਰਿਪਾ ਨਾਲ ਮੇਰਾ ਉਜੜਿਆ ਘਰ ਵੱਸਿਆ, ਤੇਰੀ ਕ੍ਰਿਪਾ ਨਾਲ ਮੇਰੇ ਪਤੀ ਦੀ ਜਾਨ ਬਖਸ਼ੀ ਹੋਈ, ਤੇਰੀ ਕ੍ਰਿਪਾ ਨਾਲ ਮੇਰਾ ਪਤੀ ਮੇਰਾ ਹੋ ਗਿਆ, ਜੋ ਹੁਣ ਮੈਨੂੰ ਬੜਾ ਪਿਆਰ ਕਰਦਾ ਹੈ। ਤੇਰੀ ਕ੍ਰਿਪਾ ਨਾਲ ਸੰਸਾਰ ਵਿੱਚ ਮੂੰਹ ਦੇਣ ਜੋਗੇ ਰਹਿ ਗਏ। ਹੁਣ ਤੈਨੂੰ ਲੋੜ ਪਈ ਹੈ, ਮੇਰਾ ਸਰੀਰ, ਮੇਰੀ ਦੌਲਤ ਸਭ ਤੇਰੇ ਅੱਗੇ ਹਾਜ਼ਰ ਹੈ।

ਸਤਵੰਤ ਕੌਰ - ਪਯਾਰੀ ਸੁਆਣੀ ਜੀ! ਮੇਰਾ ਲੂੰ ਲੂੰ ਤੁਹਾਥੋਂ ਵਾਰਨੇ ਜਾਂਦਾ ਹੈ, ਜੋ ਤੁਸਾਂ ਮੇਰੇ ਪਰ ਉਪਕਾਰ ਕੀਤਾ ਹੈ ਅਰ ਐਡਾ ਦਿਲਾਸਾ ਦਿੱਤਾ ਹੈ, ਧੰਨ ਤੁਸੀਂ ਹੋ, ਜਿਨ੍ਹਾਂ ਐਤਨੀ ਕ੍ਰਿਪਾ ਕੀਤੀ ਹੈ। ਸ਼ੁਕਰ ਹੈ ਅਕਾਲ ਪੁਰਖ ਦਾ, ਮੈਂ ਬੀ ਆਪ ਨੂੰ ਬਹੁਤ ਤਕਲੀਫ ਨਹੀਂ ਦੇਵਾਂਗੀ, ਇੱਕਲੀ ਬੈਠੀ ਮੈਂ ਦਿਨ ਰਾਤ ਬਿਤਾਵਾਂਗੀ, ਅੱਕਾਂਗੀ ਨਹੀਂ। ਅੱਠੀਂ ਪਹਿਰੀ ਇਕ ਫੇਰਾ ਕਰ ਜਾਇਆ ਕਰਨਾ ਅਰ ਇਕ ਅੱਧ ਸੇਰ ਅੰਗੂਰ ਤੇ ਕੁਛ ਦੁੱਧ ਆਦਿਕ ਦੇ ਜਾਇਆ ਕਰਨਾ। ਮੇਰੇ ਵਾਸਤੇ ਇਹ ਕੁਝ ਬੱਸ ਹੈ, ਪਰ ਇਹ ਕ੍ਰਿਪਾ ਕਰਨੀ ਕਿ ਕਿਸੇ ਦੂਜੇ ਦੇ ਕੰਨੀਂ ਖਬਰ ਨਾ ਪਵੇ, ਨਾ ਤੁਹਾਡੇ ਪਤੀ ਦੇ, ਨਾ ਕਿਸੇ ਨੌਕਰ ਦੇ, ਐਥੋਂ ਤੀਕ ਕਿ ਕਾਕੇ ਨੂੰ ਬੀ ਖਬਰ ਨਾ ਹੋਵੇ, ਕਿਉਂਕਿ ਇਸ ਭੇਤ ਦੇ ਖੁਲ੍ਹਿਆਂ ਨਾ ਕੇਵਲ ਮੈਨੂੰ ਅਪਦਾ ਪਵੇਗੀ, ਸਗੋਂ ਤੁਸੀਂ ਬੜੇ ਦੁਖ ਵਿਚ ਫਸ ਜਾਓਗੇ।

ਫਾਤਮਾ - ਰੱਬ ਚੰਗੀ ਕਰੇਗਾ। ਆਹ ਇਕ ਹੋਰ ਬੂਹਾ ਹੈ, ਜੇ ਕਦੇ ਕੋਈ ਮੁਸੀਬਤ ਪਹੁੰਚੀ ਦੇਖੋ ਤਦ ਇਸ ਨੂੰ ਖੋਲ੍ਹ ਦੇਣਾ। ਇਥੋਂ ਬਾਹਰ ਜੰਗਲ ਨੂੰ ਸੁਰੰਗ ਰਾਹ ਨਿਕਲ ਜਾਂਦਾ ਹੈ, ਅੱਗੇ ਕੁਛ ਪੱਥਰ ਹਨ ਜੋ ਛੇਤੀ ਰਾਹ ਦਿੰਦੇ ਹਨ, ਸੋ ਝੱਟ ਇਧਰੋਂ ਨਿਕਲ ਜਾਣਾ।

ਕਾਂਡ ਛੇਵਾਂ

ਹੁਣ ਸਤਵੰਤ ਕੌਰ ਆਪਣੀ ਆਪੇ ਪਾਈ ਕੈਦ ਭੋਗਣ ਲਗ ਗਈ। ਸਾਰਾ ਦਿਨ ਅੰਦਰ ਨਾਲ ਵਿਹਾਰ ਹੋ ਗਿਆ। ਫਾਤਮਾ ਦਿਨ ਵਿਚ ਕਈ ਫੇਰੇ ਪਾਉਂਦੀ, ਪਰ ਜਦ ਘਰ ਵਿਚ ਕੋਈ ਨਾ ਹੁੰਦਾ ਤਾਂ। ਇਸ ਨੇ ਕੀਤੇ ਦਾ ਬਦਲਾ ਖੂਬ ਲਾਹਿਆ। ਆਪਣੀ ਮੁੱਲ ਲਈ ਗੋਲੀ ਦੀ ਸੇਵਾ ਪੂਰੀ ਪੂਰੀ ਕੀਤੀ, ਪਰ ਹੁਣ ਫਾਤਮਾ ਨੂੰ ਇਕ ਹੈਰਾਨਗੀ ਲੱਗੀ ਕਿ ਮੈਂ ਤਾਂ ਘੜੀ ਭਰ ਇਕੱਲੀ ਨਹੀਂ ਬੈਠ ਸਕਦੀ, ਇਹ ਕੁੜੀ ਕਿੱਕੁਰ ਅੱਠ ਪਹਿਰ ਇਕੱਲਿਆਂ ਬਿਤਾ ਲੈਂਦੀ ਹੈ। ਬਹੁਤ ਸੋਚੇ ਪਰ ਸਮਝ ਨਾ ਪਵੇ। ਇਕ ਦਿਨ ਰਹਿ ਨਾ ਸਕੀ, ਪੁੱਛਣ ਲੱਗੀ, ਬੀਬੀ! ਕੀ ਕਾਰਨ ਹੈ ਕਿ ਤੂੰ ਸਾਰਾ ਦਿਨ ਇਕੱਲੀ ਉਦਾਸ ਨਹੀਂ ਹੁੰਦੀ?

ਸਤਵੰਤ ਕੌਰ - ਬੀਬੀ! ਮੈਂ ਇਕੱਲੀ ਕਦੇ ਨਹੀਂ ਹੋਈ।

ਫਾਤਮਾ (ਹੈਰਾਨ ਹੋ ਕੇ) - ਤੇਰੇ ਪਾਸ ਆਉਂਦਾ ਕੋਈ ਦਿਸਦਾ ਤਾਂ ਨਹੀਂ।

ਸਤਵੰਤ ਕੌਰ - ਠੀਕ ਹੈ, ਪਰ ਜਿਹੜਾ ਮੇਰੇ ਨਾਲ ਰਹਿੰਦਾ ਹੈ, ਉਹ ਅੱਖਾਂ ਨਾਲ ਨਹੀਂ ਦਿੱਸਦਾ।

ਫਾਤਮਾ (ਡਰ ਕੇ) ਹੈਂ! ਉਹ ਕੌਣ ਹੈ? ਕੀ ਤੈਂ ਕੋਈ ਭੂਤ ਵਸ ਕਰ ਰੱਖਿਆ ਹੈ।

ਸਤਵੰਤ ਕੌਰ - ਨਹੀਂ ਜੀ, ਭੂਤ ਨਹੀਂ, ਬੀਬੀ! ਮੇਰਾ ਗੁਰੂ ਮੇਰੇ ਨਾਲ ਰਹਿੰਦਾ ਹੈ।

ਫਾਤਮਾ (ਹੋਰ ਬੀ ਅਚੰਭਾ ਹੋ ਕੇ) ਗੁਰੂ ਕਿੱਥੇ ਰਹਿੰਦਾ ਹੈ ਤੇ ਕਿਸ ਤਰ੍ਹਾਂ?

ਸਤਵੰਤ ਕੌਰ - ਬੀਬੀ! ਮੈਂ ਗੁਰੂ ਕੀ ਬਾਣੀ ਦਾ ਪਾਠ ਕਰਦੀ ਰਹਿੰਦੀ ਹਾਂ ਤੇ ਇਹ ਪਿਤਾ ਜੀ ਨੇ ਦੱਸਿਆ ਹੋਇਆ ਹੈ ਕਿ ਜਿਥੇ ਬਾਣੀ ਦਾ ਪਾਠ ਮਨ ਲਾ ਕੇ ਕੀਤਾ ਜਾਵੇ ਉਥੇ ਗੁਰੂ ਹੁੰਦਾ ਹੈ। ਉਹ ਬਾਣੀ ਬੀ ਗੁਰੂ ਦਾ ਪਰਤੱਖ ਰੂਪ ਹੈ।

ਫਾਤਮਾ - ਬਾਣੀ ਗੁਰੂ ਕਿੱਕੁਰ ਹੁੰਦੀ ਹੈ?

ਸਤਵੰਤ ਕੌਰ - ਇਹ ਤਾਂ ਮੈਨੂੰ ਪਤਾ ਨਹੀਂ, ਪਰ ਸਾਡੇ ਧਰਮ ਦਾ ਨੇਮ ਹੈ ਕਿ ਬਾਣੀ ਗੁਰੂ ਹੈ, ਪਰੰਤੂ ਇੰਨਾ ਮੈਂ ਭੀ ਜਾਣਦੀ ਹਾਂ ਕਿ ਬਾਣੀ ਪੜ੍ਹਦਿਆਂ ਦਿਲ ਬੜਾ ਪ੍ਰਸੰਨ ਹੋ ਜਾਂਦਾ ਹੈ ਅਰ ਕੋਈ ਚਿੰਤਾ ਦੁੱਖ ਦਿਲ ਵਿੱਚ ਨਹੀਂ ਰਹਿੰਦਾ। ਇਕੱਲ-ਦੁਕੱਲ ਕੁਛ ਮਲੂਮ ਨਹੀਂ ਹੁੰਦੀ, ਇਸ ਤੋਂ ਮੈਂ ਸਮਝਦੀ ਹਾਂ ਕਿ ਗੁਰੂ ਮੇਰੇ ਨਾਲ ਹੈ, ਕਿਉਂਕਿ ਗੁਰੂ ਤੇ ਪ੍ਰਮੇਸ਼ਰ ਦਾ ਰੂਪ ਹੈ ਅਨੰਦ, ਖੁਸ਼ੀ। ਜਦ ਪੜ੍ਹ ਕੇ ਮੈਨੂੰ ਅਨੰਦ ਹੁੰਦਾ ਹੈ ਤਦ ਜ਼ਰੂਰ ਹੈ ਕਿ ਗੁਰੂ ਮਹਾਰਾਜ ਮੇਰੇ ਅੰਗ ਸੰਗ ਹੈਨ। ਜਿੱਕੁਰ ਠੰਢੀ ਪੌਣ

ਤੋਂ ਜਲ ਦਾ ਹੋਣਾ ਸਮਝ ਲਈਦਾ ਹੈ, ਇਕੁੱਰ ਅੰਦਰ ਆਨੰਦ ਆ ਜਾਣ ਤੋਂ ਮੈਂ ਸਮਝ ਲੈਂਦੀ ਹਾਂ ਕਿ ਠੀਕ ਬਾਣੀ ਗੁਰੂ ਹੀ ਹੈ, ਲੱਛਣ ਜੋ ਗੁਰੂ ਮਹਾਰਾਜ ਦੇ ਹਨ। ਬੀਬੀ ਜੀ! ਇਸ ਕਰਕੇ ਮੈਂ ਕਦੇ ਆਪਣੇ ਆਪ ਨੂੰ ਇਕੱਲੀ ਨਹੀਂ ਸਮਝਦੀ, ਨਾਲੇ ਗੁਰੂ ਸਾਡੇ ਸਦਾ ਜੀਉਂਦੇ ਹਨ ਤੇ ਅਸੀਂ ਅਰਦਾਸ ਵਿੱਚ ਕਹਿੰਦੇ ਹਾਂ ਕਿ ਸਭ ਥਾਈਂ ਹੋਇ ਸਹਾਇ।' ਗੁਰੂ ਸਾਡੇ ਸਹਾਈ ਹਨ ਸਭ ਥਾਵੇਂ। ਹਾਂ, ਉਸ ਵੇਲੇ ਘਾਬਰਦੀ ਹਾਂ ਕਿ ਜਦ ਬਾਣੀ ਛੁੱਟ ਜਾਵੇ, ਜਾਂ ਮੈਂ ਦਿਲ ਲਾ ਕੇ ਪਾਠ ਨਾ ਕਰਾਂ ਤਾਂ। ਪਰ ਪ੍ਰਾਰਥਨਾ ਕਰਦਿਆਂ ਤੇ ਬੇਨਤੀ ਕਰਦਿਆਂ ਤੇ ਮਨ ਲਾ ਕੇ ਪਾਠ ਕਰਦਿਆਂ ਦਿਲ ਲਗ ਜਾਂਦਾ ਹੈ ਪਰ ਦਿਲ ਲਗਦੇ ਹੀ ਅਨੰਦ ਆ ਜਾਂਦਾ ਹੈ, ਪਰ ਇਹ ਪਿਤਾ ਜੀ ਦੀ ਕ੍ਰਿਪਾ ਹੈ। ਪਿਤਾ ਜੀ ਨੂੰ ਪ੍ਰਮੇਸ਼ਰ ਸਦਾ ਆਨੰਦ ਰੱਖੇ, ਜੇ ਉਹ ਮੇਰੇ ਛੋਟੇ ਹੁੰਦੇ ਹੀ ਮੇਰੇ ਨਾਲ ਮਿਹਨਤ ਨਾ ਕਰਦੇ ਅਰ ਇਹ ਦਾਤ ਨਾ ਬਖਸ਼ਦੇ ਤਦ ਏਨ੍ਹਾਂ ਦੁਖਾਂ ਨੂੰ ਮੈਂ ਕਦੇ ਝੱਲ ਨਾ ਸਕਦੀ।

ਫਾਤਮਾ ਨੇ ਮਿੱਠਤ ਨਾਲ ਪੁੱਛਿਆ ਕਿ ਬੀਬੀ! ਕੀ ਤੇਰੇ ਪਿਤਾ ਜੀ ਨੇ ਮਾਪਿਆਂ ਵਾਲੇ ਮੋਹ ਵਿੱਚ ਕ੍ਰਿਪਾ ਕਰ ਦਿੱਤੀ ਸੀ ਕਿ ਤੂੰ ਭੀ ਕੁਝ ਐਸਾ ਕੰਮ ਕੀਤਾ ਸੀ ਕਿ ਜਿਸ ਕਰਕੇ ਉਹ ਤੇਰੇ ਉਤੇ ਤਰੁੱਠ ਪਏ ਸਨ?

ਸਤਵੰਤ ਕੌਰ - ਬੀਬੀ ਜੀ! ਤੁਸੀਂ ਐਸ ਤਰ੍ਹਾਂ ਦੀਆਂ ਪੁੱਛਾਂ ਕਿਉਂ ਪੁੱਛਦੇ ਹੋ? ਮੈਂ ਕਦੇ ਅੱਗੇ ਤੁਹਾਡੇ ਪਾਸੋਂ ਐਸੀਆਂ ਗੱਲਾਂ ਨਹੀਂ ਸੁਣੀਆਂ ਸਨ।

ਫਾਤਮਾ - ਮੈਨੂੰ ਕੁਛ ਸਮਝ ਨਹੀਂ ਹੈ, ਪਰ ਮੈਂ ਛੋਟੇ ਹੁੰਦਿਆਂ ਐਸੀਆਂ ਐਸੀਆਂ ਗੱਲਾਂ ਸੁਣੀਆ ਹੋਈਆਂ ਹਨ। ਮੇਰੇ ਪਿਤਾ ਫਕੀਰਾਂ ਦੇ ਮੇਲੀ ਸਨ ਅਰ ਘਰ ਵਿਚ ਜਦ ਕੋਈ ਆਉਂਦਾ ਸੀ ਤਦ ਮੈਂ ਬੀ ਫਕੀਰਾਂ ਦੇ ਬਚਨ ਕਦੇ ਕਦੇ ਸੁਣੇ ਹਨ, ਪਰ ਮੈਂ ਪਿਤਾ ਜੀ ਤੋਂ ਕੁਝ ਲਾਭ ਨਾ ਉਠਾਇਆ, ਇਸੇ ਕਰਕੇ ਮੈਂ ਤੈਥੋਂ ਪੁੱਛਦੀ ਹਾਂ ਕਿ ਤੂੰ ਕਿੱਕੁਰ ਲਾਭ ਉਠਾ ਲਿਆ?

ਸਤਵੰਤ ਕੌਰ - ਬੀਬੀ! ਸਾਡੇ ਧਰਮ ਵਿੱਚ ਪਿਤਾ ਦਾ ਇਹ ਧਰਮ ਹੈ ਕਿ ਸੰਤਾਨ ਨੂੰ ਧਰਮ ਦੀ ਸਿਖਿਆ ਦੇਣ। ਨਿਰਾ ਪਾਲਣਾ ਪੋਸਣਾ ਹੀ ਨਹੀਂ, ਸਗੋਂ ਭਲੇ ਮਾਣਸ, ਨੇਕ ਤੇ ਧਰਮੀ ਬਨਾਉਣਾ ਬੀ ਉਨ੍ਹਾਂ ਦਾ ਧਰਮ ਹੈ, ਇਸ ਕਰਕੇ ਜੋ ਕੁਝ ਮੈਨੂੰ ਲੱਭਾ ਹੈ ਪਿਤਾ ਜੀ ਦੀ ਕ੍ਰਿਪਾ ਕਰਕੇ, ਕਿਸੇ ਮੇਰੇ ਗੁਣ ਕਰਕੇ ਨਹੀਂ। ਹਾਂ ਇਕ ਦਿਨ ਮੈਂ ਪਿਤਾ ਜੀ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਸਤਵੰਤ ਕੌਰ! ਮੈਂ ਤੈਨੂੰ ਦੇਖ ਕੇ ਕਰਤਾਰ ਦਾ ਸ਼ੁਕਰ ਕਰਦਾ ਹਾਂ ਅਰ ਬੜਾ ਆਨੰਦ ਹੁੰਦਾ ਹਾਂ। ਉਸ ਦਿਨ ਇਹ ਗੱਲ ਹੋਈ ਸੀ ਕਿ ਮੈਂ ਵੂਰਾ ਦਿਨ ਲਾ ਕੇ ਇਕ ਪੰਥੀ ਕਿਸੇ ਨੂੰ ਦੇਣੀ ਬੜਾ ਭਾਰਾ ਪੁੰਨ ਹੈ, ਪਰ ਮੈਨੂੰ ਏਸ ਗੱਲ ਦੀ ਖਬਰ ਬੀ ਪਿੱਛੋਂ ਲੱਗੀ ਸੀ।

ਫਾਤਮਾ - ਬੀਬੀ! ਮੈਂ ਹੁਣ ਸਮਝੀ ਕਿ ਤੇਰਾ ਹੌਂਸਲਾ ਕਿਉਂ ਹਰ ਦੁਖ ਸੁਖ ਵਿੱਚ ਤੈਨੂੰ ਹਾਰ ਨਹੀਂ ਦਿੰਦਾ ਅਰ ਕਿਉਂ ਤੂੰ ਦੁਖੀ ਹੋ ਹੋ ਕੇ ਬੀ ਸਦਾ ਪ੍ਰਸੰਨ ਹੋ ਹੋ ਜਾਂਦੀ ਹੈਂ ਅਰ ਇਕੱਲੀ ਬੀ ਨਹੀਂ ਘਾਬਰਦੀ। ਪਰ ਕੀ ਮੈਂ ਇਹ ਗੱਲ ਕਹਿ ਸਕਦੀ ਹਾਂ ਕਿ ਤੁਸੀਂ ਬੀ ਮੈਨੂੰ ਇਸ ਸੁਖ ਦਾ ਭਾਗੀ ਕਰ ਲਓ?

ਸਤਵੰਤ ਕੌਰ - ਮੈਨੂੰ ਆਪ ਤੋਂ ਕਿਸੇ ਗੱਲ ਦਾ ਲੁਕਾਉ ਨਹੀਂ, ਜੇਕਰ ਆਪ ਦੀ ਆਤਮਾ ਨੂੰ ਠੰਢ ਪਹੁੰਚ ਸਕੇ ਤਦ ਮੈਂ ਹਾਜ਼ਰ ਹਾਂ, ਪਰ ਇਹ ਗੱਲ ਹੈ ਕਿ ਤੁਸੀਂ ਆਪਣੇ ਆਪ ਨੂੰ ਤਿਆਰ ਕਰ ਲਵੇ।

ਫਾਤਮਾ - ਜਿੱਕੁਰ ਕਹੋ।

ਸਤਵੰਤ ਕੌਰ - ਐਉਂ ਕਰੋ ਕਿ ਹਰ ਰੋਜ਼ ਇਕ ਤੁਕ ਬਾਣੀ ਦੀ ਮੈਥੋਂ ਸੁਣ ਲਿਆ ਕਰੋ ਅਰ ਅਰਥ ਸਮਝ ਲਿਆ ਕਰੋ। ਫੇਰ ਪਿਆਰੀ ਲੱਗੇ ਤਾਂ ਯਾਦ ਕਰ ਲਿਆ ਕਰੋ ਤੇ ਨਾਲੇ ਜੋ ਜੋ ਉਯਾਂ ਤੇ ਔਗੁਣ ਤੁਹਾਨੂੰ ਆਪਣੇ ਵਿੱਚ ਦਿੱਸਣ ਉਨ੍ਹਾਂ ਨੂੰ ਕੱਢਣੇ ਦਾ ਜਤਨ ਕਰੋ ਅਰ ਐਸਾ ਸੁਭਾਉ ਬਣਾਓ ਕਿ ਜੋ ਦੂਸਰੇ ਨੂੰ ਦੁੱਖ ਦਾਤਾ ਨਾ ਹੋਵੇ।

ਜਦ ਫਾਤਮਾ ਨੇ ਇਹ ਉਪਦੇਸ਼ ਸੁਣਿਆ, ਤਦ ਉੱਦਮ ਨਾਲ ਉਸਦੇ ਕਹੇ ਪਰ ਤੁਰਨੇ ਲੱਗ ਗਈ। ਇਧਰ ਸਤਵੰਤ ਕੌਰ ਨੇ ਉਸ ਨੂੰ ਜਪੁਜੀ ਸਾਹਿਬ ਦੀ ਇਕ ਤੁਕ ਰੋਜ਼ ਕੰਠ ਕਰਾਉਣੀ ਸ਼ੁਰੂ ਕਰਾ ਦਿੱਤੀ, ਨਾਲੇ ਅਰਥ ਸਮਝਾਵੇ ਨਾਲੇ ਯਾਦ ਕਰਾਵੇ। ਉਸ ਵਿਚਾਰੀ ਦੀ ਜ਼ੁਬਾਨ ਉਤੇ ਬਹੁਤ ਔਖੀ ਤੁਕ ਚੜ੍ਹੇ ਤੇ ਸਮਝ ਬੀ ਔਖ ਨਾਲ ਪਵੇ, ਪਰ ਸਤਵੰਤ ਕੌਰ ਦੀ ਅਥੱਕ ਮਿਹਨਤ ਨੇ ਸਭ ਮੁਸ਼ਕਲਾਂ ਨੂੰ ਹੱਲ ਕੀਤਾ ਅਰ ਕਿੰਨੇ ਚਿਰ ਦੀ ਮਿਹਨਤ ਦੇ ਮਗਰੋਂ ਉਸ ਨੂੰ ਜਪੁਜੀ ਸਾਹਿਬ ਕੰਠ ਹੋ ਗਈ। ਹੁਣ ਸਤਵੰਤ ਕੌਰ ਨੇ ਉਸ ਨੂੰ ਪਾਠ ਕਰਨੇ ਦਾ ਵੱਲ ਸਿਖਾਲਿਆ। ਫਾਤਮਾ ਜਦ ਪਾਠ ਕਰੇ ਤਦ ਆਨੰਦ ਆਵੇ, ਸਦਾ ਲਈ ਸੁਖੀ ਰਹੇ, ਭਲਾ ਕਰਨ ਦੀ ਚਾਹ ਰਹੇ। ਸਤਵੰਤ ਕੌਰ ਦੀ ਪਤ ਉਸਦੀਆਂ ਅੱਖਾਂ ਵਿੱਚ ਬਹੁਤ ਵਧ ਗਈ, ਉਹ ਉਸ ਨੂੰ ਇਕ ਉੱਚਾ ਫਕੀਰ ਮੰਨਣ ਲਗ ਗਈ। ਅਰ ਉਸਦੀ ਸੇਵਾ ਨੂੰ ਆਪਣੇ ਧੰਨ ਭਾਗ ਜਾਣਨੇ ਲਗ ਗਈ, ਪਰ ਸਤਵੰਤ ਸਮਝੇ ਕਿ ਇਹ ਗੁਰੂ ਦੀ ਮਿਹਰ ਹੈ, ਗੁਰੂ ਦਾ ਪ੍ਰਤਾਪ ਹੈ ਕਿ ਕੈਦ ਪਿਆ ਬੀ ਮੈਨੂੰ ਕਿਸ ਸੁਖ ਵਿਚ ਪੁਚਾ ਦਿੱਤਾ ਹੈ ਸੂ, ਨਹੀਂ ਤਾਂ ਪੰਜ ਰੁਪੈ ਤੋਂ ਵਿਕੀ ਹੋਈ ਗੁਲਾਮ ਕੁੜੀ ਕਿਸੇ ਬਾਵਰਚੀ ਖਾਨੇ ਵਿਚ ਭਾਂਡੇ ਮਾਂਜਦੀ ਹੁੰਦੀ ਪਰ ਇਹ ਗੁਰੂ ਕੀ ਬਾਣੀ ਦਾ ਪ੍ਰਤਾਪ ਹੈ ਕਿ ਮੈਨੂੰ ਕੈਦ ਵਿਚ ਬੀ ਸੁਖ ਤੇ ਸੋਭਾ ਪਰਦਾਨ ਕੀਤੀ, ਗੁਰੂ ਮਹਾਰਾਜ ਜੀ ਨੇ ਨਾਮ ਦੀ ਮਹਿਮਾ ਕੈਸੀ ਸੁਹਣੀ ਆਖੀ ਹੈ, ਧੰਨ ਗੁਰੂ, ਧੰਨ ਨਾਮ, ਧੰਨ ਬਾਣੀ -

ਛੂਟਤ ਨਹੀ ਕੋਟਿ ਲਖ ਬਾਹੀ ॥
ਨਾਮੁ ਜਪਤ ਤਹ ਪਾਰਿ ਪਰਾਹੀ ॥
ਅਨਿਕ ਬਿਘਨ ਜਹ ਆਇ ਸੰਘਾਰੈ ॥
ਹਰਿ ਕਾ ਨਾਮੁ ਤਤਕਾਲ ਉਧਾਰੈ ॥
ਅਨਿਕ ਜੋਨਿ ਜਨਮੈ ਮਰਿ ਜਾਮ ॥
ਨਾਮੁ ਜਪਤ ਪਾਵੈ ਬਿਸ੍ਰਾਮ ॥
ਹਉ ਮੈਲਾ ਮਲੁ ਕਬਹੁ ਨ ਧੋਵੈ ॥
ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥
ਐਸਾ ਨਾਮੁ ਜਪਹੁ ਮਨ ਰੰਗਿ ॥
ਨਾਨਕ ਪਾਈਐ ਸਾਧ ਕੈ ਸੰਗਿ ॥

ਅੰਗ - ੨੬੪

(-----)

ਗੁਰੂ ਹਰਿਗੋਬਿੰਦ ਸਾਹਿਬ ਜੀ

ਸੰਤ ਵਰਿਆਮ ਸਿੰਘ ਜੀ,
ਬਾਨੀ ਵਿ. ਗੁ. ਰੂ. ਮਿਸ਼ਨ।

(ਲੜੀ ਜੋੜਨ ਲਈ ਦੇਖ, ਅਪ੍ਰੈਲ ਅੰਕ ਪੰਨਾ 46)

ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ,
ਚੋਗਾ ਚੁਗਦੇ ਦੇ।

ਨਹ ਬਾਰਿਕ ਨਹ ਜੋਬਨੈ
ਨਹ ਬਿਰਧੀ ਕਛੁ ਬੰਧੁ ॥
ਓਹ ਬੇਰਾ ਨਹ ਬੂਝੀਐ
ਜਉ ਆਇ ਪਰੈ ਜਮ ਫੰਧੁ॥ਅੰਗ - ੨੫੪

ਇਹ ਤਾਂ ਪੱਕਿਆ ਹੋਇਆ ਫਲ ਸੀ, ਹੁਣ ਗਿਰਿਆ, ਝੱਟ ਨੂੰ ਗਿਰਿਆ, ਕੋਈ ਇਤਬਾਰ ਨਹੀਂ ਸੀ ਕਿਉਂਕਿ ਮਹਾਰਾਜ ਫੁਰਮਾਨ ਕਰਦੇ ਨੇ ਕਿ -

ਧਨੁ ਜੋਬਨੁ ਅਰੁ ਫੁਲੜਾ
ਨਾਠੀਅੜੇ ਦਿਨ ਚਾਰਿ ॥
ਪਬਣਿ ਕੇਰੇ ਪਤ ਜਿਉ
ਢਲਿ ਢੁਲਿ ਜੁੰਮਣਹਾਰ ॥ ਅੰਗ - ੨੩

ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,
ਖਿੜੀਆਂ ਨਾ ਸਦਾ ਰਹਿੰਦੀਆਂ।

ਨਾ ਤਾਂ ਸਦਾ ਕੋਈ ਆਦਮੀ ਧਨੀ ਰਿਹਾ ਕਰਦਾ ਹੈ, ਨਾ ਜੋਬਨ ਰਿਹਾ ਕਰਦਾ ਹੈ, ਇਹ ਆਪਣੇ-ਆਪਣੇ ਸਮੇਂ ਸਿਰ ਆਉਂਦੇ ਨੇ, ਆਪਣੇ ਸਮੇਂ ਸਿਰ ਚਲੇ ਜਾਂਦੇ ਨੇ। ਜਿਸ ਤਰ੍ਹਾਂ ਫੁੱਲਾਂ ਦੀ ਬਾੜੀ ਹੈ, ਫੁੱਲ ਦਿਖਾ ਕੇ ਮਹਿਕਾਂ ਦੇ ਕੇ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਜੁਆਨੀ ਖਤਮ ਹੋ ਜਾਂਦੀ ਹੈ। ਬਚਪਨ ਨੂੰ ਜੁਆਨੀ ਖਾ ਲੈਂਦੀ ਹੈ, ਜੁਆਨੀ ਨੂੰ ਬੁਢੇਪਾ ਖਾ ਲੈਂਦਾ ਹੈ, ਬੁਢੇਪੇ ਦਾ ਹਰ ਕਦਮ ਮੌਤ ਦੇ ਪਟੇ 'ਤੇ ਚੜ੍ਹਿਆ ਹੋਇਆ, ਮੌਤ ਵਲ ਨੂੰ ਚਲਿਆ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ -

ਰੰਗੁ ਮਾਣਿ ਲੈ ਪਿਆਰਿਆ
ਜਾ ਜੋਬਨੁ ਨਉ ਹੁਲਾ ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥
ਲਗੀ ਆਵਹਿ ਸਾਹੁਰੈ
ਨਿਤ ਨ ਪੇਈਆ ਹੋਇ ॥ ਅੰਗ - ੨੩

ਅਖੀਰ ਸਹੁਰੇ ਆਉਣਾ ਹੀ ਪੈਂਦਾ ਹੈ ਲੜਕੀ ਨੂੰ।

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥
ਅੰਗ - ੨੩

ਸਰੀਰ ਨੂੰ ਦੇਖਦੀ ਹੈ ਕਿ ਕਿੰਨਾ ਚਿਰ ਹੋ ਗਿਆ ਮੈਨੂੰ, ਇੰਤਜ਼ਾਰ ਕਰ ਰਹੀ ਹਾਂ, ਮੇਰੇ ਸਤਿਗੁਰੂ ਜੀ ਜ਼ਰੂਰ ਦਰਸ਼ਨ ਦੇਣਗੇ। ਨਿਹਚਾ ਹੈ 100%, ਐਸਾ ਜੋ ਪਿਆਰ ਹੈ, ਵਾਹਿਗੁਰੂ ਜੀ ਦਾ ਭਾਵੇਂ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਹੈ। ਸਾਰੇ ਪਰੀਪੂਰਨ ਅੰਦਰ ਬਾਹਰ ਆਪਣੇ ਵਿੱਚ ਰਹਿੰਦਾ ਹੈ। ਪਰ ਫੇਰ ਵੀ ਜਿਹੋ ਜਿਹੇ ਰੂਪ ਵਿੱਚ ਕੋਈ ਦੇਖਣਾ ਚਾਹੁੰਦਾ ਹੈ, ਓਹੋ ਜਿਹਾ ਹੀ ਰੂਪ ਧਾਰ ਕੇ ਉਹਨੂੰ ਦਰਸ਼ਨ ਦੇ ਦਿੰਦਾ ਹੈ। ਪਰ ਦਿੰਦਾ ਤਾਂ ਹੈ ਜੇ ਪੂਰਾ ਪਿਆਰ ਹੋਵੇ। ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ ਕਿ ਪੂਰੇ ਪਿਆਰ ਤੋਂ ਬਗੈਰ ਕਿਸੇ ਨੇ ਵੀ ਅੱਜ ਤੱਕ ਪ੍ਰਮੇਸ਼ਰ ਨੂੰ ਨਹੀਂ ਪਾਇਆ, ਕਿਉਂਕਿ ਵਾਹਿਗੁਰੂ ਕਿਸੇ ਦੇ ਵਸ ਨਹੀਂ ਆਉਂਦਾ, ਜੇ ਆਉਂਦਾ ਹੈ ਤਾਂ ਉਹਦੀ ਰੀਤ ਹੈ, ਉਹ ਇਹ ਹੈ ਕਿ ਜਿਹੜਾ ਵੀ ਪਿਆਰ ਕਰੇ ਉਹਦੇ ਵਸ ਵਿੱਚ ਹੋ ਜਾਇਆ ਕਰਦਾ ਹੈ। ਕਿਸੇ ਮੰਤਰ ਨਾਲ, ਕਿਸੇ ਜੰਤਰ ਨਾਲ, ਕਿਸੇ ਦਾਨ ਨਾਲ, ਨਾ ਸ਼ੁੱਧ ਪਾਠ ਕਰਨ ਨਾਲ, ਨਾ ਬਹੁਤੇ ਨਿਤਨੇਮ ਕਰਨ ਨਾਲ, ਆਉਂਦਾ ਹੀ ਨਹੀਂ ਕਿਸੇ ਤਰ੍ਹਾਂ ਵਸ ਵਿੱਚ।

ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥
ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥
ਅੰਗ - ੯੬੨

ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ,
ਪਾ ਕੇ ਤੇ ਪ੍ਰੇਮ ਡੋਰੀਆਂ।

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ
ਇਹ ਰੀਤਿ ਭਲੀ ਭਗਵੰਤੈ ॥ ਅੰਗ - ੨੪੯

ਫੇਰ ਨਾਲ ਹੀ ਨਿਭਦਾ ਹੈ, ਭੋਰਾ ਜਿੰਨੀ ਤਕਲੀਫ ਹੋ ਜਾਏ ਉਸੇ ਵੇਲੇ ਆ ਜਾਂਦਾ ਹੈ। ਨਾਮਦੇਵ ਜੀ, ਆਪ ਬਾਹਰ ਬੈਠੇ ਸਮਾਧੀ ਸਥਿਤ ਨੇ। ਸਵੈ ਸਰੂਪ ਦੇ ਵਿੱਚ ਸੁਰਤ ਲੀਨ ਹੋਈ ਹੋਈ ਹੈ, ਸੰਸਾਰ ਤਿੰਨ ਕਾਲ ਅਬਾਦ ਹੋਇਆ ਹੋਇਆ ਹੈ। ਇਹੀ ਸੰਸਾਰ ਪ੍ਰਮੇਸ਼ਰ ਰੂਪ ਹੋ ਕੇ ਨਜ਼ਰੀ ਆ ਰਿਹਾ ਹੈ। ਇੰਨੇ ਨੂੰ ਕੋਈ ਪ੍ਰੇਮੀ ਆਇਆ, ਆ ਕੇ ਕਹਿਣ ਲੱਗਿਆ, ਭਗਤ ਜੀ! ਜਲਦੀ ਉਠੋ ਘਰ ਨੂੰ ਚੱਲੋ। ਕਹਿੰਦੇ, ਕੀ ਹੋ ਗਿਆ? ਕਹਿੰਦੇ, ਤੁਹਾਡੇ ਘਰ ਨੂੰ ਤਾਂ ਅੱਗ ਲੱਗੀ ਹੋਈ ਹੈ, ਸਾਰਾ ਨਗਰ ਇਕੱਠਾ ਹੋਇਆ ਹੋਇਆ ਹੈ, ਕੁਛ ਚੀਜ਼ਾਂ ਬਚਾ ਲਈਆਂ ਨੇ ਬਾਕੀ ਵਿੱਚੇ ਹੀ ਜਲ ਗਈਆਂ ਤੁਹਾਡੀਆਂ ਸਭ ਚੀਜ਼ਾਂ। ਜਿਸ ਵਕਤ ਨਾਮਦੇਵ ਜੀ ਆਉਂਦੇ ਨੇ, ਅੱਗ ਲੱਗੀ ਹੋਈ ਹੈ। ਦ੍ਰਿਸ਼ਟੀ ਕੀ ਹੈ ਕਿ -

ਆਪੇ ਪਾਵਕੁ ਆਪੇ ਪਵਨਾ ॥
ਜਾਰੈ ਖਸਮੁ ਤ ਰਾਖੈ ਕਵਨਾ ॥ ਅੰਗ- ੩੨੯

ਜਿਹੜੀਆਂ ਚੀਜ਼ਾਂ ਬਚਾਈਆਂ ਹੋਈਆਂ ਸੀ, ਚੁੱਕ ਕੇ ਵਿੱਚ ਸੁੱਟਣ ਲਗ ਗਏ। ਨਾਲੇ ਕਹਿੰਦੇ ਭਗਵਾਨ ਜੀ! ਤੁਸੀਂ ਤਾਂ ਅਜੇ ਰੱਜੇ ਨਹੀਂ ਹੋਣੇ। ਆਹ ਵੀ ਛਕ ਲਓ, ਆਹ ਵੀ ਛਕ ਲਓ। ਭਗਵਾਨ ਦੇ ਦਰਸ਼ਨ ਕਰ ਰਹੇ ਨੇ। ਭਗਵਾਨ ਕਹਿਣ ਲੱਗੇ,

ਨਾਮਦੇਵ! ਅੱਗ ਵਿੱਚ ਵੀ ਤੂੰ ਮੈਨੂੰ ਦੇਖਦਾ ਹੈਂ। ਕਹਿੰਦੇ, ਸੱਚੇ ਪਾਤਸ਼ਾਹ! ਕੋਈ ਥਾਂ ਹੈ ਜਿੱਥੇ ਤੂੰ ਨਹੀਂ ਹੈਂ। ਕੋਈ ਚੀਜ਼ ਨਹੀਂ ਹੈ ਤੇਰੇ ਬਗੈਰ। ਤੂੰ ਸਭ ਚੀਜ਼ਾਂ ਦੇ ਵਿੱਚ ਹੈਂ। ਕਿਸੇ ਨੂੰ ਨਹੀਂ ਏਸ ਗੱਲ ਦਾ ਪਤਾ ਲੱਗਿਆ ਤੇ ਸਭ ਕੁਛ ਜਲ ਗਿਆ। ਸਾਰੇ ਲੋਕ ਕਹਿੰਦੇ ਨੇ ਕਿ ਅਸੀਂ ਕੁਛ ਇਕੱਠਾ ਕਰਕੇ ਦੇਈਏ। ਉਦਮ ਕਰੀਏ, ਰਾਤ ਰਹਿਣਾ ਹੈ। ਰਾਤ ਵਾਸਤੇ ਛਾਉਂ ਚਾਹੀਦੀ ਹੈ ਸਿਰ ਦੇ ਉੱਤੇ ਤੇ ਉਨ੍ਹਾਂ ਦਾ ਨਾਨਾ ਸੀ ਉਹਨੇ ਪੈਸੇ ਦਿੱਤੇ ਕਿ ਜਾਓ ਤੁਸੀਂ ਵੀਹ ਰੁਪਏ ਲੈ ਜਾਓ, ਐਨੇ ਨਾਲ ਸਾਰਾ ਹੀ ਸਮਾਨ ਆ ਜਾਏਗਾ। ਵੀਹ ਰੁਪਏ ਬਹੁਤ ਵੱਡੀ ਰਕਮ ਹੋਇਆ ਕਰਦੀ ਸੀ, ਉਨ੍ਹਾਂ ਦਿਨਾਂ 'ਚ। ਹਜ਼ਾਰਾਂ ਰੁਪਿਆਂ ਤੋਂ ਵੱਧ ਹੁੰਦੀ ਸੀ। ਆਪ ਜਾਂਦੇ ਨੇ ਤੇ ਰਸਤੇ ਵਿੱਚ ਕੀ ਦੇਖਦੇ ਨੇ ਕਿ ਸਾਧੂ ਬੈਠੇ ਨੇ, ਜਾ ਕੇ ਬੇਨਤੀ ਕਰੀ ਕਿ ਗੁਰੂ ਮਹਾਰਾਜ! ਪ੍ਰਸ਼ਾਦ ਪਾਣੀ ਦਾ ਬੰਦੋਬਸਤ ਹੈ ਕੋਈ। ਕਹਿੰਦੇ, ਭਗਤ ਜੀ! ਅਜੇ ਤਾਂ ਕੋਈ ਨਹੀਂ ਹੈ। ਕਹਿੰਦੇ, ਕਿਸੇ ਨੇ ਪ੍ਰਸ਼ਾਦ ਦਾ ਇੰਤਜ਼ਾਮ ਵੀ ਕੀਤਾ ਹੈ? ਕਹਿੰਦੇ ਨਹੀਂ ਹਾਲੇ ਤਕ ਨਹੀਂ ਕੀਤਾ। ਪ੍ਰਮੇਸ਼ਰ ਭੇਜੇਗਾ ਤਾਂ ਅਸੀਂ ਛਕਾਂਗੇ। ਆਪ ਜਾ ਕੇ ਰਾਸ਼ਨ ਲੈ ਆਉਂਦੇ ਨੇ। ਸੰਗਤਾਂ ਨੂੰ ਛਕਾ ਦਿੱਤਾ ਸਭ ਕੁਛ। ਨਾ ਬੱਲੀਆਂ ਲਾਉਣ ਨੂੰ ਪੈਸਾ ਹੈ, ਨਾ ਰੱਸੀਆਂ, ਨਾ ਸਰਕੜਾ, ਨਾ ਕੋਈ ਹੋਰ ਚੀਜ਼। ਨਾ ਕੋਈ ਮੰਜੇ ਵਗੈਰਾ ਲਿਆਉਣ ਨੂੰ, ਕੁਛ ਨਹੀਂ ਹੈ। ਏਧਰ ਇਹ ਗੱਲ ਹੋ ਰਹੀ ਹੈ, ਓਧਰ ਭਗਤਾਂ ਦਾ ਜੋ ਰਖਸ਼ਕ ਹੈ, ਭਗਤਾਂ ਦਾ ਪਿਆਰਾ ਵਾਹਿਗੁਰੂ, ਗੱਡਾ ਭਰੀਂ ਲਈ ਆਉਂਦਾ ਹੈ। ਕਹਿਣ ਲੱਗਿਆ, ਨਾਮਦੇਵ ਦਾ ਘਰ ਕਿੱਥੇ ਹੈ? ਕਹਿੰਦੇ ਇਹੀ ਹੈ? ਕਹਿੰਦੇ ਇਹੀ ਜਲਿਆ ਸੀ? ਕਹਿੰਦੇ ਹਾਂ। ਸਮਾਨ ਸੁੱਟ ਲਿਆ, ਹਰ ਕਿਸਮ ਦਾ ਸਮਾਨ ਹੈ ਉਸ ਵਿੱਚ ਭਾਂਡੇ ਟਿੰਡੇ ਹਰੇਕ ਚੀਜ਼। ਸਾਰੇ ਹੈਰਾਨ ਨੇ ਕਿ ਲਓ ਬਈ ਵੀਹ ਰੁਪਏ ਦਿੱਤੇ ਸੀ, ਬੇਅੰਤ ਹੀ ਸਮਾਨ ਆ ਗਿਆ। ਪਤਾ ਨਹੀਂ ਇਹਨੂੰ ਕਿਹੜਾ ਲੱਭ ਗਿਆ ਐਨਾ ਦੇਣ ਵਾਲਾ। ਅਸੀਂ ਤਾਂ ਰੋਜ਼ ਖਰੀਦਦੇ ਹਾਂ ਥੋੜ੍ਹਾ ਜਿਹਾ ਸਮਾਨ ਆਉਂਦਾ ਹੈ। ਉਹ ਛੱਪਰ ਬੰਨ੍ਹਣ ਲੱਗ ਗਏ। ਪਿੰਡ ਦੇਖੀ ਜਾਂਦਾ ਹੈ। ਦੇਖਦੇ ਦੇਖਦੇ ਹੀ ਅੱਖਾਂ ਨੂੰ ਐਸਾ ਲੱਗਿਆ ਕਿ ਬੰਨ੍ਹ ਵੀ ਦਿੱਤਾ ਇਨ੍ਹਾਂ ਨੇ ਤਾਂ। ਕੋਈ ਕਹੇ ਕਿ ਨਜ਼ਰਬੰਦੀ ਕਰ ਦਿੱਤੀ ਸਾਡੀ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਇੰਨੇ ਨੂੰ ਇਕ ਮਾਈ ਨਾਮਦੇਵ ਜੀ ਨੂੰ ਕਹਿਣ ਲੱਗੀ ਕਿ ਨਾਮਦੇਵ! ਜਾਹ, ਘਰ ਮੈ ਤੇਰਾ ਕਰ ਆਇਆ ਠੀਕ। ਓਸ ਵੇਲੇ ਨਾਮਦੇਵ ਜੀ ਆ ਜਾਂਦੇ ਨੇ ਤੇ ਪਿੰਡ ਵਾਲੇ ਅੰਦਰ ਵੜ-ਵੜ ਦੇਖਦੇ ਨੇ ਕਿ ਐਹੋ ਜਿਹਾ ਛੱਪਰ ਤਾਂ ਅਸੀਂ ਦੇਖਿਆ ਨਹੀਂ। ਇਹ ਛੱਪਰ ਹੈ ਕਿ ਮਹੱਲ ਹੈ। ਅੰਦਰ ਵੜਦੇ ਸਾਰ ਠੰਢ ਪੈ ਜਾਂਦੀ ਹੈ। ਚਿੱਤ ਇਕਾਗਰ ਹੋ ਜਾਂਦਾ ਹੈ। ਇੱਕ ਅਮੀਰ ਬੀਬੀ ਪੜੋਸ ਦੇ ਵਿੱਚ ਰਹਿੰਦੀ ਸੀ, ਉਹਦੇ ਕੋਲ ਜਗ੍ਹਾਂ ਖਾਲੀ ਸੀ। ਨਾਮਦੇਵ ਜੀ ਨੂੰ ਕਹਿਣ ਲੱਗੀ ਕਿ ਭਗਤ ਜੀ! ਆਹ ਤਾਂ ਕਮਾਲ ਹੀ ਕਰ ਦਿੱਤੀ, ਮੇਰਾ ਵੀ ਜੀਅ ਕਰਦਾ ਹੈ ਕਿ ਮੈਂ ਆਹ ਖਾਲੀ ਥਾਂ ਦੇ ਵਿੱਚ, ਐਸੇ ਤਰ੍ਹਾਂ ਦੀ ਛਪਰੀ ਬਣਵਾਵਾਂ ਤੇ ਉਹ ਜਿਹੜਾ ਬੇਢੀ ਸੀ ਮੈਂ ਤਾਂ ਹੈਰਾਨ ਹਾਂ ਕਿ ਉਹ ਤੈਨੂੰ ਕਿੱਥੋਂ ਲੱਭ ਗਿਆ, ਉਹ ਤਾਂ ਕੰਮ ਕਰਦਾ ਹੈ ਕਿ ਜਿਵੇਂ ਐਉਂ ਲਗਦਾ ਹੈ ਕਿ ਜਿਵੇਂ ਮਸ਼ੀਨ ਹੁੰਦੀ ਹੈ ਤੇ ਮੈਨੂੰ ਤੂੰ ਓਹਦੀ ਦੱਸ ਪਾ ਦੇ।

ਪਾੜ ਪੜੋਸਣਿ ਪੂਛਿ ਲੇ ਨਾਮਾ
ਕਾ ਪਹਿ ਛਾਨਿ ਛਵਾਈ ਹੋ ॥
ਤੋ ਪਹਿ ਦੁਗਣੀ ਮਜੂਰੀ ਦੈਹਉ
ਮੋ ਕਉ ਬੇਢੀ ਦੇਹੁ ਬਤਾਈ ਹੋ ॥ ਅੰਗ-੬੫੭

ਮੈਨੂੰ ਤੂੰ ਦਸ ਦੇ, ਤੇਰੇ ਤੋਂ ਮੈਂ ਦੁੱਗਣੀ ਮਜੂਰੀ ਦੇ ਦੇਵਾਂਗੀ। ਨਾਮਦੇਵ ਜੀ ਹੱਸ ਪਏ, ਕਹਿੰਦੇ ਹਸਦੇ ਕਿਉਂ ਹੋ। ਮੈਂ ਕਿਤੇ ਗਰੀਬ ਹਾਂ, ਮੈਂ ਅਮੀਰ ਹਾਂ। ਮੈਂ ਤੇਰੇ ਤੋਂ ਚੌਗੁਣੀ ਮਜੂਰੀ ਵੀ ਦੇ ਸਕਦੀ ਹਾਂ। ਇਹ ਗੱਲ ਕੋਈ ਮੈਂ ਐਵੇਂ ਨਹੀਂ ਕਰ ਰਹੀ, ਸੱਚੀਮੁੱਚੀਂ ਕਹਿ ਰਹੀ ਹਾਂ। ਨਾਮਦੇਵ ਜੀ ਕਹਿਣ ਲੱਗੇ, ਭੈਣ ਜੀ! ਤੂੰ ਬੇਢੀ ਦੇ ਬਾਰੇ ਪੁੱਛਦੀ ਹੈਂ, ਉਹ ਐਸ ਤਰ੍ਹਾਂ ਨਹੀਂ ਆਉਂਦਾ ਹੈਗਾ।

ਰੀ ਬਾਈ ਬੇਢੀ ਦੇਨੁ ਨ ਜਾਈ ॥ ਅੰਗ-੬੫੭

ਕਹਿੰਦੀ ਜੇ ਤੂੰ ਨਹੀਂ ਕਹਿ ਸਕਦਾ, ਮੈਨੂੰ ਦਸ ਦੇ ਮੈਂ ਚਲੀ ਜਾਂਦੀ ਹਾਂ ਓਸ ਕੋਲ, ਮੈਂ ਜਾ ਕੇ ਬੇਨਤੀ ਕਰ ਲਵਾਂਗੀ। ਨਾਲੇ ਮੈਂ ਕਹਿ ਦੇਵਾਂਗੀ ਕਿ ਨਾਮਦੇਵ ਨਾਲੋਂ ਮੈਂ ਦੁੱਗਣੀ ਚੌਗੁਣੀ ਮਜੂਰੀ ਦੇ ਦੇਵਾਂਗੀ। ਮੇਰੀ ਛੱਪਰੀ ਇਹੋ ਜਿਹੀ ਬਣਾ ਦੇ ਤੇ ਮੈਨੂੰ ਦਸ ਦੇ ਬੇਢੀ ਹੈ ਕਿੱਥੇ? ਕਹਿੰਦਾ, ਬੀਬੀ! ਦਸ ਦੇ ਤਾਂ ਜਦੋਂ ਤੋਂ ਸੰਸਾਰ ਬਣਿਆ ਹੈ ਓਸ ਵੇਲੇ ਤੋਂ ਰਿਸ਼ੀ ਮੁਨੀ, ਗੁਰੂ ਪੀਰ ਪੈਗੰਬਰ, ਸਭ ਦਸਦੇ ਆਏ ਨੇ। ਬਈ ਇਸ ਸੰਸਾਰ ਨੂੰ ਬਣਾਉਣ ਵਾਲਾ ਬੇਢੀ ਰਹਿੰਦਾ ਕਿੱਥੇ ਹੈ? ਜਿਹੜਾ ਇੱਕ ਫੁਰਨੇ ਦੇ ਅੰਦਰ ਐਨਾ ਸੁੰਦਰ ਸੰਸਾਰ ਬਣਾ ਦਿੰਦਾ ਹੈ, ਉਹਨੂੰ ਇੱਕ ਛਪਰੀ ਬਣਾਉਣੀ ਕੀ ਔਖੀ ਹੈ। ਉਹ ਤਾਂ ਇਹਨੇ ਇੱਕ ਕੌਤਕ ਕਰਿਆ, ਮਰਿਆਦਾ ਦੇ ਮੁਤਾਬਿਕ, ਨਹੀਂ ਤਾਂ ਛਪਰੀ ਨੂੰ ਅੱਗ ਲੱਗ ਗਈ, ਓਸੇ ਵੇਲੇ ਬਣੀ ਬਣਾਈ ਨਜ਼ਰ ਆਉਂਦੀ ਤੇ ਦਸ ਦੇ ਤੁਰੇ ਆਉਂਦੇ ਨੇ ਕਿ ਇਹ ਕਿੱਥੇ ਰਹਿੰਦਾ ਹੈ। ਪਰ ਅਫਸੋਸ ਇਹ ਹੈ ਕਿ ਕੋਈ ਮੰਨਦਾ ਨਹੀਂ।

ਫਰੀਦਾ ਕੂਕੇਦਿਆ ਚਾਂਗੇਦਿਆ
ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ
ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮

ਚਾਰੇ ਵੇਦ, ਛੇਈ ਸ਼ਾਸਤਰ, ੨੭ ਸਿਮ੍ਰਤੀਆਂ, ਉਪਨਿਸ਼ਦਾਂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਅੰਜੀਰ, ਜੰਬੂਰ, ਬਾਈਬਲ, ਕੁਰਾਨ ਸ਼ਰੀਫ, ਤੌਰੇਤ, ਇਹ ਸਾਰੀਆਂ ਧਾਰਮਿਕ ਪੁਸਤਕਾਂ ਦੇ ਮਹਾਤਮਾ ਅਵਾਜ਼ਾਂ ਦੇ ਦੇ ਕੇ ਦਸਦੇ ਨੇ, ਓਸ ਬੇਢੀ ਬਾਰੇ ਹੀ ਦਸਦੇ ਨੇ ਕਿ ਪਰ ਕੀ ਮਜ਼ਾਲ ਦੁਨੀਆਂਦਾਰਾਂ ਦੇ ਕੰਨਾਂ ਵਿੱਚ ਭੋਰਾ ਜਿੰਨੀ ਤਾਂ ਗੱਲ ਸਮਾਅ ਜਾਵੇ। ਨਹੀਂ ਸਮਝਦੇ। ਔਖੀ ਤੋਂ ਔਖੀ ਬਾਤ ਸਮਝ ਜਾਂਦੇ ਨੇ, ਸਾਇੰਸ ਦੇ ਮਸਲੇ ਸਮਝ ਜਾਂਦੇ ਨੇ, ਥਿਊਰੀਆਂ ਸਮਝ ਜਾਂਦੇ ਨੇ, ਗਣਿਤ ਦੇ ਬੜੇ ਔਖੇ ਤੋਂ ਔਖੇ ਫਾਰਮੂਲੇ ਸਮਝ ਜਾਂਦੇ ਨੇ ਤੇ ਹੋਰ ਵੱਡੀਆਂ-ਵੱਡੀਆਂ ਔਖੀਆਂ ਗੱਲਾਂ ਸਮਝ ਜਾਂਦੇ ਨੇ। ਪਰ ਇੱਕ ਸੁਖਾਲੀ ਜਿਹੀ ਗੱਲ ਇਨ੍ਹਾਂ ਦੀ ਸਮਝ ਤੋਂ ਪਰ੍ਹੇ ਹੈ, ਜੇ ਸਮਝਦੇ ਨੇ ਤਾਂ ਉੱਤੇ-ਉੱਤੇ ਰਹਿੰਦਾ ਹੈ। ਅੰਦਰੋਂ ਨਹੀਂ ਸਮਝਦੇ। ਮੰਨਦੇ ਨਹੀਂ।

ਮੰਨ ਲਏਂਗੀ?

ਕਹਿੰਦੀ ਹਾਂ, ਇਹ ਕਿਹੜੀ ਗੱਲ ਕਰ ਦਿੱਤੀ, ਮੈਨੂੰ ਦਸ ਤਾਂ ਸਹੀ ਉਹ ਹੈ ਕਿੱਥੇ? ਮੈਂ ਮੰਨਦੀ ਹਾਂ, ਮੈਂ ਤੇਰਾ ਕਿਹਾ ਝੂਠਾ

ਨਹੀਂ ਮੰਨਦੀ। ਉਸ ਵੇਲੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਬੇਢੀ ਸਾਰੀਆਂ ਘਟਾਂ ਦੇ ਵਿੱਚ ਵਸਦਾ, ਹੋਇਕੇ ਅਧਾਰ ਪ੍ਰਾਣਾਂ ਦਾ।

ਰੀ ਬਾਈ ਬੇਢੀ ਦੇਨੁ ਨ ਜਾਈ ॥
ਦੇਖੁ ਬੇਢੀ ਰਹਿਓ ਸਮਾਈ ॥
ਹਮਾਰੈ ਬੇਢੀ ਪ੍ਰਾਨ ਅਧਾਰਾ ॥ ਅੰਗ- ੬੫੭

ਆਹ ਜਿਹੜਾ ਸਾਹ ਆਉਂਦਾ ਹੈ ਨਾ ਬਾਹਰ ਨੂੰ, ਜੇ ਉਹ ਨਾ ਚਾਹੇ ਤਾਂ ਉਹ ਬਾਹਰ ਹੀ ਰਹਿ ਜਾਂਦਾ ਹੈ। ਫੇਰ ਕੀ ਹੁੰਦਾ ਹੈ? ਕਹਿੰਦੇ ਫੇਰ ਬੰਦਾ ਮਰ ਜਾਂਦਾ ਹੈ। ਕਹਿੰਦੇ, ਓਹੀ ਜਿਹੜਾ ਅੰਦਰ ਨੂੰ ਸਾਹ ਵੀ ਓਹੀ ਚਲਾਉਂਦਾ ਹੈ, ਐਨਾ ਨੇੜੇ ਵਸਦਾ ਹੈ ਸਾਹ ਦੇ ਨਾਲ। ਕਹਿੰਦੇ, ਮੰਨਦੀ ਹੈਂ ਇਹ ਗੱਲ? ਕਹਿੰਦੀ, ਇਹ ਤਾਂ ਔਖੀ ਹੈ ਗੱਲ ਮੰਨਣੀ।

ਔਖੀ ਹੈ ਸਾਧਸੰਗਤ ਜੀ! ਇਹ ਗੱਲ ਮੰਨਣੀ। ਜੇ ਸਾਰਾ ਸੰਸਾਰ ਮੰਨ ਲਵੇ ਤਾਂ ਸਾਰੇ ਦੁਖ ਕਲੇਸ਼ ਦੂਰ ਹੋ ਜਾਣ। ਲੇਕਿਨ ਮੰਨਦਾ ਨਹੀਂ ਹੈ। ਨਹੀਂ ਮੰਨਦਾ ਗੁਰੂ ਦੀ ਗੱਲ। ਮੱਥੇ ਟੇਕੀ ਜਾਏਗਾ ਕਹੇਗਾ ਵੀ ਕਿ ਮੇਰੇ ਗੁਰੂ, ਗੁਰੂ ਗ੍ਰੰਥ ਸਾਹਿਬ ਨੇ, ਝਗੜਾ ਪਾ ਲਏਗਾ, ਸਿਰ ਪਾੜਨ ਨੂੰ ਜਾਏਗਾ ਦੂਸਰੇ ਦਾ। ਭਾਈ! ਗੁਰੂ ਦਾ ਬਚਨ ਵੀ ਕੀ ਮੰਨਦਾ ਹੁੰਦਾ ਹੈਂ? ਕਹਿੰਦਾ ਕਿਹੜਾ ਬਚਨ? ਗੁਰੂ ਕਹਿੰਦਾ ਹੈ -

ਘਟ ਘਟ ਮੈ ਹਰਿ ਜੂ ਬਸੈ
ਸੰਤਨ ਕਹਿਓ ਪੁਕਾਰਿ ॥ ਅੰਗ - ੧੪੨੭

ਕੀ ਤੂੰ ਮੰਨਦਾ ਹੈਂ ਕਿ ਹਰੇਕ ਘਟ 'ਚ ਵਾਹਿਗੁਰੂ ਹੈ?

ਕਹਿੰਦਾ ਇਹ ਤਾਂ ਗੱਲ ਔਖੀ ਹੈ?

ਸੋ ਕਹਿੰਦੇ ਬੀਬੀ, ਭੈਣ! ਦੁਨੀਆਂ ਮੰਨਦੀ ਨਹੀਂ ਹੈ। ਬਾਕੀ ਜਿਹੜੀ ਉਹ ਮਜੂਰੀ ਮੰਗਦਾ ਹੈ, ਕਹਿੰਦੇ ਉਹ ਕੋਈ ਦੇ ਨਹੀਂ ਸਕਦਾ। ਜਿਹੜੀ ਅਵਾਜ਼ ਨਾਲ ਉਹ ਬੋਲਦਾ ਹੈ, ਉਸ ਆਵਾਜ਼ ਨਾਲ ਕੋਈ ਉਸਨੂੰ ਬੁਲਾਉਂਦਾ ਹੀ ਨਹੀਂ। ਕਹਿੰਦੀ ਕੋਈ ਆਵਾਜ਼ ਖਾਸ ਹੈ ਜਿਹਦੇ ਨਾਲ ਉਹ ਬੋਲਦਾ ਹੈ? ਕਹਿੰਦੇ ਹਾਂ। ਪਰ ਉਹ ਸੁੱਕੀ ਅਵਾਜ਼ ਨਾਲ ਨਹੀਂ ਬੋਲਦਾ, ਪਿਆਰ ਨਾਲ ਭਿੱਜੀ ਹੋਈ ਆਵਾਜ਼ ਨਾਲ ਬੋਲਦਾ ਹੈ। ਤਰਲੇ ਦੀ ਭਰੀ ਹੋਈ ਆਵਾਜ਼, ਫੇਰ ਉਹ ਦਰਵਾਜ਼ਾ ਖੋਲ੍ਹ ਦਿਆ ਕਰਦਾ ਹੈ।

ਤੇ ਮੰਗਦਾ ਕੀ ਹੈ?

ਕਹਿੰਦੇ, ਪੈਸੇ ਟਕੇ ਤਾਂ ਉਹ ਸਾਰੇ ਸੰਸਾਰ ਨੂੰ ਦਿੰਦਾ ਹੈ।

ਜੋ ਮਾਗਹਿ ਠਾਕੁਰ ਅਪੁਨੇ ਤੇ
ਸੋਈ ਸੋਈ ਦੇਵੈ ॥ ਅੰਗ - ੬੮੧

ਉਹ ਜੇ ਮੰਗਦਾ ਹੈ ਤਾਂ ਇੱਕੋ ਹੀ ਚੀਜ਼ ਮੰਗਦਾ ਹੈ -

ਧਾਰਨਾ - ਮੰਗਦਾ ਹੈ ਬੇਢੀ ਪ੍ਰੀਤ ਦੀ ਮਜਦੂਰੀ।
ਬੇਢੀ ਪ੍ਰੀਤਿ ਮਜੂਰੀ ਮਾਂਗੈ
ਜਉ ਕੋਊ ਛਾਨਿ ਛਵਾਵੈ ਹੋ ॥ ਅੰਗ- ੬੫੭

ਕਹਿਣ ਲੱਗਿਆ, ਪਿਆਰ ਦੀ ਮਜਦੂਰੀ ਮੰਗਦਾ ਹੈ, ਕੀ ਹੈ ਤੇਰੇ ਕੋਲ। ਬਹੁਤ ਪਿਆਰ ਮੰਗਦਾ ਹੈ ਜਿਸ ਤਰ੍ਹਾਂ ਦੇ ਨਾਲ-

ਚੰਦ ਚਕੋਰ ਪਰੀਤ ਹੈ, ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।
ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।
ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।
ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥
ਭਾਈ ਗੁਰਦਾਸ ਜੀ, ਵਾਰ ੨੭/੪

ਐਨਾ ਪਿਆਰ ਹੋਵੇ ਤਾਂ ਉਹ ਆ ਜਾਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਬਾਈ! ਜੇ ਐਨਾ ਪਿਆਰ ਹੋਵੇ ਤਾਂ ਉਹ ਛਪਰੀ ਆਪੇ ਹੀ ਬੰਨ੍ਹ ਜਾਂਦਾ ਹੈ, ਫੇਰ ਉਹ ਲੈਂਦਾ ਕੁਛ ਨਹੀਂ। ਇੱਕ ਛੱਪਰ ਹੀ ਨਹੀਂ, ਸਾਰੇ ਹੀ ਕੰਮ ਕਰਦਾ ਫਿਰਦਾ ਹੈ। ਭਾਲਦਾ ਰਹਿੰਦਾ ਹੈ ਕਿ ਇਹ ਕਹੇ ਮੈਨੂੰ ਕੋਈ ਕੰਮ, ਜੇ ਨਾ ਵੀ ਕਹੋ ਤਾਂ ਵੀ ਕਰ ਦਿੰਦਾ ਹੈ -

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ
ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ-੬੩੮

ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਅੱਜ ਕਲਪਾਣੀ ਨਦੀ ਦੇ ਕਿਨਾਰੇ ਬੈਠੇ ਨੇ। ਅੰਮ੍ਰਿਤ ਵੇਲੇ ਤੋਂ ਸੁਰਤ ਉਪਰ ਚੜ੍ਹ ਗਈ, ਸਹਿਜ ਦੇ ਵਿੱਚ ਜਾ ਕੇ ਸਮੇਂ ਨੂੰ ਭੁੱਲ ਗਏ, ਫੁਰਨਾ ਨਾ ਕਰਿਆ, ਦੋ ਵੱਜ ਗਏ। ਦੁਪਹਿਰਾ ਢਲ ਗਿਆ, ਦੋ ਵਜੇ ਆਪ ਨੂੰ ਪਤਾ ਲੱਗਿਆ ਕਿ ਅੱਜ ਤਾਂ ਸਾਰਾ ਹੀ ਕੰਮ ਗਲਤ ਹੋ ਗਿਆ। ਡਿਊਟੀ ਜਿਹੜੀ ਸੀ ਉਹ ਵੀ ਗਲਤ ਹੋ ਗਈ। ਸ਼ਿਕਾਇਤ ਹੋ ਗਈ ਕਿ ਬਾਬਾ ਕਰਮ ਸਿੰਘ ਨਦੀ ਦੇ ਕਿਨਾਰੇ ਬੈਠਾ ਹੈ। ਜਿਹੜਾ ਕਮਾਂਡਰ ਸੀਗਾ ਉਹਨੇ ਕਿਹਾ ਹੈਂ, ਸਰਹੱਦੀ ਇਲਾਕਾ ਹੋਵੇ ਤੇ ਗਾਰਦ ਕਮਾਂਡਰ ਉਥੇ ਬੈਠਾ ਹੋਵੇ। ਕਹਿਣ ਲੱਗਿਆ, 'ਹਮ ਐਸੇ ਨਹੀਂ ਮਾਨਤਾ, ਹਮੇਂ ਸਹੀ ਬਾਤ ਬਤਾਓ।' ਕਹਿਣ ਲੱਗਿਆ ਕਿ ਮੇਰੇ ਨਾਲ ਚੱਲੋ ਮੈਂ ਦਿਖਾ ਦਿੰਦਾ ਹਾਂ। ਕਹਿੰਦਾ, ਔਹ ਬੈਠਾ ਹੈ, ਕਹਿੰਦਾ ਅੱਛਾ ਗਾਰਦ ਦਿਖਾਓ। ਗਾਰਦ 'ਚ ਗਏ ਤਾਂ ਉਨ੍ਹਾਂ ਨੇ ਸਲੂਟ ਕਰਿਆ ਆਪ, ਫਰਜੰਟੀ ਦਿੱਤੀ। ਸਭ ਅੱਛਾ ਬੋਲਿਆ, ਰਜਿਸਟਰ ਦਿਖਾਇਆ। ਕਹਿਣ ਲੱਗਿਆ, ਯੇ ਤੋ ਹੈਂ। ਉਹ ਕਹਿਣ ਲੱਗਿਆ, ਸਾਹਿਬ! ਉਹ ਤਾਂ ਉਥੇ ਬੈਠਾ ਹੈ। ਫੇਰ ਦੇਖਣ ਚਲਿਆ ਗਿਆ ਸਾਹਿਬ, ਦੇਖੇ ਤਾਂ ਉਥੇ ਬੈਠੇ ਨੇ, ਇਥੇ ਆਇਆ ਤਾਂ ਫੇਰ ਉਵੇਂ ਜਿਵੇਂ। ਹੈਰਾਨ ਹੋ ਗਿਆ। ਕਿਉਂਕਿ ਆਪ ਪ੍ਰਮੇਸ਼ਰ ਨੇ ਰੂਪ ਧਾਰ ਕੇ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ। ਇੱਕ ਮਹਾਂਪੁਰਸ਼ ਮੈਨੂੰ ਦਸਦੇ ਸੀ ਜਿਹੜੇ ਨਾਲ ਸੀ, ਕਹਿਣ ਲੱਗੇ, ਬਾਬਾ ਜੀ! ਤਾਂ ਉਥੇ ਬੈਠੇ ਸੀ, ਏਧਰ ਅਲਾਰਮ ਵੱਜ ਗਿਆ, ਕਿਉਂਕਿ ਖਬਰ ਆਈ ਕਿ ਫਲਾਣੀ ਟਿਕਟ ਜਿਹੜੀ ਹੈ ਉਹ ਸਰਹੱਦੀਆਂ ਨੇ ਲੈ ਲਈ, ਅਫਜ਼ਈਆਂ ਨੇ ਲੈ ਲਈ, ਪਠਾਣਾਂ ਨੇ ਕਬਜ਼ਾ ਕਰ ਲਿਆ ਤੇ ਉਸੇ ਵੇਲੇ ਸਾਰੀ ਫੌਜ ਕੋਤਾਂ ਵਿੱਚ ਚਲੀ ਗਈ, ਰਾਈਫਲਾਂ ਲੈਣ ਵਾਸਤੇ, ਕਹਿੰਦਾ ਅਸੀਂ ਹੈਰਾਨ ਹੋ ਗਏ, ਦੋ ਕੁ ਮਿੰਟਾਂ 'ਚ ਸਾਰਿਆਂ ਨੂੰ ਹੀ ਰਾਈਫਲਾਂ ਦੇ ਦਿੱਤੀਆਂ। ਕਹਿੰਦੇ, ਅਸੀਂ ਸੋਚੀ ਜਾਈਏ ਕਿ ਕਰਮ ਸਿੰਘ ਇੱਕ

ਹੈ ਕਿ ਸੌ ਹੈ। ਜਿਹੜੇ ਬੰਦੇ ਨੂੰ ਰਾਈਫਲ ਦਿੰਦਾ ਹੈ ਉਹ ਕਰਮ ਸਿੰਘ, ਜਿਹੜੇ ਨੂੰ ਦਿੰਦਾ ਹੈ ਕਰਮ ਸਿੰਘ। ਗੁਰਪਾਲ ਸਿੰਘ ਸੀਗਾ ਉਹਦਾ ਨਾਉਂ, ਕਹਿਣ ਲੱਗਿਆ ਅਸੀਂ ਹੈਰਾਨ ਹੋ ਗਏ। ਕਹਿੰਦਾ, ਮੇਰੀ ਉਸ ਵੇਲੇ ਦੋ ਸਾਲ ਦੀ ਸਰਵਿਸ ਸੀ ਤੇ ਸਾਹਿਬ ਨੇ ਹੁਕਮ ਦੇ ਦਿੱਤਾ ਕਿ ਵੈਲ ਕਰਮ ਸਿੰਘ! ਐਡਵਾਂਸ ਗਾਰਦ ਮੇਂ ਆਪ ਚਲੋ। ਕਹਿੰਦੇ, ਅੱਗੇ ਹੋ ਗਏ ਫੌਜ ਦੇ ਤੇ ਉਥੇ ਜਾ ਕੇ, ਅੱਗੇ-ਅੱਗੇ ਵਧਦੇ ਜਾਂਦੇ ਨੇ, ਉਨ੍ਹਾਂ ਨੇ ਬਗੈਰ ਕੋਈ ਗੋਲੀ ਚਲਾਉਣ ਤੋਂ ਟਿਕਟ ਲੈ ਲਈ ਤੇ ਪਠਾਣ ਨੱਠ ਗਏ ਤੇ ਸਾਹਿਬ ਜਿਹੜਾ ਸੀ ਸਾਡਾ ਕਮਾਂਡਿੰਗ ਅਫਸਰ ਉਹ ਕਹਿੰਦਾ ਬਹੁਤ ਵੱਡੀ ਫਤਹਿ ਹੋਈ ਹੈ, ਅੱਜ ਤਕ ਨਹੀਂ ਹੋਇਆ ਕਿ ਟਿਕਟ ਸੈਂਕੜੇ ਬੰਦੇ ਮਰਵਾਉਣ ਤੋਂ ਬਾਅਦ ਨਾ ਮਿਲੀ ਹੋਵੇ। ਆ ਕੇ ਐਲਾਨ ਕਰ ਦਿੱਤਾ ਕਿ ਅੱਜ ਬਾਬਾ ਕਰਮ ਸਿੰਘ ਨੂੰ ਸਪੈਸ਼ਲ ਪਰਮੋਸ਼ਨ ਮਿਲੇਗੀ। ਬਾਬਾ ਜੀ ਦੋ ਵਜੇ ਆਏ ਉਥੋਂ, ਮੁਬਾਰਕਾਂ ਦੇ ਰਹੇ ਨੇ ਰਸਤੇ 'ਚ, ਪਤਾ ਨਹੀਂ ਲਗਦਾ ਕਿ ਕਾਹਦੀਆਂ ਮੁਬਾਰਕਾਂ ਨੇ। ਸਿੱਧੇ ਸੂਬੇਦਾਰ ਮੈਨੇਜਰ ਕੋਲ ਆਏ, ਉਹ ਉਨ੍ਹਾਂ ਦਾ ਮਿੱਤਰ ਸੀ, ਭੇਤੀ ਸੀ, ਨਾਲ ਨਾਮ ਜਪਣ ਵਾਲਾ ਸੀ। ਕਹਿਣ ਲੱਗੇ, ਕੀ ਗੱਲ ਅੱਜ ਮੁਬਾਰਕਾਂ ਦਿੰਦੇ ਨੇ? ਉਹ ਕਹਿੰਦੇ, ਕੀ ਤੁਹਾਨੂੰ ਨਹੀਂ ਪਤਾ? ਕਹਿੰਦੇ, ਮੈਂ ਤਾਂ ਅੱਜ ਹੁਣੇ ਹੀ ਆ ਰਿਹਾ ਹਾਂ। ਕਹਿੰਦੇ, ਫੇਰ ਉਹ ਕੌਣ ਸੀਗਾ ਜਿਹਨੇ ਕੋਤਾਂ ਚੋਂ ਰਾਈਫਲਾਂ ਦਿੱਤੀਆਂ? ਉਹ ਕੌਣ ਸੀ ਜਿਹਨੇ ਐਡਵਾਂਸ ਗਾਰਦ 'ਚ ਜਾ ਕੇ ਟਿਕਟ ਖਾਲੀ ਕਰਾਈ? ਕਹਿੰਦੇ, ਮੈਂ ਤਾਂ ਨਹੀਂ ਸੀਗਾ, ਜੇ ਮੈਂ ਹੁੰਦਾ ਤਾਂ ਮੈਨੂੰ ਪਤਾ ਹੀ ਹੁੰਦਾ, ਐਨਾ ਤਾਂ ਨਹੀਂ ਮੈਂ ਬੇਸੁਰਤ। ਅੰਮ੍ਰਿਤ ਵੇਲੇ ਦਾ ਮੈਂ ਤਾਂ ਉਥੇ ਬੈਠਾ ਹਾਂ, ਮੇਰੀ ਤਾਂ ਹੁਣ ਸਮਾਧੀ ਖੁਲ੍ਹੀ ਹੈ ਤੇ ਮੈਂ ਆ ਗਿਆ। ਉਹ ਕਹਿੰਦਾ, ਠੀਕ ਹੈ ਮੈਨੂੰ ਪਤਾ ਲਗ ਗਿਆ ਕਿ ਕੌਣ ਸੀ ਉਹ। ਕਹਿੰਦੇ, ਅੱਜ ਚਾਰ ਵਜੇ ਤੁਹਾਨੂੰ ਅੱਜ ਦਫਤਰ ਬੁਲਾਇਆ ਹੈ, ਸਾਰੀ ਫੌਜ ਨੂੰ ਵੀ ਤੇ ਸਪੈਸ਼ਲ ਪਰਮੋਸ਼ਨ ਤੁਹਾਨੂੰ ਦੇਣੀ ਹੈ ਸਾਹਿਬ ਨੇ, ਉਹਨੇ ਐਲਾਨ ਕਰਨਾ ਹੈ ਉਥੇ। ਕਹਿੰਦੇ, ਠੀਕ ਹੈ। ਚਾਰ ਵਜੇ ਕਹਿਣ ਲੱਗਿਆ ਗੁਰਪਾਲ ਸਿੰਘ! ਅਸੀਂ ਸਾਰੇ ਦਫਤਰ ਦੇ ਕੋਲ ਚਲੇ ਗਏ। ਤੇ ਬਾਬਾ ਜੀ ਨੂੰ ਜਦ ਐਲਾਨ ਕਰਨ ਲੱਗੇ ਆਪ ਕਹਿੰਦੇ ਸਾਹਿਬ! ਮੈਂ ਹੁਣ ਤੁਹਾਡੀ ਨੌਕਰੀ ਨਹੀਂ ਕਰਨੀ। ਮੈਂ ਨੌਕਰੀ ਕਰਨੀ ਹੈ ਓਸ ਸੱਚੇ ਸਾਹਿਬ ਦੀ, ਜਿਹੜਾ ਮੇਰੀ ਥਾਂ 'ਤੇ ਇਥੇ ਕੰਮ ਕਰ ਗਿਆ। ਕਹਿੰਦਾ, ਵੈਲ ਕਰਮ ਸਿੰਘ! ਯੇ ਬਾਤ ਹਮਾਰੀ ਸਮਝ ਸੇ ਬਾਹਰ ਹੈ, ਕਿਆ ਬਾਤ ਹੈ? ਕਹਿਣ ਲੱਗੇ, ਸਾਹਿਬ! ਮੈਂ ਤਾਂ ਨਦੀ ਦੇ ਕੰਢੇ ਬੈਠਾ ਰਿਹਾ ਹਾਂ, ਇਥੇ ਮੇਰਾ ਪ੍ਰਭੂ ਪਿਆਰਾ, ਜਿਸਦਾ ਮੈਂ ਨਾਮ ਜਪਦਾ ਹਾਂ, ਉਹ ਮੇਰਾ ਰੂਪ ਧਾਰ ਕੇ ਸਭ ਕੁਛ ਕਰ ਗਿਆ, ਮੈਂ ਸੱਚ ਬੋਲਦਾ ਹਾਂ। ਕਹਿਣ ਲੱਗਿਆ, ਹਮ ਨਹੀਂ ਜਾਨੇ ਦੇਂਗੇ ਐਸੇ ਜਵਾਨ ਕੋ। ਜਿਸਕੀ ਪੀਠ ਪਰ ਖੁਦਾ ਹੋ, ਉਸ ਕੋ ਕੈਸੇ ਹਮ ਛੋੜ ਦੇਂ? ਕਹਿਣ ਲੱਗੇ ਕਿ ਉਹ ਤਾਂ ਛੁਡਾ ਦਿੱਤਾ ਸਾਹਿਬ! ਮੇਰਾ ਨਾਮ ਤੁਹਾਡੇ ਕਿਸੇ ਰਜਿਸਟਰ 'ਚ ਨਹੀਂ, ਸਭ ਕੱਟ ਦਿਤਾ। ਕਹਿੰਦਾ, ਲੋਗ ਰੋਲ ਮੰਗਾਓ। ਉਥੇ ਦੇਖਿਆ ਨੰਬਰ ਖਾਲੀ। ਪੇ ਰੋਲ ਮੰਗਾਓ। ਸਾਰੀ ਪੇ, ਸ਼ੀਟਾਂ ਜਿੰਨੀਆਂ ਕੱਢੀਆਂ, ਸ਼ੀਟ ਰੋਲ ਮੰਗਾਈ ਖਾਲੀ। ਕਹਿੰਦਾ, ਵੈਲ ਕਰਮ ਸਿੰਘ! ਤੁਮਾਰਾ ਖੁਦਾ ਸਚ ਹੀ ਤੁਮਾਰਾ ਕਾਮ ਕਰ ਗਿਆ, ਹਮਾਰੇ ਸੇ ਨਾਮ ਭੀ ਕਾਟ ਗਿਆ, ਪਰ ਏਕ ਬਾਤ ਹੈ, ਆਪ ਲੋਗ ਦੂਰ ਨਾ ਜਾਣਾ, ਆਪ ਕੇ ਲੀਏ ਹਮ ਮਕਾਨ ਬਣਾ ਦੇਂਗੇ। ਬਚਨ ਲੈ ਲਿਆ ਤੇ ਬਾਬਾ ਜੀ ਓਥੇ ਹੋਤੀ ਮਰਦਾਨ ਹੀ ਟਿਕ ਗਏ।

ਸੋ ਪ੍ਰਮੇਸ਼ਰ -

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ
ਇਹ ਰੀਤਿ ਭਲੀ ਭਗਵੰਤੈ ॥ ਅੰਗ- ੨੪੯

ਉਹ ਤਾਂ ਕੰਮ ਕਰਦਾ ਫਿਰਦਾ ਹੈ। ਪਰ ਉਹ ਮੰਗਦਾ ਕੀ ਹੈ, ਪਿਆਰ ਮੰਗਦਾ ਹੈ। ਪਿਆਰ ਦੇ ਵਿਚ ਵਸ ਹੋ ਜਾਂਦਾ ਹੈ, ਪਿਆਰ ਅਧੂਰਾ ਨਹੀਂ ਮੰਗਦਾ।

ਲੋਗ ਕੁਟੰਬ ਸਭਹੁ ਤੇ ਤੋਰੈ
ਤਉ ਆਪਨ ਬੇਢੀ ਆਵੈ ਹੋ ॥ ਅੰਗ - ੬੫੭

ਜੇ ਪਿਆਰ ਵਿਚੇ ਬੱਚਿਆਂ ਦਾ, ਵਿਚੇ ਹੋਵੇ ਘਰਦਿਆਂ ਦੇ ਪਿਆਰ, ਕਹਿੰਦੇ ਐਹੋ ਜਿਹਾ ਟੁਟਵਾਂ ਪਿਆਰ ਰੱਬ ਨਹੀਂ ਮੰਗਦਾ ਤੇ ਰੱਬ ਤਾਂ ਅਖੰਡ ਪਿਆਰ ਦੇ ਵਿੱਚ ਵਸ ਆਉਂਦਾ ਹੈ। 100% ਪਿਆਰ ਹੋਵੇ ਉਹਦੇ ਨਾਲ ਹੀ। ਉਹ ਫੇਰ ਵਸ ਆ ਜਾਂਦਾ ਹੈ, ਫੇਰ ਚਾਹੇ ਕੁਛ ਕਰਵਾਈ ਜਾਹ। ਕਬੀਰ ਦਾ ਯੱਗ ਕਰਦਾ ਰਿਹਾ, ਰਵਿਦਾਸ ਜੀ ਦੀਆਂ ਮੂਰਤੀਆਂ ਤਾਰਦਾ ਰਿਹਾ, ਧੰਨੇ ਦਾ ਜਾ ਕੇ ਕੰਮ ਕਰਿਆ ਖੇਤੀਬਾੜੀ ਦਾ ਤੇ ਸੈਣ ਨਾਈ ਦੀਆਂ ਜਾ ਕੇ ਬੁਤੀਆਂ ਕਰਦਾ ਰਿਹਾ, ਉਹਦੀ ਥਾਂ 'ਤੇ ਮੁੱਠੀ ਚਾਪੀ ਕਰਦਾ ਰਿਹਾ। ਇਸ ਕਰਕੇ ਪ੍ਰਮੇਸ਼ਰ ਜਿਹੜਾ ਹੈ ਉਹ ਪਿਆਰ ਦੇ ਵਸ ਵਿੱਚ ਹੈ। ਇਸ ਤਰ੍ਹਾਂ ਮਾਤਾ ਪੂਰੇ ਦਿਲ ਦੇ ਨਾਲ ਪਿਆਰ ਕਰਦੀ ਹੈ। ਉਹਨੂੰ ਸ਼ੱਕ ਨਹੀਂ ਹੈ, ੧% ਵੀ, ੧% ਦਾ ਜੇ ਸੌ ਅੱਗੇ ਹੋਰ ਬਣਾ ਲਈਏ, ਓਨਾਂ ਵੀ ਨਹੀਂ। ਉਹ ਕਹਿੰਦੀ, ਆਉਣਗੇ, ਮੇਰੇ ਗੁਰੂ ਸਾਹਿਬ। ਸ਼ਹਿਰ ਵਾਲੀ ਸੰਗਤ ਇਕੱਠੀ ਹੁੰਦੀ ਹੈ, ਮਾਤਾ! ਗੁਰੂ ਨਾਨਕ ਪਾਤਸ਼ਾਹ ਦੀ ਬਾਤ ਹੋਰ ਸੀ, ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਹੋਰ ਤਰ੍ਹਾਂ ਵਰਤਾਅ ਰਹੇ ਸੀ ਖੇਲ੍ਹ। ਉਥੇ ਮੱਕੇ ਯਾਦ ਕਰਿਆ, ਮੱਕੇ ਚਲੇ ਗਏ। ਲੰਕਾ 'ਚ ਯਾਦ ਕਰਿਆ, ਲੰਕਾ 'ਚ ਚਲੇ ਗਏ। ਹੁਣ ਗੁਰੂ ਮਹਾਰਾਜ ਓਸ ਤਰ੍ਹਾਂ ਨਹੀਂ ਕਰਦੇ, ਸਰੀਰਕ ਤੌਰ 'ਤੇ ਆਉਣਾ ਪੈਣਾ ਹੈ, ਫੌਜਾਂ ਨੇ ਉਨ੍ਹਾਂ ਦੇ ਨਾਲ। ਬੇਗਾਨੇ ਦੇਸ਼ 'ਚੋਂ ਲੰਘ ਕੇ ਆਉਣਾ ਹੈ, ਕਿੰਨੀਆਂ ਰੁਕਾਵਟਾਂ ਨੇ, ਦਰਿਆਵਾਂ 'ਤੇ ਪੁਲ ਨਹੀਂ ਬਣੇ ਹੋਏ। ਕਹਿੰਦੀ, ਉਹ ਤਾਂ ਆਪੇ ਹੀ ਆ ਜਾਣਗੇ। ਪੁੱਤਰ ਵੀ ਕਹਿ ਕੇ ਥੱਕ ਗਿਆ, ਸਾਰੇ ਕਹਿ ਕੇ ਥੱਕ ਗਏ, ਸੇਵਾ ਰਾਮ ਨੇ ਵੀ ਬਹੁਤ ਸਮਝਾਇਆ। ਰੋਜ਼ ਸਮਝਾਉਂਦਾ ਹੈ, ਕਹਿੰਦਾ ਕਿੰਨੇ ਦਿਨ ਹੋ ਗਏ ਤੈਨੂੰ, ਰੋਜ਼ ਪ੍ਰਸ਼ਾਦਾ ਬਣਾ ਕੇ ਰੱਖ ਲੈਂਦੀ ਹੈਂ, ਤੇ ਉਹ ਤਾਂ ਆਏ ਹੀ ਹਨ। ਮਾਂ ਜੀ! ਐਉਂ ਨਾ ਕਰੋ ਤੁਸੀਂ, ਅਸੀਂ ਕੋਈ ਪਾਲਕੀ ਬਣਾ ਲੈਂਦੇ ਹਾਂ ਤੁਹਾਡੇ ਵਾਸਤੇ ਤੇ ਅੰਮ੍ਰਿਤਸਰ ਲੈ ਚਲਦੇ ਹਾਂ, ਹੁਣ ਉਡਦੀ-ਉਡਦੀ ਗੱਲ ਆਈ ਹੈ ਆਪ ਗਵਾਲੀਅਰ ਦੇ ਕਿਲ੍ਹੇ 'ਚੋਂ ਦਰਬਾਰ ਸਾਹਿਬ ਪਹੁੰਚ ਚੁੱਕੇ ਨੇ। ਕਹਿਣ ਲੱਗੀ, ਇੱਥੇ ਆਉਣਗੇ ਉਹ। ਮੇਰਾ ਅੰਦਰਲਾ ਗਵਾਹੀ ਦਿੰਦਾ ਹੈ ਕਿ ਉਹ ਇੱਥੇ ਆਉਣਗੇ। ਕਹਿੰਦਾ, ਸੱਤ ਸੌ ਮੀਲ ਹੈ ਉਹ, ਐਨੀ ਦੂਰ ਕਿਵੇਂ ਆ ਜਾਣਗੇ। ਲੇਕਿਨ ਕਿਸੇ ਦੀ ਨਹੀਂ ਮੰਨੀ ਤੇ ਪਿਆਰ ਦੇ ਵਿੱਚ ਬਿਹਬਲ

ਹੋਈ ਹੋਈ ਐਸੀਆਂ ਅਰਦਾਸਾਂ ਕਰਦੀ ਰਹਿੰਦੀ ਹੈ -

ਧਾਰਨਾ - ਫੰਗ ਬਿਕਦੇ ਹੋਣ ਬਜ਼ਾਰੀ,
ਗੁਰਾਂ ਨੂੰ ਮੈਂ ਉਡ ਕੇ ਮਿਲਾਂ ਪਿਆਰਿਓ!

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥
ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥
ਅੰਗ - ੧੪੨੬

ਮਨ ਮੇਰੇ ਹਰਿ ਕੇ ਚਰਨ ਰਵੀਜੈ ॥
ਦਰਸ ਪਿਆਸ ਮੇਰੋ ਮਨੁ ਮੋਹਿਓ
ਹਰਿ ਪੰਖ ਲਗਾਇ ਮਿਲੀਜੈ ॥ ਅੰਗ - ੧੨੬੯

ਐਸੀਆਂ ਅਰਦਾਸਾਂ ਅੰਤਰ-ਆਤਮੇ ਗੁਰੂ ਵਲ ਭੇਜਦੀ ਹੈ। ਕੋਈ ਵੀ ਅਰਦਾਸ, ਕੋਈ ਸਿੱਕ, ਐਸਾ ਨਹੀਂ ਹੈ ਇਹ ਖਿਆਲ ਮਰਿਆ ਨਹੀਂ ਕਰਦਾ, ਹਮੇਸ਼ਾ ਜੀਉਂਦੀ ਚੀਜ਼ ਹੈ, ਇਹ travel ਕਰ ਜਾਂਦਾ ਹੈ, ਲੱਖਾਂ ਮੀਲ, ਕਰੋੜਾਂ ਮੀਲ, ਅਰਬਾਂ ਮੀਲ, ਪ੍ਰਮੇਸ਼ਰ ਨੂੰ ਖਿੱਚ ਲੈਂਦਾ ਹੈ ਇਹ, ਗੁਰੂ ਜੋਤੀਆਂ ਨੂੰ ਖਿੱਚ ਲੈਂਦਾ ਹੈ, ਇਹਦੇ ਵਿੱਚ ਬੜੀ ਸ਼ਕਤੀ ਹੈ, ਖਿਆਲ ਦੇ ਅੰਦਰ। ਕਿਉਂਕਿ ਖਿਆਲ ਤਾਂ ਏਧਰੋਂ ਉਠੇ ਦੂਜੇ ਪਾਸੇ ਉਸੇ ਵੇਲੇ ਓਦੋਂ ਹੀ ਜਾ ਪਹੁੰਚਦਾ ਹੈ। ਜਿਨ੍ਹਾਂ ਦੇ ਹਿਰਦੇ ਨਿਰਮਲ ਨੇ ਉਹ ਪਹਿਲਾਂ ਹੀ ਜਾਣ ਜਾਂਦੇ ਨੇ ਕਿ ਇਹਦੇ ਮਨ ਵਿੱਚ ਆ ਗੱਲ ਹੈ। ਕਈ ਮਹਾਤਮਾ ਤੋਂ ਡਰਦੇ ਰਹਿੰਦੇ ਨੇ ਘਰ ਵਿਚ ਬੈਠੇ ਵੀ ਕਿ ਜੇ ਖਿਆਲ ਗਲਤ ਹੋ ਗਿਆ, ਉਹਨੂੰ ਤਾਂ ਪਤਾ ਲਗ ਜਾਣਾ ਹੈ ਉਦੋਂ ਹੀ ਕਿ ਆਹ ਗੱਲ ਕਰ ਰਹੇ ਸੀ ਤੁਸੀਂ। ਐਸੀਆਂ ਪ੍ਰਤਿਆ-ਪ੍ਰਤਿਆ ਕੇ ਦੇਖੀਆਂ ਹੋਈਆਂ ਨੇ ਗੱਲਾਂ। ਓਧਰ ਗੱਲ ਜਾ ਪਹੁੰਚਿਆ ਕਰਦੀ ਹੈ ਓਸੇ ਵੇਲੇ।

ਇੱਕ ਵਾਰੀ ਇੱਕ ਰਾਜਾ ਸੀ, ਉਹ ਆਪਣੇ ਸ਼ਹਿਰ ਦੇ ਦਰਵਾਜ਼ੇ ਜਿਹੜੇ ਦੱਖਣ ਦਰਵਾਜ਼ੇ ਤੋਂ ਬਗੈਰ ਜਿਹੜੇ ਸੀ, ਬਾਕੀਆਂ 'ਚ ਸਾਰਾ ਵਕਤ ਲੰਘਦਾ ਰਹਿੰਦਾ, ਏਧਰ ਨਹੀਂ ਸੀ ਕਦੇ ਆਉਂਦਾ। ਵਜ਼ੀਰ ਨੂੰ ਕਹਿਣ ਲੱਗਿਆ ਕਿ ਦੱਖਣ ਦਰਵਾਜ਼ੇ ਵੱਲ ਮੈਂ ਜਾਣਾ ਹੈ, ਉਥੇ ਬਾਹਰ ਆਇਆ ਦਰਵਾਜ਼ੇ ਦੇ ਕੀ ਦੇਖਦਾ ਹੈ ਬਹੁਤ ਸੋਹਣਾ ਪਾਰਕ ਹੈ, ਫੁਹਾਰੇ ਚੱਲ ਰਹੇ ਨੇ, ਬਾਗ ਬਹੁਤ ਸੋਹਣਾ ਲੱਗਿਆ ਹੋਇਆ ਹੈ, ਕੋਠੀ ਕਮਾਲ ਦੀ ਬਣੀ ਹੋਈ ਹੈ ਤੇ ਬਗੀਚੇ ਜਿਹੜੇ ਨੇ ਉਹ ਬਹੁਤ ਸੁੰਦਰ ਘਾਹ ਦੇ ਨਾਲ ਸਜਾਏ ਹੋਏ, ਫੁੱਲਾਂ ਦੇ ਨਾਲ ਸਜਾਏ ਹੋਏ ਨੇ, ਰਾਜਾ ਇਹ ਦੇਖ ਕੇ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ ਆਹ ਕੋਠੀ ਢੁਹਾ ਦਿਓ, ਮੈਨੂੰ ਚੰਗੀ ਨਹੀਂ ਲਗਦੀ। ਵਜ਼ੀਰ ਬੜਾ ਸਿਆਣਾ ਸੀ, ਕਹਿਣ ਲੱਗਿਆ, ਅੱਜ ਕਿੰਨਿਆਂ ਸਾਲਾਂ ਬਾਅਦ ਆਇਆ ਹੈ ਫੇਰ ਪਤਾ ਨਹੀਂ ਕਦ ਆਵੇ ਕਿ ਕਦ ਨਾ ਆਵੇ ਇਹ। ਕੋਠੀ ਕਿੰਨੀ ਸੁੰਦਰ ਲਗਦੀ ਹੈ, ਸ਼ਹਿਰ ਸਜਦਾ ਹੈ ਇਹਦੇ ਨਾਲ। ਉਹਨੇ ਢੁਆਈ ਨਾ। ਦੋ ਮਹੀਨੇ ਬਾਅਦ ਫੇਰ ਆਇਆ, ਪਹਿਲੀ ਵਾਲੀ ਗੱਲ ਕਹੀ ਹੋਈ ਭੁੱਲ ਗਿਆ, ਕਹਿਣ ਲੱਗਿਆ, ਇਹ ਕੋਠੀ ਢਾਹ ਦੇਣੀ ਚਾਹੀਦੀ ਹੈ। ਉਹ ਕਹਿੰਦੇ, ਹਜ਼ੂਰ! ਢੁਹਾ ਦਿਆਂਗੇ। ਉਸ ਵੇਲੇ ਵਜ਼ੀਰ ਨੇ ਜਾ ਕੇ ਕੋਠੀ ਦੇ ਮਾਲਕ ਨੂੰ ਬੁਲਾਇਆ, ਬੁਲਾ ਕੇ ਦੱਸਿਆ ਕਿ ਤੇਰੀ ਕੋਠੀ ਢੁਹਾਉਣ ਦਾ ਹੁਕਮ ਹੋ ਚੁੱਕਿਆ ਹੈ, ਸੱਚੋਸੱਚ ਦੱਸ, ਤੇਰੇ ਖਿਆਲਾਂ ਦੇ ਵਿੱਚ ਰਾਜੇ ਦਾ ਬੁਰਾ ਤਾਂ ਨਹੀਂ ਚਿਤਵਿਆ ਜਾਂਦਾ, ਉਹ ਕਹਿੰਦਾ, ਵਜ਼ੀਰ ਸਾਹਿਬ! ਮੈਂ ਸੱਚ ਦਸਦਾ ਹਾਂ, ਮੇਰੇ ਖਿਆਲ ਦੇ ਅੰਦਰ ਰਾਜੇ ਦਾ ਬਹੁਤ ਬੁਰਾ ਚਿਤਵਿਆ ਜਾ ਰਿਹਾ ਹੈ।

ਕਹਿਣ ਲੱਗੇ, ਕੀ ਗੱਲ? ਕੋਈ ਦੁਸ਼ਮਣੀ ਹੈ?

ਕਹਿੰਦਾ, ਕੋਈ ਦੁਸ਼ਮਣੀ ਨਹੀਂ।

ਕਹਿੰਦੇ, ਕੀ ਰਾਜਾ ਮਾੜਾ ਹੈ?

ਕਹਿੰਦਾ, ਕੋਈ ਮਾੜਾ ਨਹੀਂ।

ਫੇਰ ਤੂੰ ਇਹ ਗੱਲ ਕਿਉਂ ਕਰਦਾ ਹੈਂ?

ਕਹਿਣ ਲੱਗਿਆ, ਮਹਾਰਾਜ! ਮੈਂ ਸਹੀ ਗੱਲ ਦਸ ਦਿੰਦਾ ਹਾਂ, ਮੈਂ ਮਲਿਆਗਰ ਪਰਬਤ 'ਤੇ ਗਿਆ ਤੇ ਉਥੋਂ ਚੰਦਨ ਦੇ ਲੱਕੜ ਖਰੀਦ ਲਏ। ਚੰਦਨ ਇਥੇ ਪਹੁੰਚ ਗਿਆ। ਚੰਦਨ ਜਿਹੜਾ ਹੈ ਜੇ ਰਾਜਾ ਕੋਈ ਮਰੇ, ਰਾਜੇ ਦੇ ਪਰਿਵਾਰ ਦਾ ਮਰੇ, ਤਾਂ ਉਹ ਚੰਦਨ ਦੀ ਚਿਖਾ ਹੁੰਦੀ ਹੈ, ਜਾਂ ਕੋਈ ਵੱਡਾ ਮਹਾਤਮਾ ਚੜ੍ਹਾਈ ਕਰੇ, ਉਹਦੇ ਵਾਸਤੇ ਹੁੰਦੀ ਹੈ ਤੇ ਮੈਨੂੰ ਸਾਲ ਹੋ ਗਿਆ, ਚੰਦਨ ਮੇਰਾ ਬੇਕਾਰ ਪਿਆ ਹੈ, ਮੇਰੇ ਮਨ ਵਿੱਚ ਆ ਜਾਂਦਾ ਹੈ ਕਿ ਬੜੇ ਪੈਸੇ ਬਣ ਜਾਣ, ਜੇ ਇਹ ਚੰਦਨ ਵਿਕੇ। ਵਿਕੇ ਤਾਂ ਜੇ ਰਾਜੇ ਦਾ ਕੋਈ ਮਰੇ ਜਾਂ ਰਾਜਾ ਮਰੇ।

ਵਜ਼ੀਰ ਜਾਣ ਗਿਆ, ਕਹਿਣ ਲੱਗਿਆ, ਕਿੰਨਾ ਚੰਦਨ ਹੈ ਤੇਰੇ ਕੋਲ?

ਕਹਿੰਦਾ, ਐਨਾ ਹੈ।

ਉਹ ਕਹਿੰਦਾ, ਮੈਨੂੰ ਦੇ ਦੇ, ਮੁੱਲ ਲੈ ਲਿਆ, ਸਰਕਾਰੀ ਖਰਚੇ 'ਤੇ।

ਲਿਆ ਕੇ ਉਹਨੇ ਸਟੋਰ 'ਚ ਜਮ੍ਹਾਂ ਕਰ ਦਿਤਾ।

ਰਾਜਾ ਫੇਰ ਗਿਆ ਦੋ ਕੁ ਮਹੀਨੇ ਬਾਅਦ। ਪਹਿਲਾਂ ਹੀ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਉਹ ਕੋਠੀ ਕਿਤੇ ਢੁਹਾ ਤਾਂ ਨਹੀਂ ਦਿੱਤੀ? ਕਹਿੰਦੇ, ਮਹਾਰਾਜ! ਹੁਕਮ ਤਾਂ ਦਿੱਤੇ ਹੋਏ ਨੇ, ਸਭ ਕੁਛ ਕਰਿਆ ਹੋਇਆ ਹੈ। ਸਿਰਫ ਇੱਕ ਮੌਕਾ ਦਿੱਤਾ ਹੋਇਆ ਹੈ ਉਸਨੂੰ। ਕਹਿੰਦੇ ਨਾ ਨਾ, ਉਹਦੇ ਨਾਲ ਤਾਂ ਸਾਰਾ ਸ਼ਹਿਰ ਸਜਦਾ ਹੈ, ਪਤਾ ਨਹੀਂ ਮੇਰੇ ਮਨ 'ਚ ਕਿਉਂ ਬਦੀ ਆਉਂਦੀ ਸੀ। ਉਥੇ ਗਿਆ ਤਾਂ ਪ੍ਰਸੰਸਾ ਕਰਦਾ ਹੈ ਕੋਠੀ ਦੀ ਕਿ ਇਹ ਤਾਂ ਹੈ ਹੀ ਬਹੁਤ ਕਮਾਲ ਦਰਜੇ ਸੀ ਬਣੀ ਹੋਈ ਹੈ। ਕਿੰਨੀ ਵਿਉਂਤ ਦੇ ਨਾਲ ਇਹ ਕੋਠੀ ਬਣੀ ਹੋਈ ਹੈ। ਗੱਲ ਵਿਚੋਂ ਕੀ ਸੀ ਇੱਕ ਖਿਆਲ ਚਲਦਾ ਸੀ, ਬੁਰਾ ਖਿਆਲ। ਉਹ ਬੁਰਾ ਖਿਆਲ ਤੁਰ ਕੇ ਰਾਜੇ ਦੇ ਦਿਲ ਵਿੱਚ ਆ ਕੇ ਬਦੀ ਪੈਦਾ ਕਰਦਾ ਸੀ, ਕਿਉਂਕਿ ਉਹ ਖਿਆਲ ਬਦੀ ਦਾ ਸੀ। ਇਸੇ ਤਰ੍ਹਾਂ ਦੇ ਜੇ ਸਾਡੇ ਹਿਰਦੇ 'ਚ ਗੁਰੂ ਵਾਸਤੇ ਪਿਆਰ ਦਾ ਖਿਆਲ ਚਲਦਾ ਹੈ ਤਾਂ ਗੁਰੂ ਦੇ ਹਿਰਦੇ 'ਚ ਪਿਆਰ ਦੀ ਟੁਣਕਾਰ ਮਾਰਦਾ ਹੈ। ਗੁਰੂ ਖਿੱਚ ਖਾਂਦਾ ਹੈ, ਮਹਾਤਮਾ ਦੇ ਬਾਰੇ ਬੁਰਾ ਖਿਆਲ ਕਰ

ਲਓ, ਮਹਾਤਮਾ ਨੂੰ ਉਦੋਂ ਹੀ ਪਤਾ ਲਗ ਜਾਂਦਾ ਹੈ ਕਿ ਫਲਾਣਾ ਬੰਦਾ ਬੁਰਾ ਚਿਤਵ ਰਿਹਾ ਹੈ। ਉਹ ਠੀਕ ਨਹੀਂ ਹੈ, ਉਹਦੇ ਵਲੋਂ ਸੁਗੰਧੀ ਦੀ ਰੌ ਨਹੀਂ ਆ ਰਹੀ।

ਸੋ ਇਸ ਤਰ੍ਹਾਂ ਦੇ ਨਾਲ ਇਹਦੇ ਮਨ ਦੇ ਜਿਹੜੇ ਤਰੰਗ ਨੇ, ਗੁਰੂ ਮਹਾਰਾਜ ਕੋਲ ਪਹੁੰਚਦੇ ਨੇ, ਬਹੁਤ ਹੀ ਜ਼ਿਆਦਾ ਦਰਦਨਾਕ, ਬਹੁਤ ਹੀ ਪਿਆਰ ਦੇ ਭਰੇ ਹੋਏ ਸੰਦੇਸ਼ੇ ਭੇਜਦੀ ਹੈ-

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥
ਅੰਗ - ੧੦੯੪

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥ ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥ ਅੰਗ - ੧੦੯੫

ਮੋਹਨ ਨੀਦ ਨ ਆਵੈ ਹਾਵੈ ਹਾਰ
ਕਜਰ ਬਸਤ੍ਰ ਅਭਰਨ ਕੀਨੇ ॥
ਉਡੀਨੀ ਉਡੀਨੀ ਉਡੀਨੀ ॥
ਕਬ ਘਰਿ ਆਵੈ ਰੀ ॥ ਅੰਗ - ੮੩੦

ਉਡੀਕ ਰਹੀ ਹਾਂ, ਉਡੀਕ ਰਹੀ ਹਾਂ, ਉਡੀਕ ਰਹੀ ਹਾਂ, ਕਦੋਂ ਤੁਸੀਂ ਦਰਸ਼ਨ ਦੀਦਾਰੇ ਦੇਵੋਂਗੇ। ਲੇਕਿਨ ਨਿੱਤ ਆਸ ਰਖਦੀ ਹੈ, ਹਰ ਵਕਤ ਆਸ ਰਖਦੀ ਹੈ ਕਿ ਹੁਣ ਆਏ-ਹੁਣ ਆਏ। ਉਹ ਤਾਂ ਸਮਰੱਥ ਨੇ, ਉਨ੍ਹਾਂ ਨੂੰ ਆਉਣਾ ਜਾਣਾ ਕੀ ਔਖਾ ਹੈ। ਪ੍ਰਸ਼ਾਦਾ ਤਿਆਰ ਕਰ ਲੈਂਦੀ ਹੈ ਤੇ ਰੱਖ ਲੈਂਦੀ ਹੈ ਕਿ ਹੁਣ ਆ ਕੇ ਛਕ ਲੈਣਗੇ। ਦੂਸਰਾ ਜਿਹੜਾ ਬਹੁਤ ਹੀ ਸੋਹਣਾ ਰੇਸ਼ਮ ਵਰਗਾ, ਰੂੰ ਕੱਤ-ਕੱਤ ਕੇ ਬਰੀਕ ਵਸਤਰ ਬਣਾਇਆ ਹੈ ਉਹ ਕੋਲ ਰੱਖ ਲੈਂਦੀ ਹੈ ਕਿ ਜਦੋਂ ਆਉਣਗੇ ਮੈਂ ਭੇਟਾ ਕਰਾਂਗੀ ਤੇ ਇਹ ਜਾਮਾ ਉਹ ਪਹਿਨਣਗੇ ਤੇ ਫੇਰ ਮੈਂ ਦੇਖਾਂਗੀ।

ਇਹ ਜੋ ਬਾਤ ਹੁੰਦੀ ਹੈ ਇਹਨੂੰ ਸਾਰੇ ਬੰਦੇ ਨਹੀਂ ਸਮਝ ਸਕਦੇ, ਸਿਰਫ ਓਹੀ ਸਮਝ ਸਕਦਾ ਹੈ ਜਿਸ ਨਾਲ ਕੋਈ ਵਾਪਰੀ ਹੋਵੇ -

ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ, ਕਿਸੇ ਦੀ ਲੱਗੀ ਕੌਣ ਜਾਣਦਾ।

ਲਾਗੀ ਹੋਇ ਸੁ ਜਾਨੈ ਪੀਰ ॥
ਰਾਮ ਭਗਤਿ ਅਨੀਆਲੇ ਤੀਰ ॥ ਅੰਗ- ੩੨੭

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥
ਕਉਣੁ ਜਾਣੈ ਪੀਰ ਪਰਾਈ ॥ ਅੰਗ - ੭੯੫

ਸੋ ਜਿਸਨੂੰ ਪਿਆਰ ਲਗ ਜਾਂਦਾ ਹੈ -

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ
ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ
ਜੀਐ ਤ ਬਉਰਾ ਹੋਇ॥ ਅੰਗ - ੧੩੬੮

ਐਸੀ ਅਵਸਥਾ ਹੋਈ ਕਿ ਉਧਰੋਂ ਕਾਲ ਆ ਜਾਂਦਾ ਹੈ, ਕਹਿੰਦੀ, ਮੈਂ ਨਹੀਂ ਜਾਣਾ, ਮੈਂ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਜਾਣਾ ਹੈ,

ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਅੰਗ - ੨੬੨

ਇਥੇ ਮੈਂ ਕਈ ਵਾਰੀ ਦੱਸਿਆ ਹੈ ਕਿ ਸਾਡੇ ਫਾਰਮ ਦੇ ਕੋਲ ਇਕ ਪਿੰਡ ਹੈ ਉਥੇ ਬੀਬੀ ਵਿਆਹੀ ਹੋਈ ਸੀ, ਉਹਦੀ ਛੋਟੀ ਭੈਣ ਸੀ ਗੁਰਮੀਤ, ਉਹ ਚੌਵੀ ਸਾਲ ਦੀ ਹੋ ਗਈ ਸੀ, ਆਪਣੇ ਪਿਤਾ ਨੂੰ ਕਹਿੰਦੀ ਸੀ ਕਿ ਮੈਨੂੰ ਵਿਆਹੀ ਨਾ, ਮੈਂ ਚੌਵੀ ਸਾਲ ਦੀ ਨੇ ਸੰਸਾਰ 'ਚੋਂ ਚਲੇ ਜਾਣਾ ਹੈ। ਉਹਦੀ ਗੱਲ ਕੋਈ ਨਹੀਂ ਸੀ ਮੰਨਦਾ, ਸਗੋਂ ਬਉਲੀ ਕਹਿੰਦੇ ਸੀ। ਕਈ ਵਾਰੀ ਉਹਨੇ ਉਥੇ ਬੈਠੀ ਨੇ ਕਹਿਣਾ ਕਿ ਮੈਂ ਭਾਅ ਜੀ ਦੇ ਦੀਵਾਨ ਦੇਖ ਰਹੀ ਹਾਂ ਲੱਗੇ ਹੋਏ। ਉਨ੍ਹਾਂ ਨੇ ਇਹੀ ਸਮਝਣਾ ਕਿ ਝੱਲੀਆਂ ਗੱਲਾਂ ਮਾਰਦੀ ਹੈ। ਇੱਕ ਵਾਰੀ ਦੀਵਾਨ 'ਚ ਆ ਗਈ, ਕਹਿੰਦੀ ਮੈਂ ਕੀਰਤਨ ਕਰ ਸਕਦੀ ਹਾਂ। ਕਹਿੰਦੇ ਤੂੰ ਵਾਜਾ ਤਾਂ ਸਿੱਖਿਆ ਹੀ ਨਹੀਂ? ਕਹਿੰਦੀ, ਮੈਨੂੰ ਸਭ ਕੁਛ ਆਉਂਦਾ ਹੈ।

ਉਹ ਆਪਣੇ ਪਿਤਾ ਨੂੰ ਕਹਿਣ ਲੱਗੀ ਕਿ ਅੱਜ ਜਾਈਂ ਨਾ ਮੈਂ ਬਾਰ੍ਹਾਂ ਵਜੇ ਜਾਣਾ ਹੈ। ਕਹਿੰਦਾ, ਤੈਨੂੰ ਤਾਂ ਕਹਿੰਦੀ ਨੂੰ ਮੁਦਤਾਂ ਬੀਤ ਗਈਆਂ ਮੀਤੋ। ਮੈਂ ਆਪਣਾ ਕੰਮ ਵੀ ਕੀ ਰੋਕ ਲਵਾਂ? ਮੈਂ ਜਾ ਕੇ ਖਾਦ ਲਿਆਉਣੀ ਹੈ ਰਾਜਪੁਰੇ ਤੋਂ। ਕਣਕ ਪਾ ਲਈ ਉਹਨੇ, ਧਾਨਾਂ ਦੇ ਲਈ ਖਾਦ ਲੈਣ ਵਾਸਤੇ ਚਲਿਆ ਗਿਆ ਕਿ ਕਣਕ ਵੇਚ ਕੇ ਖਾਦ ਲਿਆਵਾਂਗਾ। ਇਧਰ ਇਹਨੇ ਮਾਂ ਨੂੰ ਰਾਤ ਨੂੰ ਸਾਰਾ ਕੁਛ ਸਮਝਾ ਦਿੱਤਾ। ਕੰਧਾਂ ਦੇ ਨਾਲ ਮੂੰਹ ਕਰਕੇ ਰਹਿਰਾਸ ਪੜ੍ਹੇ। ਮਾਂ ਨੇ ਕਿਹਾ, ਤੂੰ ਕਿਉਂ ਕਰਦੀ ਹੈਂ? ਕਹਿੰਦੀ, ਮੈਂ ਕੰਧਾਂ ਪਵਿੱਤਰ ਕਰ ਰਹੀ ਹਾਂ ਮਾਤਾ। ਤੂੰ ਤਾਂ ਪਾਠ ਕਰਨਾ ਨਹੀਂ ਮਗਰੋਂ। ਚਾਬੀਆਂ ਦੇ ਦਿੱਤੀਆਂ, ਨਾਲ ਕੜਾਹੀ ਕੱਢ ਲਈ, ਰਸਦ ਤੋਲ ਲਈ, ਕਹਿੰਦੀ ਫੇਰ ਆਹ ਦੇਗ ਬਣਾ ਲੈਣੀ ਹੈ ਮੇਰੇ ਬਾਅਦ 'ਚ। ਚੀਜ਼ਾਂ ਸੰਭਾਲ ਦਿੱਤੀਆਂ ਮਾਂ ਨੂੰ। ਮਾਂ ਨੇ ਕਿਹਾ ਕਿ ਮੀਤੋ! ਤੂੰ ਸੱਚੀ ਜਾਣਾ ਹੈਂ ਕੱਲ੍ਹ ਨੂੰ? ਕਹਿੰਦੀ ਹਾਂ, ਮੈਂ ਕੱਲ੍ਹ ਨੂੰ ਬਾਰ੍ਹਾਂ ਵਜੇ ਚਲੀ ਜਾਣਾ ਹੈ। ਪਿਤਾ ਨੂੰ ਰੋਕਿਆ ਪਿਤਾ ਰੁਕਿਆ ਨਾ। ਜਦੋਂ ਬਾਰ੍ਹਾਂ ਵੱਜੇ, ਉਸ ਵੇਲੇ ਪਲੰਘ ਵਿਛਾਇਆ ਹੋਇਆ ਹੈ ਇਸਨੇ। ਪਿੰਡ ਇਕੱਠਾ ਹੋ ਗਿਆ ਸਾਰਾ, ਕਹਿਣ ਲੱਗੀ ਮੈਨੂੰ ਇੱਕ ਉਲਟੀ ਆਉਣੀ ਹੈ ਜਦ ਮੈਂ ਜਾਣਾ ਹੈ। ਹੋਰ ਮੈਨੂੰ ਕੁਛ ਨਹੀਂ ਹੋਣਾ ਮੈਂ ਆਰਾਮ ਨਾਲ ਚਲੀ ਜਾਣਾ ਹੈ। ਉਸ ਤੋਂ ਪਹਿਲਾਂ ਅਖੰਡਪਾਠ ਕਰਕੇ ਆਈ ਸਾਧੂਗੜ੍ਹ, ਉਥੇ ਸੰਤਾਂ ਨੂੰ ਕਹਿੰਦੀ ਕਿ ਤੁਸੀਂ ਕੀਰਤਨ ਸੋਹਿਲਾ ਪੜ੍ਹਿਓ ਤੇ ਮੈਂ ਹੁਣ ਜਾ ਕੇ ਅੰਮ੍ਰਿਤ ਦੁਬਾਰਾ ਛਕ ਕੇ ਆਉਂਦੀ ਹਾਂ, ਕੋਈ ਗਲਤੀ ਨਾ ਹੋ ਗਈ ਹੋਵੇ, ਮੈਂ ਜਾਣਾ ਹੈ ਦਰਗਾਹ ਨੂੰ। ਕਹਿੰਦੀ, ਬਾਬਾ ਜੀ! ਤੁਸੀਂ ਜਦੋਂ ਕੀਰਤਨ ਸੋਹਿਲਾ ਪੜ੍ਹਨਾ ਹੈ ਨਾ, ਤਿੰਨ ਵਾਰੀ ਤੁਸੀਂ ਪੜ੍ਹੋਂਗੇ, ਦੋ ਵਾਰੀ ਤੁਹਾਡੇ ਤੋਂ ਗਲਤ ਹੋ ਜਾਣਾ ਹੈ। ਕਹਿੰਦੀ, ਸ਼ੁਧ ਪੜ੍ਹਿਓ ਬਿਲਕੁਲ ਹੀ। ਕਿਉਂਕਿ ਜੀਵ ਦੀ ਸਹਾਇਤਾ ਕਰਦਾ ਹੈ ਅੰਤ ਦੇ ਸਮੇਂ ਕੀਰਤਨ ਸੋਹਿਲਾ। ਉਸ ਵੇਲੇ ਸਾਰਾ ਪਿੰਡ ਇਕੱਠਾ ਹੋ ਗਿਆ, ਬੈਠੇ ਨੇ ਕਿ ਮੀਤੋ ਨੇ ਬਾਰ੍ਹਾਂ ਵਜੇ ਜਾਣਾ ਹੈ। ਜੈਕਾਰੇ ਬੁਲਾਉਣ ਲਗ ਗਈ ਬਾਰ੍ਹਾਂ ਵਜੇ। ਬੋਲੇ ਸੋ ਨਿਹਾਲ-ਬੋਲੇ ਸੋ ਨਿਹਾਲ। ਉਹ ਆ ਗਏ, ਕਹਿੰਦੀ ਬਾਬਾ ਜੀ! ਪਲੰਘ 'ਤੇ ਬਹਿ

ਜਾਓ। ਕਹਿੰਦੇ ਜਾਣਾ ਹੈ। ਕਹਿੰਦੀ, ਮੈਂ ਨਹੀਂ ਅਜੇ ਜਾਣਾ, ਮੇਰੇ ਪਿਤਾ ਜੀ ਨੇ ਅਜੇ ਆਉਣਾ ਹੈ, ਉਹਨੂੰ ਮਿਲ ਕੇ ਜਾਊਂਗੀ, ਤੁਹਾਨੂੰ ਖੇਚਲ ਤਾਂ ਜ਼ਰੂਰ ਹੋਈ ਹੈ, ਤੁਸੀਂ ਦੁਬਾਰਾ ਆ ਜਾਇਓ। ਐਧਰਲੀ ਗੱਲ ਤਾਂ ਸੁਣਦੀ ਹੈ, ਓਧਰਲੀ ਨਹੀਂ ਸੁਣਦੀ। ਅਖੀਰ ਉਨ੍ਹਾਂ ਨੇ ਕਿਹਾ ਕਿ ਚੰਗਾ ਬੇਟਾ! ਅਸੀਂ ਫੇਰ ਦੱਸ ਵਜੇ ਆਵਾਂਗੇ ਰਾਤ ਦੇ। ਏਧਰੋਂ ਇਹਦਾ ਪਿਤਾ ਆ ਗਿਆ, ਪਿਤਾ ਆਇਆ ਤਾਂ ਕਹਿਣ ਲੱਗਿਆ, ਕੀ ਹਾਲ ਹੈ? ਕਹਿੰਦੀ ਮੈਂ ਤੁਹਾਡਾ ਇੰਤਜ਼ਾਰ ਕਰਦੀ ਹਾਂ, ੧੨ ਵਜੇ ਬਾਬਾ ਜੀ ਆਏ ਸੀ ਲੈਣ, ਤੁਸੀਂ ਚਲੇ ਗਏ, ਹੁਣ ਦੱਸ ਵਜੇ ਆਉਣਗੇ। ਸਾਰਾ ਪਿੰਡ ਫੇਰ ਇਕੱਠਾ ਹੋ ਗਿਆ। ਕਹਿਣ ਲੱਗੀ, ਹੁਣ ਮੈਨੂੰ ਉਲਟੀ ਆਉਣੀ ਹੈ, ਉਲਟੀ ਆ ਗਈ, ਆਪੇ ਹੀ ਚੁੱਕ ਕੇ ਸੁੱਟ ਆਈ ਬਾਹਰ। ਸਫ 'ਤੇ ਬਹਿ ਗਈ, ਕਹਿੰਦੀ ਲਓ ਬਾਬਾ ਜੀ ਆ ਗਏ, ਇਕੱਲੇ ਆਏ ਨੇ। ਕਹਿੰਦੇ ਬਾਕੀ ਸਿੰਘ? ਕਹਿੰਦੀ ਉਹ ਬਾਹਰ ਖੜ੍ਹੇ ਨੇ, ਕਹਿੰਦੇ ਨੇ ਕਿ ਚੱਲੋ ਆਪਾਂ ਚੱਲੀਏ। ਕਹਿੰਦੀ, ਚੰਗਾ ਮੈਂ ਹੁਣ ਜਾਨੀ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਲੰਮੀ ਪੈ ਗਈ ਤੇ ਸਵਾਸ ਨਿਕਲ ਗਏ।

ਇਕ ਲੜਕੀ, ਆਮ ਸਾਧਾਰਨ। ਪ੍ਰਭੂ ਦਾ ਨਾਮ ਜਪਦੀ ਸੀ। ਮਹਾਰਾਜ ਕਹਿੰਦੇ -

ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਅੰਗ-੨੬੨

ਕਾਲ ਨੂੰ ਰੋਕ ਦਿੰਦਾ ਹੈ ਪ੍ਰਮੇਸ਼ਰ ਦਾ ਨਾਮ ਲੈਣ ਵਾਲਾ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਦੋ ਮਹੀਨੇ, ਦੋ ਸਾਲ, ਦੋ ਦਿਨ; ਕਾਲ ਨੂੰ ਰੋਕ ਦਿਤਾ ਕਿ ਦੋ ਸਾਲ, ਦੋ ਮਹੀਨੇ, ਦੋ ਦਿਨ ਬਾਅਦ ਆਈਂ, ਪਰ ਅਸੀਂ ਮਰਿਆਦਾ ਭੰਗ ਨਹੀਂ ਕਰਦੇ। ਸਾਡੀ ਥਾਂ 'ਤੇ ਸੰਤ ਲਾਲ ਸਿੰਘ ਜੀ ਜਾਣਗੇ ਹੁਣ। ਇਨ੍ਹਾਂ ਦੀ ਥਾਂ 'ਤੇ ਮੈਂ ਜਾਵਾਂਗਾ। ਕਿਉਂਕਿ ਸੰਗਤ ਬਹੁਤ ਜ਼ਿਆਦਾ ਮਗਰ ਪਈ ਹੋਈ ਹੈ, ਬਿਰਹਾ ਕਰਦੀ ਹੈ, ਪਿਆਰ ਕਰਦੀ ਹੈ, ਐਸ ਹਾਲਤ 'ਚ ਅਸੀਂ ਸੰਗਤ ਨੂੰ ਛੱਡ ਕੇ ਨਹੀਂ ਜਾ ਸਕਦੇ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਐਸਾ ਫੁਰਮਾਨ ਕਰਿਆ ਹੈ -

ਧਾਰਨਾ- ਆਵੈ ਜਾਏ ਨਿਸੰਗ
ਗੁਰਮੁਖ ਪਿਆਰਾ-ਗੁਰਮੁਖ ਪਿਆਰਾ।
ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ- ੯੩੨

ਕਹਿਣ ਲੱਗੀ, ਮੈਂ ਅਜੇ ਨਹੀਂ ਜਾਣਾ, ਮੇਰੇ ਸਤਿਗੁਰੂ ਜੀ ਨੇ ਆਉਣਾ ਹੈ, ਦਰਸ਼ਨ ਕਰਕੇ ਆਵਾਂਗੀ। ਦੇਵਤਿਆਂ ਨੂੰ ਪਤਾ ਲੱਗਿਆ ਕਿ ਕੋਈ ਐਸਾ ਵੀ ਆ ਗਿਆ ਜਿਹਨੇ ਕਾਲ ਨੂੰ ਮੋੜ ਦਿਤਾ। ਉਸ ਵੇਲੇ ਇੰਦਰ ਦੇਵਤਾ ਆਉਂਦਾ ਹੈ ਕਿ ਮੇਰੇ ਲੋਕ ਵਿੱਚ, ਐਸ ਲੋਕ ਨਾਲੋਂ ਦੱਸ ਅਰਬ ਗੁਣਾਂ ਜ਼ਿਆਦਾ ਸੁਖ ਹੈ ਚੱਲ ਤੈਨੂੰ ਮੈਂ ਆਪਣੇ ਦੇਸ਼ ਵਿੱਚ ਵਾਸਾ ਦਿੰਦਾ ਹਾਂ, ਕਿਉਂਕਿ ਤੇਰਾ ਸਿਦਕ ਬਹੁਤ ਪੱਕਾ ਹੈ। ਕਹਿੰਦੀ ਨਾ, ਮੈਨੂੰ ਸੁਰਗ ਦੀ ਲੋੜ ਨਹੀਂ ਹੈ। ਬ੍ਰਹਮ ਦੇਵ ਦੇ ਦੇਵਤੇ ਆਉਂਦੇ ਨੇ, ਕਰਮਦੇਵ, ਅਜਾਨ ਦੇਵ ਲੋਕ ਦੇ ਦੇਵਤੇ ਆਉਂਦੇ ਨੇ, ਅਖੀਰ ਵਿਸ਼ਨੂੰ ਭਗਵਾਨ ਬੈਕੁੰਠ ਧਾਮ ਵਾਲੇ ਆਏ, ਕਹਿਣ ਲੱਗੇ, ਮਾਤਾ! ਤੇਰੀ ਭਗਤੀ ਤੋਂ ਅਸੀਂ ਬਹੁਤ ਪ੍ਰਸੰਨ ਹਾਂ ਤੇ ਤੈਨੂੰ ਬੈਕੁੰਠ ਧਾਮ ਵਿੱਚ ਲੈ ਕੇ ਜਾਣ ਲਈ ਆਇਆ ਹਾਂ।

ਜਦੋਂ ਕੋਈ ਬੱਚਾ ਫਸਟ ਆ ਜਾਵੇ। ਜਦੋਂ ਮੈਂ ਅਮਰੀਕਾ ਗਿਆ ਹੋਇਆ ਸੀ ਉਥੇ ਇੱਕ ਅੱਠਵੀਂ ਜਮਾਤ ਦਾ ਮੁੰਡਾ ਸੀ ਸਪੈਲਿੰਗ 'ਚ ਫਸਟ ਆ ਗਿਆ, ਇੰਡੀਅਨ ਸੀ, ਸਾਰੀਆਂ ਯੂਨੀਵਰਸਿਟੀਆਂ ਦੀਆਂ ਚਿੱਠੀਆਂ ਆ ਗਈਆਂ, ਬੰਦੇ ਆ ਗਏ ਕਿ ਤੈਨੂੰ ਅਸੀਂ ਫਰੀ ਪੜ੍ਹਾਵਾਂਗੇ, ਤੂੰ ਸਾਡੀ ਯੂਨੀਵਰਸਿਟੀ 'ਚ ਆ ਜਾ। ਸੋ ਏਸੇ ਤਰ੍ਹਾਂ ਦੇਵਤੇ ਜਿਹੜੇ ਨੇ, ਇਹ ਵੀ ਆ ਕੇ ਕਹਿੰਦੇ ਨੇ ਕਿ ਮੇਰੇ ਲੋਕ 'ਚ ਆ ਜਾ, ਮੇਰੇ 'ਚ ਆ ਜਾ। ਮਾਤਾ ਕਹਿਣ ਲੱਗੀ, ਨਾ ਮੈਨੂੰ ਬੈਕੁੰਠ ਦੀ ਲੋੜ ਨਹੀਂ। ਜਿੰਨਾਂ ਚਿਰ ਬੈਕੁੰਠ ਦੀ ਆਸ ਕੋਈ ਕੰਮ ਨਹੀਂ ਬਣਿਆ ਕਰਦਾ।

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ
ਨਿਤਿ ਆਸਾ ਆਸ ਕਰੀਜੈ ॥
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ
ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥
ਅੰਗ - ੧੩੨੪

ਉਹ ਤਾਂ ਮੁਕਤੀ ਵੀ ਨਹੀਂ ਮੰਗਦੇ -

ਧਾਰਨਾ - ਮੁਕਤੀ ਵੀ ਮੰਗਦੇ ਨਾ,
ਦਰਸ਼ਨ ਦੇ ਪ੍ਰੇਮੀ ਜਿਹੜੇ।

ਮੁਕਤੀ ਨੂੰ ਵੀ ਛੱਡ ਦਿੰਦੇ ਨੇ, ਕਿਉਂਕਿ ਜਿਹੜੇ ਦਰਸ਼ਨਾਂ ਦੇ ਪ੍ਰੇਮੀ ਨੇ ਉਹ ਦਰਸ਼ਨਾਂ ਤੋਂ ਬਗੈਰ ਜੀਉਂਦੇ ਨਹੀਂ ਰਹਿ ਸਕਦੇ। ਐਸੀ ਜਦ ਹਾਲਤ ਹੋਈ, ਗੁਰੂ ਮਹਾਰਾਜ ਤੇਜ਼-ਤੇਜ਼ ਚਲਦੇ ਹੋਏ, ਬੜੇ ਲੰਮੇ-ਲੰਮੇ ਕੈਂਪ ਲਾਉਂਦੇ ਹੋਏ, ਅੱਜ ਸ੍ਰੀ ਨਗਰ ਪਹੁੰਚ ਜਾਂਦੇ ਨੇ, ਦਰਿਆ ਭਰੇ ਹੋਏ ਨੇ, ਬੜੀ ਮੁਸ਼ਕਲ ਦੇ ਨਾਲ ਦਰਿਆਵਾਂ 'ਚੋਂ ਲੰਘਦੇ ਨੇ, ਪਰ ਇੱਕ ਪਾਸੇ ਪਿਆਰ ਐਨਾ ਤਕੜਾ ਹੈ ਕਿ ਖਿੱਚੀਂ ਤੁਰਿਆ ਜਾ ਰਿਹਾ ਹੈ। ਬੰਨੇ ਹੋਏ ਪਿਆਰ ਦੇ ਆਪ ਆ ਰਹੇ ਨੇ -

ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ
ਆਉਂਦੇ,ਬੰਨ੍ਹੇ ਹੋਏ ਸੱਚੇ ਪਿਆਰ ਦੇ।

ਅਪੁਨੇ ਸੇਵਕ ਕੀ ਆਪੇ ਰਾਖੈ
ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥ ਅੰਗ - ੪੦੩

ਸੌ ਸਾਥੀ ਨਾਲ ਨੇ ਮਹਾਰਾਜ ਜੀ ਦੇ। ਸਾਰੇ ਉਥੇ ਆਗਤ-ਭਾਗਤ 'ਚ ਲੱਗੇ ਹੋਏ। ਗੁਰੂ ਮਹਾਰਾਜ ਜੀ ਇੱਕ ਪਾਸੇ ਨੂੰ ਘੋੜੇ 'ਤੇ ਸਵਾਰ ਹੋ ਕੇ ਨਿਕਲ ਗਏ। ਪਹੁੰਚੇ ਕਿੱਥੇ? ਕਾਠੀ ਦਰਵਾਜ਼ੇ, ਮਾਤਾ ਦੇ ਘਰ ਪਹੁੰਚ ਗਏ। ਅੱਗੇ ਮਾਤਾ ਨੇ ਥੜ੍ਹੇ ਵਲ ਮੂੰਹ ਕਰਿਆ ਹੋਇਆ ਤੇ ਪ੍ਰਸ਼ਾਦਾ ਤਾਜ਼ਾ ਲਾਹ ਕੇ ਰੱਖਿਆ ਹੋਇਆ ਹੈ। ਬੇਨਤੀਆਂ ਕਰਦੀਆਂ ਹੈ ਕਿ ਹੇ ਪਾਤਸ਼ਾਹ! ਆਪ ਕ੍ਰਿਪਾ ਕਰੋ-

ਧਾਰਨਾ - ਲਾ ਦਿਓ ਭੋਗ ਹਰਿਰਾਇਆ
ਹੁਣ ਲਾ ਦਿਓ ਭੋਗ ਹਰਿਰਾਇਆ।

ਐਸੀ ਅਰਦਾਸ ਹਿਰਦੇ 'ਚ ਚੱਲ ਰਹੀ ਹੈ ਕਿ ਹੇ ਪ੍ਰਭੂ!

ਆਪ ਕ੍ਰਿਪਾ ਕਰੋ ਤੇ ਦਰਸ਼ਨ ਦੇਵੋ ਤੇ ਹੁਣ ਤੁਸੀਂ ਪ੍ਰਸ਼ਾਦ ਤਿਆਰ ਹੈ, ਛਕੋ ਆ ਕੇ। ਮਹਾਰਾਜ ਜੀ ਘੋੜੇ ਤੋਂ ਮਲਕੜੇ ਉਤਰੇ ਤੇ ਜਾ ਕੇ ਉਸ ਥੜ੍ਹੇ 'ਤੇ ਬੈਠ ਜਾਂਦੇ ਨੇ, ਥਾਲ ਦੇ ਉਤੋਂ ਰੁਮਾਲਾ ਚੁੱਕਿਆ ਤੇ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਥੋੜ੍ਹੀ ਦੇਰ ਤੋਂ ਬਾਅਦ ਮਾਤਾ ਨੇ ਨੇਤਰ ਖੋਲ੍ਹੇ। ਜਿਹੜਾ ਸਰੂਪ ਉਸਨੇ ਅੰਦਰ ਵਸਾਇਆ ਹੋਇਆ ਸੀ, ਕੀ ਦੇਖਦੀ ਹੈ ਓਹੀ ਸਰੂਪ, ਮੀਰੀ ਪੀਰੀ ਦਾ ਮਾਲਕ, ਪੂਰੇ ਸਸ਼ਤਰ ਲੱਗੇ ਹੋਏ, ਜਿਰਾ ਕਲਗੀ ਲੱਗੀ ਹੋਈ ਤੇ ਅੱਜ ਪ੍ਰਸ਼ਾਦਾ ਛਕ ਰਹੇ ਨੇ। ਦਰਸ਼ਨ ਦੀ ਝਲਕ ਸਹਿ ਨਾ ਸਕੀ। ਸਭ ਕੁਛ ਭੁੱਲ ਗਿਆ। ਐਸ ਤਰ੍ਹਾਂ ਨਾਲ ਦਸਦੇ ਨੇ –

ਧਾਰਨਾ – ਜਦੋਂ ਦਰਸ ਗੁਰਾਂ ਦਾ ਕੀਤਾ
ਸੁੱਧ ਬੁੱਧ ਦੋਵੇਂ ਭੁੱਲੀਆਂ।
ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ।
ਸੁਰਤਿ ਮੈਂ ਨ ਸੁਰਤਿ ਅਉ
ਧਯਾਨ ਮੈਂ ਨ ਧਯਾਨ ਰਹਯੋ।
ਗਯਾਨ ਮੈਂ ਨ ਗਯਾਨ ਰਹਯੋ
ਗਤਿ ਮੈਂ ਨ ਗਤਿ ਹੈ।
ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ।
ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ।
ਅਦਭੁਤ ਪਰਮਦਭੁਤ ਬਿਸਮੈ ਬਿਸਮ
ਅਸਚਰਜੈ ਅਸਚਰਜ ਅਤਿ ਅਤਿ ਹੈ।
(ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)

ਮਸਤ ਹੋ ਗਈ ਪਤਾ ਨਹੀਂ ਲਗਦਾ, ਨਮਸ਼ਕਾਰ ਕਰਨੀ ਭੁੱਲ ਗਈ। ਲੀਨ ਹੋ ਗਈ ਉਨ੍ਹਾਂ ਦਰਸ਼ਨਾਂ ਦੇ ਵਿੱਚ। ਮਹਾਰਾਜ ਜੀ ਪ੍ਰਸ਼ਾਦ ਛਕ ਕੇ ਕਹਿਣ ਲੱਗੇ, ਮਾਤਾ! ਉਹ ਵਸਤਰ ਤਾਂ ਲਿਆ ਜਿਹੜਾ ਤੂੰ ਲਿਆਇਆ ਹੈ। ਯਾਦ ਆਇਆ ਕਿ ਹੈਂ! ਮੈਂ ਤਾਂ ਮਰਿਆਦਾ ਹੀ ਭੁੱਲ ਗਈ, ਨਮਸ਼ਕਾਰ ਕਰਨੀ ਸੀ, ਕੀ ਹੋਇਆ ਟੁੰਭੀ ਗਈ ਓਸ ਵੇਲੇ, ਆ ਕੇ ਨਮਸ਼ਕਾਰ ਕਰਦੀ ਹੈ, ਨੇਤਰਾਂ 'ਚੋਂ ਜਲ ਜਾ ਰਿਹਾ ਹੈ, ਪਾਤਸ਼ਾਹ! ਮਾਫ ਕਰੀਂ, ਮੈਂ ਤੇਰਾ ਆਦਰ ਨਹੀਂ ਕੋਈ ਵੀ ਕਰਿਆ। ਮੈਂ ਤੇਰਾ ਕੋਈ ਸਤਿਕਾਰ ਨਹੀਂ ਕਰਿਆ। ਮੈਂ ਤੇਰੇ ਹੱਥ ਵੀ ਨਹੀਂ ਧੁਆਏ। ਓਸ ਵੇਲੇ ਮਹਾਰਾਜ ਜੀ ਲਈ ਜੋ ਚੋਲਾ ਤਿਆਰ ਕਰਿਆ ਸੀ, ਵਸਤਰ; ਉਹ ਦੇ ਦਿਤਾ। ਮਹਾਰਾਜ ਜੀ ਕਹਿੰਦੇ, ਐਓਂ ਕਰੋ ਹੁਣੇ ਦਰਜੀ ਬੁਲਾਓ ਤੇ ਹੁਣੇ ਸੁਆ ਕੇ ਤੇਰੇ ਸਾਮ੍ਹਣੇ ਪਾਉਣਾ ਹੈ। ਸੋ ਉਸ ਵੇਲੇ ਦਰਜੀ ਮੰਗਾ ਲਿਆ ਤੇ ਮਹਾਰਾਜ ਜੀ ਨੇ ਉਹ ਚੋਲਾ ਪਾਇਆ ਤੇ ਉਧਰੋਂ ਮਾਤਾ ਦਾ ਅੰਤ ਕਾਲ ਆ ਚੁੱਕਿਆ ਸੀ, ਮਹਾਰਾਜ ਜੀ ਨੇ ਸੀਸ 'ਤੇ ਹੱਥ ਰੱਖਿਆ, ਗੋਦੀ 'ਚ ਲੈ ਲਈ, ਮਹਾਰਾਜ ਜੀ ਦੀ ਗੋਦੀ 'ਚ ਹੀ ਪ੍ਰਾਣ ਪੰਖੇਰੂ ਉਡ ਗਏ। ਉਸ ਵੇਲੇ ਜਦੋਂ ਜਾ ਰਹੀ ਹੈ ਸਚਖੰਡ ਨੂੰ ਸਾਰੇ ਦੇਵੀ ਦੇਵਤੇ, ਆਪਣੇ-ਆਪਣੇ ਮੰਡਲ ਦੇ ਵਿੱਚ ਫੁੱਲ ਵਰਸਾ ਰਹੇ ਨੇ, ਧੰਨ-ਧੰਨ ਦਾ ਜੈਕਾਰਾ ਹੋ ਰਿਹਾ ਹੈ, ਹਰ ਥਾਂ ਦੇ ਉਤੋਂ –

ਧਾਰਨਾ – ਸੁਰਗ ਲੋਕਾਂ ਵਿੱਚ ਜੈ-ਜੈਕਾਰ ਹੋਵੇ,
ਮਾਤਾ ਚੱਲੀ ਸੱਚਖੰਡ ਨੂੰ।
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਅੰਗ – ੨੮੩

ਸਾਰੇ ਲੋਕਾਂ ਦੇ ਵਿੱਚ ਜਿਸ-ਜਿਸ ਲੋਕ 'ਚੋਂ ਲੰਘਦੀ ਹੈ, ਉਥੇ ਦੇ ਦੇਵਤੇ ਸਵਾਗਤ ਕਰਦੇ ਨੇ, ਜੈ-ਜੈਕਾਰ ਕਰਦੇ ਨੇ ਕਿ ਕਿੱਡਾ ਪਿਆਰ ਸੀ ਇਸਦਾ। ਸਵਰਗ ਲੋਕ ਇਸਨੇ ਛੱਡ ਦਿੱਤੇ। ਸੋ ਇਹ ਪਿਆਰ ਦੀ ਕਥਾ ਹੈ –

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ਪਿਆਰ ਤੋਂ ਬਗੈਰ ਵਾਹਿਗੁਰੂ ਨਹੀਂ ਮਿਲਦਾ, ਚਾਹੇ ਲੱਖ ਯਤਨ ਕਰ ਲਓ। ਨਾ ਉਹ ਭਿੱਜਦਾ ਹੈ ਪਿਆਰ ਤੋਂ ਬਿਨਾਂ। ਸੋ ਇਸ ਕਰਕੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਸ ਦੀ ਲਗਨ ਹੋਵੇ, ਸੱਚਾ ਪਿਆਰ ਹੋਵੇ –

ਰੀ ਬਾਈ ਬੇਢੀ ਦੇਨੁ ਨ ਜਾਈ ॥
ਦੇਖੁ ਬੇਢੀ ਰਹਿਓ ਸਮਾਈ ॥
ਹਮਾਰੈ ਬੇਢੀ ਪ੍ਰਾਨ ਅਧਾਰਾ ॥ ੧ ॥ ਰਹਾਉ ॥
ਬੇਢੀ ਪ੍ਰੀਤਿ ਮਜੂਰੀ ਮਾਂਗੈ
ਜਉ ਕੋਊ ਛਾਨਿ ਛਵਾਵੈ ਹੋ ॥
ਲੋਗ ਕੁਟੰਬ ਸਭਹੁ ਤੇ ਤੋਰੈ
ਤਉ ਆਪਨ ਬੇਢੀ ਆਵੈ ਹੋ ॥ ਅੰਗ – ੬੫੭

ਸਾਡਾ ਪਿਆਰ ਵੰਡਿਆ ਹੋਇਆ ਹੈ। ਅਸੀਂ ਵਾਹਿਗੁਰੂ ਨੂੰ ਪਿਆਰ ਨਹੀਂ ਕਰਦੇ, ਵਾਹਿਗੁਰੂ ਦੀਆਂ ਦਿੱਤੀਆਂ ਹੋਈਆਂ ਦਾਤਾਂ 'ਚ ਫਸ ਗਏ।

ਦਾਤਿ ਪਿਆਰੀ ਵਿਸਰਿਆ ਦਾਤਾਰਾ ॥
ਅੰਗ – ੬੭੬

ਉਹ ਮਾਲਕ ਜਿਹੜਾ ਹਰ ਵਕਤ ਇੰਤਜ਼ਾਰ ਕਰਦਾ ਹੈ, ਹਰ ਵਕਤ ਆਵਾਜ਼ ਦਿੰਦਾ ਹੈ –

ਦਿਲਾ ਕਾ ਮਾਲਕੁ ਕਰੇ ਹਾਕੁ ॥
ਅੰਗ – ੯੯੭

ਅੱਖਾਂ ਬੰਦ ਕਰ ਲਓ, ਵਾਹਿਗੁਰੂ ਦੀ ਆਵਾਜ਼ ਅੰਦਰ ਸੁਣਾਈ ਦੇਣ ਲਗ ਜਾਂਦੀ ਹੈ ਕਿ ਐ ਜੀਵ! ਤੂੰ ਭਟਕ ਗਿਆ, ਬੜੀ ਦੇਰ ਹੋ ਗਈ ਤੈਨੂੰ ਦੁਖੀ ਹੁੰਦੇ ਨੂੰ, ਆਪ ਮੈਂ ਤੇਰੇ ਲਈ ਦਰਵਾਜ਼ਾ ਖੋਲ੍ਹਾਂ, ਤੂੰ ਮੁੜ ਤਾਂ ਸਹੀ ਪਿੱਛੇ। ਪਰ ਹੁੰਦਾ ਕੀ ਹੈ? ਇਹ ਜੀਵ ਭੁੱਲਿਆ ਹੋਇਆ –

ਨਉ ਘਰ ਦੇਖਿ ਜੁ ਕਾਮਨਿ ਭੂਲੀ
ਬਸਤੁ ਅਨੂਪ ਨ ਪਾਈ ॥ ਅੰਗ – ੩੩੯

ਆਤਮ ਤੱਤ ਨੂੰ ਨਹੀਂ ਜਾਣਿਆ ਤੇ ਜੀਵ ਜਿਹੜਾ ਹੈ, ਛਿਨ-ਭੰਗਰ ਸੰਸਾਰ ਦੀ ਮਾਇਆ ਹੈ, ਧੀਆਂ ਨੇ, ਪੁੱਤਰ ਨੇ, ਜਾਇਦਾਦ ਹੈ, ਜ਼ਮੀਨ ਹੈ, ਪੈਸਾ ਹੈ, ਇਹਦੇ ਵਿੱਚ ਪਰਚ ਗਿਆ, ਇਹਦੇ 'ਚ ਪਰਚ ਕੇ ਬਾਜ਼ੀ ਹਾਰ ਕੇ ਸੰਸਾਰ ਤੋਂ ਚਲਿਆ ਜਾਂਦਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

(------)

ਅਰਦਾਸ ਸ਼ਕਤੀ

ਰਘਬੀਰ ਸਿੰਘ 'ਬੀਰ'

ਸ਼ੇਰੇ-ਪੰਜਾਬ ਅਤੇ ਅਟਕ ਦਰਿਆ

ਸ਼ੇਰੈ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸਬੰਧੀ ਆਮ ਮਸ਼ਹੂਰ ਹੈ ਕਿ ਉਸ ਨੂੰ ਤੇ ਉਸ ਦੀਆਂ ਫੌਜਾਂ ਨੂੰ ਦਰਿਆ ਅਟਕ ਵਰਗੇ ਡੂੰਘੇ ਤੇ ਤੇਜ਼ ਦਰਿਆ ਨੇ ਆਪਣੇ ਤੋਂ ਪਾਰ ਹੋਣ ਦਾ ਰਸਤਾ ਦਿੱਤਾ ਸੀ। ਜਿਨ੍ਹਾਂ ਮਿਤਰਾਂ ਨੂੰ ਵਾਹਿਗੁਰੂ ਦੀ ਹਸਤੀ ਵਿਚ, ਵਾਹਿਗੁਰੂ ਅਤੇ ਉਸ ਦੇ ਬੰਦਿਆਂ ਦੀਆਂ ਸ਼ਕਤੀਆਂ ਵਿਚ ਯਕੀਨ ਨਹੀਂ, ਉਨ੍ਹਾਂ ਨੂੰ ਯਕੀਨ ਦਿਵਾਣਾ ਬੜਾ ਔਖਾ ਹੈ ਅਤੇ ਜਿਹੜੇ ਸੁਭਾਗੀ ਮਿਤਰ ਵਾਹਿਗੁਰੂ ਦੀ ਹਸਤੀ ਵਿਚ ਯਕੀਨ ਰਖ ਕੇ ਉਸ ਨੂੰ ਸਰਬਸ਼ਕਤੀਮਾਨ ਅਤੇ ਸੱਚੀ ਅਰਦਾਸ ਪੂਰਿਆਂ ਕਰਨ ਦੇ ਸਮਰੱਥ ਮੰਨਦੇ ਹਨ, ਉਨ੍ਹਾਂ ਨੂੰ ਯਕੀਨ ਦਿਵਾਉਣ ਦੀ ਲੋੜ ਨਹੀਂ। ਅਸੀਂ ਇਹ ਲੇਖ ਉਨ੍ਹਾਂ ਮਿਤਰਾਂ ਵਾਸਤੇ ਲਿਖ ਰਹੇ ਹਾਂ, ਜਿਹੜੇ ਨਾ ਤੇ ਨਾਸਤਕ ਹਨ ਅਤੇ ਨਾ ਹੀ ਪੂਰੇ ਆਸਤਕ। ਜਿਹੜੇ ਇਹ ਤਾਂ ਮੰਨਦੇ ਹਨ ਕਿ ਵਾਹਿਗੁਰੂ ਕੋਈ ਹਸਤੀ ਹੈ ਪਰ ਉਸ ਸ਼ਕਤੀ ਦੇ ਸਰਬਸ਼ਕਤਮਿਾਨ, ਦਿਆਲੂ ਤੇ ਭਗਤ ਵਛਲ ਸੁਭਾਉ ਸਬੰਧੀ ਸ਼ੱਕ ਸ਼ੁਭੇ ਰਖਦੇ ਹਨ।

ਮਹਾਰਾਜਾ ਰਣਜੀਤ ਸਿੰਘ ਬੜੇ ਸਿਦਕ ਤੇ ਭਰੋਸੇ ਵਾਲੇ ਗੁਰਸਿਖ ਸਨ। ਆਪ ਆਪਣੇ ਆਪ ਨੂੰ ਵਾਹਿਗੁਰੂ ਜੀ ਕਾ ਖਾਲਸਾ ਸਮਝਦੇ ਅਤੇ ਆਪਣੀਆਂ ਕੁਲ ਜਿਤਾਂ ਵਾਹਿਗੁਰੂ ਜੀ ਕੀ ਫਤਹ ਮੰਨਦੇ ਹਨ। ਆਪ ਨੂੰ ਵਾਹਿਗੁਰੂ ਉਤੇ ਪੂਰਨ ਵਿਸ਼ਵਾਸ਼ ਸੀ, ਜਿਸ ਦਾ ਸਬੂਤ ਆਪ ਦੇ ਜੀਵਨ ਵਿਚ ਥਾਂ-ਥਾਂ ਮਿਲਦਾ ਹੈ। ਸਰਬੰਸ ਨਾਸ ਹੋਣਾ ਪ੍ਰਵਾਨ ਕਰ ਕੇ ਸ੍ਰੀ ਹਜ਼ੂਰ ਸਾਹਿਬ ਜੀ ਦਾ ਗੁਰਦਵਾਰਾ ਬਨਾਉਣਾ, ਪੁੱਤਰ ਲਈ ਬਣਿਆ ਆਇਆ ਜਵਾਹਰਾਤ ਦਾ ਸੇਹਰਾ ਅਤੇ ਸੁੰਦਰ ਅਤੇ ਸੁੰਦਰ ਤੇ ਕੀਮਤੀ ਚਾਨਣੀ ਨੂੰ ਆਪ ਨਾ ਵਰਤਣਾ ਅਤੇ ਇਹ ਕਹਿ ਕੇ ਅੰਮ੍ਰਿਤਸਰ ਭੇਜ ਦੇਣਾ ਕਿ ਇਹ ਚੀਜ਼ਾਂ ਅਤੀ ਸੁੰਦਰ ਹਨ, ਇਸ ਲਈ ਗੁਰੂ ਘਰ ਵਿਚ ਹੀ ਸ਼ੋਭਦੀਆਂ ਹਨ, ਗੁਰੂ ਦੇ ਨਾਮ ਦਾ ਸਿੱਕਾ ਚਲਾਉਣਾ ਅਨੇਕਾਂ ਵਿਚੋਂ ਵੰਨਗੀ ਮਾਤਰ ਦੇ ਸਬੂਤ ਹਨ, ਜਿਨ੍ਹਾਂ ਤੋਂ ਮਹਾਰਾਜਾ ਰਣਜੀਤ ਸਿੰਘ ਨੂੰ ਪੂਰੇ ਭਰੋਸੇ ਤੇ ਸਿਦਕੀ ਸਿੰਘ ਮੰਨਣ ਤੋਂ ਮਹਾਰਾਜ ਰਣਜੀਤ ਸਿੰਘ ਨੂੰ ਪੂਰੇ ਭਰੋਸੇ ਤੇ ਸਿਦਕੀ ਸਿੰਘ ਮੰਨਣ ਵਿਚ ਸ਼ੱਕ ਨਹੀਂ ਰਹਿੰਦਾ।

ਇਸ ਕਿਸਮ ਦੇ ਸਿਦਕੀ ਸਿੰਘ ਸਬੰਧੀ ਮਸ਼ਹੂਰ ਹੈ ਕਿ ਇਕ ਵਾਰੀ ਸਣੇ ਫੌਜਾਂ ਦੇ ਆਪ ਅਟਕ ਦਰਿਆ ਦੇ ਕਿਨਾਰੇ ਪਹੁੰਚੇ, ਅਟਕ ਦਰਿਆ ਬੜਾ ਚੜ੍ਹਿਆ ਹੋਇਆ ਸੀ। ਫੌਜਾਂ ਦਾ ਜਲਦੀ ਪਾਰ ਹੋਣਾ ਵੀ ਬੜਾ ਜ਼ਰੂਰੀ ਸੀ ਅਤੇ ਪੁਲ ਬਣ ਨਹੀਂ ਸੀ ਸਕਦਾ। ਗੁਰਮੁਖ ਰਣਜੀਤ ਸਿੰਘ ਨੇ ਆਪਣੇ ਜੀਵਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਸੁਣ ਕੇ ਉਸ ਨੇ ਸਮਝਣ ਦੀ ਖੇਚਲ ਵੀ ਕੀਤੀ ਅਤੇ ਉਪਦੇਸ਼ਾਂ ਨੂੰ ਅਮਲ ਵਿਚ ਲਿਆਉਣ ਦੀ ਦਲੇਰੀ ਵੀ ਰਖਦਾ ਸੀ। ਆਪ ਦੇ ਸਾਮ੍ਹਣੇ ਠਾਠਾਂ ਮਾਰਦਾ ਅਟਕ ਦਰਿਆ ਸੀ ਪਰ ਆਪ ਦੇ ਦਿਲ ਵਿਚ ਗੁਰੂ ਨਾਨਕ ਦੇਵ ਜੀ ਦਾ ਇਹ ਬਚਨ -

ਸੁਣਿਐ ਹਾਥ ਹੋਵੈ ਅਸਗਾਹੁ।

ਵੀ ਘਟ ਠਾਠਾਂ ਨਹੀਂ ਸੀ ਮਾਰਦਾ। ਅਟਕ ਦਰਿਆ ਬਾਹਰ ਦੀ ਦੁਨੀਆਂ, ਦ੍ਰਿਸ਼ਟਮਾਨ ਦੁਨੀਆਂ ਵਿਚ ਬੜਾ ਲੰਬਾ ਚੌੜਾ ਡੂੰਘਾ ਤੇ ਭਿਆਨਕ ਦਰਿਆ ਬਣ ਕੇ ਨਜ਼ਰ ਆ ਰਿਹਾ ਸੀ, ਪਰ ਗੁਰਮੁਖ ਮਹਾਰਾਜਾ ਰਣਜੀਤ ਸਿੰਘ ਦੀ ਅੰਦਰਲੀ ਦੁਨੀਆਂ ਵਿਚ ਬਾਹਰ ਦੀ ਦ੍ਰਿਸ਼ਟਮਾਨ ਦੁਨੀਆਂ ਦੇ ਭਿਆਨਕ ਦਰਿਆ ਦੀ ਕੋਈ ਹਸਤੀ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਇਹ ਵੀ ਗੁਰੂ ਗ੍ਰੰਥ ਜੀ ਨੇ ਦਸ ਦਿਤਾ ਹੋਇਆ ਸੀ ਕਿ ਜਿਸ ਚੀਜ਼ ਦੀ ਅੰਦਰਲੀ ਦੁਨੀਆਂ ਵਿਚ ਕੋਈ ਹਸਤੀ ਨਾ ਹੋਵੇ ਉਸ ਦੀ ਦ੍ਰਿਸ਼ਟਮਾਨ ਦੁਨੀਆਂ ਵਿਚ ਵੀ ਗਿਆਨੀ ਪੁਰਸ਼ ਲਈ ਕੋਈ ਹਸਤੀ ਨਹੀਂ ਹੁੰਦੀ। ਜਿਸ ਨੂੰ ਅੰਦਰਲੀ ਦੁਨੀਆਂ ਵਿਚ, ਸ਼ਕਤੀਆਂ ਦੀ ਸ਼ਕਤੀ ਅਕਾਲ ਪੁਰਖ ਦਾ ਪਤਾ ਲਗ ਜਾਵੇ, ਉਸ ਦੇ ਸਾਮ੍ਹਣੇ ਬਾਹਰ ਦੀਆਂ ਸਭ ਸ਼ਕਤੀਆਂ ਹੇਚ ਹੁੰਦੀਆਂ ਹਨ। ਜਦ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜਰਨੈਲਾਂ ਤੇ ਫੌਜੀ ਅਫਸਰਾਂ ਨੂੰ ਇਕਠਿਆਂ ਕਰ ਕੇ ਆਖਿਆ ਕਿ ਅਟਕ ਭਾਵੇਂ ਕਿੰਨਾ ਚੜ੍ਹਿਆ ਹੋਇਆ ਹੈ ਐਪਰ ਗੁਰੂ ਕੇ ਖਾਲਸੇ ਦੇ ਤੇਜ ਅੱਗੇ ਇਸ ਦੀ ਕੋਈ ਹਸਤੀ ਨਹੀਂ, ਖਾਲਸਾ ਇਸ ਦਰਿਆ ਨੂੰ ਜ਼ਰੂਰ ਪਾਰ ਕਰੇਗਾ। ਤਦ ਜਰਨੈਲਾਂ ਤੇ ਹੋਰ ਅਹਿਲਕਾਰਾਂ, ਜਿਨ੍ਹਾਂ ਨੂੰ ਸਿਵਾਏ ਸ਼ੂਕਾਂ ਮਾਰਦੇ ਦਰਿਆ ਦੇ ਸਾਮ੍ਹਣੇ ਹੋਰ ਕੁਝ ਨਹੀਂ ਸੀ ਦਿਸਦਾ, ਹੱਥ ਜੋੜ ਕੇ ਆਖਿਆ ਮਹਾਰਾਜ, ਦਰਿਆ ਤੇ ਪੁਲ ਨਹੀਂ, ਖਾਲਸਾ ਇਸਨੂੰ ਕਿਵੇਂ ਪਾਰ ਕਰੇਗਾ? ਗੁਰਮੁਖ ਰਣਜੀਤ ਸਿੰਘ ਨੇ ਤਦ ਗੁਰੂ ਗ੍ਰੰਥ ਜੀ ਦਾ ਇਹ ਵਾਕ ਪੜ੍ਹਿਆ -

ਸੀਹਾ ਬਾਜਾ ਚਰਗਾ ਕੁਹੀਆ
ਏਨਾ ਖਵਾਲੇ ਘਾਹ।
ਘਾਹੁ ਖਾਨਿ ਤਿਨਾ ਮਾਸੁ ਖਵਾਲੇ
ਏਹਿ ਚਲਾਇ ਰਾਹ।
ਨਦੀਆ ਵਿਚਿ ਟਿਬੇ ਦੇਖਾਲੇ
ਥਲੀ ਕਰੇ ਅਸਗਾਹ।
ਕੀੜਾ ਥਾਪਿ ਦੇਇ ਪਾਤਸ਼ਾਹੀ
ਲਸਕਰ ਕਰੇ ਸੁਆਹ।

ਅਤੇ ਆਖਿਆ 'ਖਾਲਸਾ ਐਸੇ ਕਰਤਾਰ ਦੇ ਆਸਰੇ ਤੇ ਦਰਿਆ ਪਾਰ ਕਰੇਗਾ।' ਸਰਦਾਰ ਜਿਹੜੇ ਸ਼ੂਕਾਂ ਤੇ ਠਾਠਾਂ ਮਾਰਦੇ

ਦਰਿਆ ਅਟਕ ਨੂੰ ਦੇਖ ਕੇ ਅੱਗੇ ਹੀ ਸਹਿਮੇ ਹੋਏ ਸਨ, ਹੁਣ ਆਪਣੇ ਮਹਾਰਾਜੇ ਦੇ ਉਕਤ ਬਚਨਾਂ ਨੂੰ ਸੁਣ ਕੇ ਵਧੇਰੇ ਸਹਿਮੇ। ਇਨ੍ਹਾਂ ਨੇ ਗੁਰੂ ਗ੍ਰੰਥ ਜੀ ਨੂੰ ਨਿਰੀ ਇਕ ਮੱਥਾ ਟੇਕਣ ਵਾਲੀ, ਪੂਜਾ ਕਰਨ ਵਾਲੀ, ਕੜਾਹ ਪ੍ਰਸ਼ਾਦ ਚੜ੍ਹਾਉਣ ਵਾਲੀ ਚੀਜ਼ ਹੀ ਸਮਝਿਆ ਹੋਇਆ ਸੀ। ਇਸੇ ਨਿਸ਼ਚੇ ਅਨੁਸਾਰ ਇਨ੍ਹਾਂ ਨੇ ਜੀਵਨ ਬਤੀਤ ਕੀਤਾ ਹੋਇਆ ਸੀ, ਇਸ ਲਈ ਮਹਾਰਾਜ ਰਣਜੀਤ ਸਿੰਘ ਦੇ ਦਰਿਆ ਨੂੰ ਬਗੈਰ ਪੁਲ ਜਾਂ ਕਿਸੇ ਇਨਸਾਨੀ ਸਹਾਇਤਾ ਦੇ ਪਾਰ ਕਰਨ ਦੇ ਇਰਾਦੇ ਨੂੰ ਇਕ ਅਸੰਭਵ, ਕਦੀ ਪੂਰੀ ਨਾ ਹੋ ਸਕਣ ਵਾਲੀ ਗੱਲ ਸਮਝਦੇ ਸਨ, ਇਸ ਲਈ ਕੰਬ ਉਠੇ। ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥੇ ਵੀ ਟੇਕੇ ਹੋਏ ਸਨ, ਚੌਰ ਵੀ ਝੁਲਾਏ ਹੋਏ ਸਨ, ਐਪਰ ਇਸ ਮਹਾਂ ਪਵਿਤਰ ਗ੍ਰੰਥ ਦੇ ਉਪਦੇਸ਼ਾਂ ਨੂੰ ਸਮਝਿਆਂ ਵੀ ਹੋਇਆ ਸੀ ਅਤੇ ਸਮਝ ਕੇ ਕਮਾਣ ਦੀ ਦਲੇਰੀ ਵੀ ਰਖਦਾ ਸੀ। ਆਪ ਗੁਰੂ ਗ੍ਰੰਥ ਜੀ ਨੂੰ ਕੇਵਲ ਇਕ ਉਚ ਕਵਿਤਾ ਦੀ ਪੁਸਤਕ ਨਹੀਂ ਸਨ ਮੰਨਦੇ, ਸਗੋਂ ਗੁਰੂ ਗ੍ਰੰਥ ਜੀ ਨੂੰ ਕੇਵਲ ਇਕ ਉਚ ਕਵਿਤਾ ਦੀ ਪੁਸਤਕ ਨਹੀਂ ਸਨ ਮੰਨਦੇ, ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਆਖਰੀ ਹੁਕਮ ਅਨੁਸਾਰ ਇਸ ਨੂੰ 'ਪ੍ਰਗਟ ਗੁਰਾਂ ਕੀ ਦੇਹ' ਮੰਨਦੇ ਅਤੇ ਇਸ ਦੇ ਬਚਨਾਂ ਨੂੰ ਅਟੱਲ ਆਤਮਕ ਸਚਾਈ ਜਾਣਦੇ ਸਨ। ਆਪ ਨੂੰ ਪਤਾ ਸੀ ਕਿ ਜਿਸ ਕਰਤਾਰ ਦੀਆਂ ਐਨੀਆਂ ਸਿਫਤਾਂ ਤੇ ਸ਼ਕਤੀਆਂ ਗੁਰੂ ਗ੍ਰੰਥ ਸਾਹਿਬ ਵਿਚ ਲਿਖੀਆਂ ਹੋਈਆਂ ਹਨ, ਉਹ ਕਰਤਾਰ ਸੱਚੀਂ ਮੁਚੀਂ ਹੈ। ਜਿਵੇਂ ਵਾਹਿਗੁਰੂ, ਗੁਰੂ ਨਾਨਕ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਵਿਚ ਸੀ, ਉਸੇ ਤਰ੍ਹਾਂ 'ਆਦਿ ਜੁਗਾਦਿ ਤੋਂ ਹੁਣ ਤਕ ਸਹੀ ਸਲਾਮਤ ਹੈ। ਇਸ ਲਈ ਜੇਕਰ ਉਸ ਵਾਸਤੇ ਨਦੀਆਂ ਵਿਚ ਟਿੱਬੇ ਪੈਦਾ ਕਰਨੇ ਅਤੇ ਅਸਗਾਹ ਥਲ ਬਨਾਣ ਦੀ ਗੁਰੂ ਨਾਨਕ ਸਾਹਿਬ ਵੇਲੇ ਸ਼ਕਤੀ ਸੀ, ਤਾਂ ਹੁਣ ਵੀ ਹੈ। ਕੇਵਲ ਸ਼ਕਤੀ ਹਰਕਤ ਵਿਚ, ਅਮਲ ਵਿਚ ਲਿਆਉਣ ਵਾਲੇ ਸਿਦਕ ਤੇ ਭਰੋਸੇ ਦੀ ਲੋੜ ਹੈ। ਸਿਦਕ ਜਾਂ ਭਰੋਸਾ ਜਦੋਂ ਵੀ ਕਿਸੇ ਇਨਸਾਨ ਵਿਚੋਂ ਜ਼ਾਹਿਰ ਹੋਵੇ, ਕਰਤਾਰ ਦੀ ਭਗਤ ਵਛਲ ਸ਼ਕਤੀ ਖੁਦ-ਬ-ਖੁਦ ਜ਼ਹੂਰ ਵਿਚ ਆਉਂਦੀ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਕੀਤਾ ਕਿ ਲਿਆਓ ਮੇਰਾ ਘੋੜਾ। ਘੋੜਾ ਲਿਆਂਦਾ ਗਿਆ ਪਰ ਅਟਕ ਉਸੇ ਤਰ੍ਹਾਂ ਜ਼ੋਰਾਂ ਵਿਚ ਸੀ। ਮਹਾਰਾਜਾ ਸਾਹਿਬ ਘੋੜੇ ਤੇ ਸਵਾਰ ਹੋ ਗਏ, ਅਟਕ ਤੇ ਕੁਝ ਅਸਰ ਨਾ ਹੋਇਆ। ਮਹਾਰਾਜਾ ਸਾਹਿਬ ਨੇ ਗੱਜ ਕੇ ਆਖਿਆ, 'ਵਾਹਿਗੁਰੂ ਜੀ ਕਾ ਖਾਲਸਾ' ਪਰ ਅਟਕ ਦੀਆਂ ਠਾਠਾਂ ਉਸੇ ਤਰ੍ਹਾਂ ਜ਼ੋਰਾਂ ਵਿਚ ਸਨ। ਮਹਾਰਾਜਾ ਸਾਹਿਬ ਨੇ 'ਵਾਹਿਗੁਰੂ ਜੀ ਕਾ ਖਾਲਸਾ' ਕਹਿ ਕੇ ਘੋੜੇ ਨੂੰ ਜ਼ੋਰ ਨਾਲ ਅੱਡੀ ਮਾਰੀ, ਅੱਡੀ ਲਗਦਿਆਂ ਹੀ ਘੋੜਾ ਹਵਾ ਵਿਚ ਉਛਲਿਆ, ਪਰ ਅਟਕ ਦਰਿਆ ਦੀਆਂ ਠਾਠਾਂ ਉਸੇ ਜ਼ੋਰ ਵਿਚ ਵਗ ਰਹੀਆਂ ਸਨ, ਜਿਸ ਜ਼ੋਰ ਵਿਚ ਮਹਾਰਾਜ ਸਾਹਿਬ ਦੇ ਉਥੇ ਆਉਣ ਤੋਂ ਪਹਿਲੇ ਵਗ ਰਹੀਆਂ ਸਨ। ਸਰਦਾਰਾਂ, ਜਰਨੈਲਾਂ, ਅਹਿਲਕਾਰਾਂ ਨੇ ਸਮਝਿਆ ਕਿ ਹੁਣ ਸ਼ੇਰੇ-ਪੰਜਾਬ ਦੀ ਖੈਰ ਨਹੀਂ। ਪਰ ਮਹਾਰਾਜਾ ਸਾਹਿਬ ਦੇ ਮਨ ਵਿਚ ਘੋੜੇ ਸਮੇਤ ਹਵਾ ਵਿਚ ਉਡਣ ਵੇਲੇ ਵੀ ਇਕੋ ਭਰੋਸਾ ਸੀ –

ਜੋ ਮਾਂਗਉ ਸੋਈ ਸੋਈ ਪਾਵਉ
ਅਪਨੇ ਖਸਮ ਭਰੋਸਾ।

ਜਦ ਘੋੜਾ ਸਮੇਤ ਆਪਣੇ ਸਿਦਕੀ ਅਸਵਾਰ ਦੇ ਅਟਕ ਦੇ ਪਾਣੀ ਵਿਚ ਕੁਦ ਕੇ ਜਾ ਡਿਗਾ ਤਾਂ ਗੁਰਮੁਖ ਤੇ ਸੂਰਬੀਰ ਰਣਜੀਤ ਸਿੰਘ ਨੇ ਉੱਚੀ ਆਵਾਜ਼ ਵਿਚ ਆਖਿਆ 'ਵਾਹਿਗੁਰੂ ਜੀ ਕੀ ਫਤਹ' ਵਾਹਿਗੁਰੂ ਜੀ ਕੀ ਫਤਹ' ਵਾਹਿਗੁਰੂ ਜੀ ਕੀ ਫਤਹ। ਗੁਰਮੁਖ ਦੇ ਮੂੰਹੋਂ 'ਫਤਹ' ਨਿਕਲਣ ਦੇ ਸਮੇਂ ਤਕ ਕਰਤਾਰ ਗੁਰਮੁਖ ਦੇ ਅੰਦਰ ਬੈਠਾ ਮੁਸਕਰਾ ਰਿਹਾ ਸੀ ਕਿ ਦੇਖੀਏ ਸਿਦਕੀ ਦਾ ਸਿਦਕ ਹੱਦ ਵਿਚ ਹੈ ਜਾਂ ਲਾਹਦ ਹੈ। ਪਰ ਜਦ ਘੋੜਾ ਸਮੇਤ ਸਵਾਰ ਦੇ ਅਸਗਾਹ ਪਾਣੀ ਵਿਚ ਜਾ ਹੀ ਡਿੱਗਾ ਅਤੇ ਨਾ ਘੋੜੇ ਨੂੰ ਆਪਣੇ ਮਾਲਕ ਉਤੇ ਸ਼ੱਕ ਅਤੇ ਨਾ ਅਸਵਾਰ ਨੂੰ ਆਪਣੇ ਮਾਲਕ ਉਤੇ ਸ਼ੱਕ ਉਪਜਿਆ, ਤਦ ਕਰਤਾਰ ਦੀ ਰਖਸ਼ਕ ਸ਼ਕਤੀ ਵਾਸਤੇ ਸਿਵਾਏ ਜ਼ਹੂਰ ਵਿਚ ਆਉਣ ਦੇ ਕੋਈ ਰਸਤਾ ਨਾ ਰਿਹਾ। ਇਸ ਸ਼ਕਤੀ ਦੇ ਹਰਕਤ ਜਾਂ ਅਮਲ ਵਿਚ ਆਉਣ ਦੀਆਂ ਜਦ ਸਾਰੀਆਂ ਸ਼ਰਤਾਂ ਗੁਰਮੁਖ ਰਣਜੀਤ ਸਿੰਘ ਨੇ ਪੂਰੀਆਂ ਕਰ ਦਿਤੀਆਂ ਤਦ ਪ੍ਰਹਿਲਾਦ ਨੂੰ ਥੰਮ ਚੀਰ ਕੇ ਰਖਣ ਵਾਲੀ ਦਰੋਪਦੀ ਦੀ ਭਰੀ ਸਭਾ ਵਿਚ ਸਹਾਇਤਾ ਕਰਨ ਵਾਲੀ, ਭਾਈ ਨੰਦ ਚੰਦ ਦੀਆਂ ਅੱਖਾਂ ਵਿਚ ਸੂਏ ਚੁਭਣ ਵੇਲੇ ਪੀੜ ਨਾ ਹੋਣ ਦੇਣ ਵਾਲੀ, ਜੋਗਾ ਸਿੰਘ ਨੂੰ ਵੇਸਵਾ ਦੇ ਬੂਹੇ ਤੇ ਜਾ ਕੇ ਦੀਦਾਰ ਦੇਣ ਵਾਲੀ ਮੂਸਾ ਨੂੰ ਕੋਹੇ ਤੂਰ ਤੇ ਮਿਲਣ ਵਾਲੀ ਅਤੇ ਹਜ਼ਰਤ ਮਸੀਹ ਜੀ ਨੂੰ ਮਰਨ ਮਗਰੋਂ ਜਿਵਾ ਦੇਣ ਵਾਲੀ, ਮਹਾਂਸ਼ਕਤੀ, ਅਕਾਲ ਪੁਰਖ ਦੀ ਭਗਤ ਵਛਲ ਅਤੇ ਬਿਰਦ ਪਾਲਕ ਮਹਾਂਸ਼ਕਤੀ ਨੇ ਗੁਰਮੁਖ ਰਣਜੀਤ ਸਿੰਘ ਨੂੰ ਅਟਕ ਦਰਿਆ ਦੀਆਂ ਠਾਠਾਂ ਵਿਚੋਂ ਆਨ ਦਰਸ਼ਨ ਦਿੱਤੇ। ਰਣਜੀਤ ਸਿੰਘ ਦਾ ਘੋੜਾ ਪਾਣੀ ਵਿੱਚ ਪਹਿਲੇ ਹੇਠਾਂ ਗਿਆ, ਫੇਰ ਸੰਭਾਲਿਆ, ਉਤਾਂਹ ਆਇਆ ਅਤੇ ਸਰਦਾਰਾਂ, ਅਹਿਲਕਾਰਾਂ, ਜਰਨੈਲਾਂ ਨੇ ਉਸ ਨੂੰ ਸਣੇ ਸਵਾਰ ਸਾਵਧਾਨ ਹੋ ਕੇ ਖਲੋ ਜਾਂਦਿਆਂ ਦੇਖਿਆ। ਮਹਾਰਾਜਾ ਸਾਹਿਬ ਤਲਵਾਰ ਉਚੀ ਚੁੱਕ ਕੇ ਆਖ ਰਹੇ ਸਨ 'ਵਾਹਿਗੁਰੂ ਜੀ ਕੀ ਫਤਹ' ਵਾਹਿਗੁਰੂ ਜੀ ਕੀ ਫਤਹ' ਅਤੇ ਸਰਦਾਰ ਤੇ ਜਰਨੈਲ ਹੈਰਾਨੀ ਨਾਲ ਉਨ੍ਹਾਂ ਵੱਲ ਵੇਖ ਰਹੇ ਸਨ ਕਿ ਘੋੜਾ ਦੂਜੀ ਵਾਰ ਪਾਣੀ ਹੇਠ ਜਾਣ ਦੀ ਬਜਾਏ ਸਾਵਧਾਨ ਖਲੋ ਗਿਆ ਹੈ ਅਤੇ ਅਟਕ ਦਰਿਆ ਘੋੜੇ ਦੇ ਲੱਕ ਤੋਂ ਹੇਠਾਂ ਹੋ ਕੇ ਗੁਰਮੁਖ ਰਣਜੀਤ ਸਿੰਘ ਦੇ ਚਰਨ ਚੁੰਮ ਰਿਹਾ ਹੈ। ਮਹਾਰਾਜਾ ਸਾਹਿਬ ਨੇ 'ਵਾਹਿਗੁਰੂ ਜੀ ਕੀ ਫਤਹ' ਗਜਾਂਦਿਆਂ ਆਪਣੇ ਸਭ ਸਰਦਾਰਾਂ ਨੂੰ ਤੇ ਜਰਨੈਲਾਂ ਨੂੰ ਆਖਿਆ 'ਵੇਖਿਆ ਜੇ ਮੇਰੇ ਗੁਰੂ ਗ੍ਰੰਥ ਸਾਹਿਬ ਵਾਲਾ ਕਰਤਾਰ ਤੇ ਉਸ ਦੀ ਸ਼ਕਤੀ।'

ਸਾਰੇ ਜਰਨੈਲ, ਸਰਦਾਰ, ਅਹਿਲਕਾਰ, ਫੌਜਾਂ, ਖਚਰਾਂ, ਘੋੜੇ, ਤੋਪਖਾਨੇ ਲੰਘੇ ਉਸ ਅਟਕ ਦਰਿਆ ਵਿਚੋਂ, ਜਿਸ ਦੀਆਂ ਅਸਗਾਹ ਠਾਠਾਂ ਘੜੀ ਪਹਿਲੋਂ ਮੌਤ ਵਰਗੀਆਂ ਡਰਾਉਣੀਆਂ ਪ੍ਰਤੀਤ ਹੁੰਦੀਆਂ ਸਨ।

(---------)

ਮਾਰਗ ਚੋਣ
(Choosing A Path)

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-)

ਪ੍ਰਤੀਹਾਰ, ਮੈਡੀਟੇਸ਼ਨ, ਇਕਾਗਰਤਾ

ਯੋਗ ਦੀ ਅਗਲੀ ਪੌੜੀ ਹੈ ਪ੍ਰਤੀਹਾਰ ਜਿਸ ਦਾ ਅਰਥ ਹੈ, ਆਪਣੀਆਂ ਇੰਦ੍ਰੀਆਂ ਨੂੰ ਸੰਸਾਰਕ ਵਸਤਾਂ ਤੋਂ ਹਟਾ ਲੈਣਾ ਉਨ੍ਹਾਂ ਨੂੰ ਮੋੜ ਲੈਣਾ। ਤੁਹਾਨੂੰ ਪ੍ਰਤੀਹਾਰ ਬਾਰੇ ਲਿਖਤ ਵਿਚ ਕੁਝ ਵੀ ਨਹੀਂ ਮਿਲਦਾ ਪਰ ਯੋਗ ਦੀ ਇਹ ਪੌੜੀ ਬਹੁਤ ਹੀ ਮਹੱਤਵਪੂਰਣ ਹੈ, ਇਸਨੂੰ ਬਹੁਤ ਹੀ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ ਇਸ ਦਾ ਅਭਿਆਸ ਕਰਨਾ ਚਾਹੀਦਾ ਹੈ, ਵਿਸ਼ੇਸ਼ ਕਰਕੇ ਜੇ ਤੁਸੀਂ ਸਮਾਧੀ ਤਕ ਪਹੁੰਚਣਾ ਚਾਹੁੰਦੇ ਹੋ ਇਹ ਬਹੁਤ ਹੀ ਜ਼ਰੂਰੀ ਹੈ, ਇਸ ਦਾ ਅਭਿਆਸ ਕੀਤੇ ਬਿਨਾਂ ਸਮਾਧੀ ਪ੍ਰਾਪਤ ਹੋ ਹੀ ਨਹੀਂ ਸਕਦੀ।

ਮੈਡੀਟੇਸਨ ਕਰਨ ਵਾਲਾ ਸਾਧਕ ਮਨ ਨੂੰ ਕਦੀ ਇਕਾਗਰ ਕਰ ਹੀ ਨਹੀਂ ਸਕਦਾ ਜਦੋਂ ਤਕ ਉਹ ਪ੍ਰਤੀਹਾਰ ਦਾ ਅਭਿਆਸ ਨਾ ਕਰੇ, ਮੈਡੀਟੇਸ਼ਨ ਲਈ ਪ੍ਰਤੀਹਾਰ ਅਤਿਅਵਸ਼ਕ ਹੈ। ਮਨ ਦਸ ਇੰਦ੍ਰੀਆਂ ਦਸ ਰਾਹਾਂ ਤੋਂ ਕੰਮ ਕਰਦਾ ਹੈ। ਇਹ ਇੰਦ੍ਰੀਆਂ ਸਾਰੀ ਸ਼ਕਤੀ ਖੈ ਕਰ ਦਿੰਦੀਆਂ ਹਨ, ਮਨ ਨੂੰ ਖਿਲਾਰ ਦਿੰਦੀਆ ਹਨ ਪਰ ਮਨ ਇੰਦ੍ਰੀਆਂ ਦੀ ਸਹਾਇਤਾ ਤੋਂ ਬਿਨਾਂ ਵੀ ਕੰਮ ਕਰ ਸਕਦਾ ਹੈ, ਇਹ ਕਰਨ ਲੱਗਿਆਂ ਮਨ ਅੰਤਰਮੁਖੀ ਹੋ ਜਾਂਦਾ ਹੈ, ਪ੍ਰਤੀਹਾਰ ਕਰਦਿਆਂ ਸਾਧਕ ਕੋਈ ਵੀ ਬੇਅਰਥ ਕੰਮ ਨਹੀਂ ਕਰਦਾ, ਜੋ ਕੁਝ ਵੀ ਉਸ ਦੇ ਅਭਿਆਸ ਨਾਲ ਸਬੰਧ ਨਹੀਂ ਕਰਦਾ ਉਹ ਨਹੀਂ ਕਰਦਾ। ਇੰਦ੍ਰੀਆਂ ਨੂੰ ਸੰਸਾਰ ਤੋਂ ਹਟਾ ਲੈਣ ਤੋਂ ਭਾਵ ਇਹ ਨਹੀਂ ਕਿ ਤੁਸੀਂ ਸੰਸਾਰ ਤੋਂ ਪਰ੍ਹੇ ਹਟ ਜਾਂਦੇ ਹੋ। ਸਾਧਕ ਸਿਖ ਲੈਂਦਾ ਹੈ ਕਿ ਮੈਡੀਟੇਸ਼ਨ ਤੇ ਬੈਠਣ ਤੋਂ ਪਹਿਲਾਂ ਆਪਣੀਆਂ ਇੰਦ੍ਰੀਆਂ ਨੂੰ ਸੰਸਾਰ ਤੋਂ ਲਾਂਭੇ ਕਰ ਲੈਂਦਾ ਹੈ ਸੰਸਾਰਕ ਵਸਤਾਂ ਤੋਂ ਹਟਾ ਲੈਂਦਾ ਹੈ ਇਸ ਤਰ੍ਹਾਂ ਕਰਨ ਤੋਂ ਬਾਅਦ ਹੀ ਉਹ ਇਕਾਗਰ ਕਰ ਸਕਦਾ ਹੈ। ਇਥੇ ਇਹ ਦਸਣਾ ਜ਼ਰੂਰੀ ਹੈ ਕਿ ਸੰਸਾਰਕ ਕੰਮਾਂ ਲਈ ਇਕਾਗਰਤਾ, ਵਖਰੀ ਗੱਲ ਹੈ, ਬਾਹਰੀ ਸੰਸਾਰ ਵਿਚ ਇਕਾਗਰਤਾ ਰਖਣ ਨਾਲ ਮੈਡੀਟੇਸ਼ਨ ਦੀ ਇਕਾਗਰਤਾ ਨੂੰ ਸਹਾਇਤਾ ਨਹੀਂ ਮਿਲਦੀ।

ਜੋ ਕੁਝ ਵੀ ਕੰਮ ਕਰ ਰਹੇ ਹੋਵੋ ਉਸ ਤੇ ਇਕਾਗਰਤਾ ਰਖਣੀ ਇਕਾਗਰ ਹੋ ਕੇ ਕੰਮ ਕਰਨਾ, ਇਕਾਗਰ ਹੋਣ ਦੀ ਸ਼ਕਤੀ ਨੂੰ ਬਲ ਦਿੰਦਾ ਹੈ। ਇਕਾਗਰ ਹੋ ਕੇ ਸੰਸਾਰਕ ਕੰਮ ਕਰਨੇ ਆਪਣੀ ਡਿਊਟੀਆਂ ਕਰਨੀਆਂ ਇਸ ਨਾਲ ਸੰਸਾਰ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ, ਕੰਮ ਚੰਗੀ ਤਰ੍ਹਾਂ ਹੁੰਦਾ ਹੈ। ਇਸ ਗੱਲ ਨੂੰ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਮਨ ਸਦਾ ਇਕ ਚੀਜ਼ ਤੇ ਹੀ ਇਕਾਗਰ ਕਰ ਸਕਦਾ ਹੈ, ਬੜੀ ਤੇਜ਼ੀ ਨਾਲ ਕਰਦਾ ਹੈ। ਵਿਦਿਆਰਥੀ ਸੋਚਦੇ ਹਨ ਕਿ ਮਨ ਇਕ ਤੋਂ ਵੱਧ ਚੀਜ਼ਾਂ ਨੂੰ ਦੇਖ ਸਕਦਾ ਹੈ ਪਰ ਇਸ ਤਰ੍ਹਾਂ ਕਰਨ ਨਾਲ ਇਕਾਗਰਤਾ ਦੀ ਸ਼ਕਤੀ ਘਟ ਜਾਂਦੀ ਹੈ, ਵਿਆਕੁਲਤਾ ਪੈਦਾ ਹੋ ਜਾਂਦੀ ਹੈ। ਇਕਾਗਰਤਾ ਨੂੰ ਸ਼ਕਤੀਸ਼ਾਲ ਬਣਨ ਲਈ ਧਿਆਨ ਨੂੰ ਸੋਧਣਾ ਚਾਹੀਦਾ ਹੈ। ਏਸੇ ਕਰਕੇ ਅਧਿਆਪਕ ਬੱਚਿਆਂ ਨੂੰ ਕੋਈ ਚੀਜ਼, ਕੋਈ ਕੰਮ ਦੇ ਕੇ ਧਿਆਨ ਦੇਣ ਲਈ ਕਹਿੰਦਾ ਹੈ ਤਾਂ ਜੋ ਇਕਾਗਰਤਾ ਨੂੰ ਸ਼ਕਤੀਸ਼ਾਲ ਬਣਾਇਆ ਜਾ ਸਕੇ। ਇਕਾਗਰ ਮਨ ਬਹੁਤ ਹੀ ਸ਼ਕਤੀਸ਼ਾਲ ਹੁੰਦਾ ਹੈ, ਤੁਸੀਂ ਸੋਚ ਵੀ ਨਹੀਂ ਸਕਦੇ ਕਿੰਨਾਂ ਸ਼ਕਤੀਸ਼ਾਲ ਹੁੰਦਾ ਹੈ ਇਹ ਸ਼ਕਤੀ ਕੇਵਲ ਇਕਾਗਰਤਾ ਤੋਂ ਹੀ ਪੈਦਾ ਹੁੰਦੀ ਹੈ। ਇਸ ਨਾਲ ਮਨ ਇਕ ਜਗ੍ਹਾ, ਇਕ ਚੀਜ਼ ਤੇ ਟਿਕਦਾ ਹੈ ਤੇ ਪ੍ਰਤੀਹਾਰ ਮਨ ਨੂੰ ਅੰਤਰਮੁਖੀ ਬਣਾ ਦਿੰਦਾ ਹੈ। ਅੰਦਰ ਜਾਣ ਦੀ ਪ੍ਰਵਿਰਤੀ ਇਕ ਮਨ ਹੋ ਕੇ ਇਕਾਗਰ ਹੋਣਾ, ਇਹ ਸਭ ਮੈਡੀਟੇਸ਼ਨ ਕਰਨ ਵਿਚ ਸਹਾਇਕ ਹੁੰਦੇ ਹਨ, ਮੈਡੀਟੇਸ਼ਨ ਕਰਦਿਆਂ ਮਨ ਸੁਤੇਸਿਧ ਹੀ ਬਿਨਾਂ ਕਿਸੇ ਰੁਕਾਵਟ ਦੇ ਵਹਿਣ ਵਿਚ ਆ ਜਾਂਦਾ ਹੈ, ਇਸ ਇਕਾਗਰ ਮਨ ਦਾ ਪ੍ਰਵਾਹ ਅੰਦਰ ਹੀ ਹੁੰਦਾ ਹੈ, ਸਰੀਰ ਸਥਿਰ ਰਹਿੰਦਾ ਹੈ, ਸ਼ਾਂਤ ਰਹਿੰਦਾ ਹੈ ਇਹੋ ਜਿਹਾ ਮਨ ਮੈਡੀਟੇਸ਼ਨ ਦਾ ਅਨੁਭਵ ਕਰਦਾ ਹੈ।

ਬਹੁਤ ਵਾਰੀ ਸਾਧਕ ਮੈਡੀਟੇਸ਼ਨ ਵਿਚ ਬੈਠਣਾ ਤਾਂ ਸਿਖ ਲੈਂਦਾ ਹੈ ਪਰ ਬਹੁਤ ਤਿਆਰੀ ਨਹੀਂ ਕਰਦਾ ਕਿਉਂਕਿ ਉਸਨੇ ਪੂਰੀ ਤਿਆਰੀ ਨਹੀਂ ਕੀਤੀ ਹੁੰਦੀ ਉਸ ਨੂੰ ਮਨ ਦਾ ਖੇੜਾ ਪ੍ਰਾਪਤ ਨਾ ਹੋਣ ਕਰਕੇ ਉਹ ਛੇਤੀ ਹੀ ਨਿਰਾਸ ਹੋ ਜਾਂਦਾ ਹੈ। ਰਾਜ ਯੋਗ ਅਨੁਸਾਰ ਸਾਧਕ ਨੂੰ ਪਹਿਲਾਂ ਮੈਡੀਟੇਸ਼ਨ ਕਰਨ ਦੀ ਤਿਆਰੀ ਕਰਨੀ ਚਾਹੀਦੀ ਹੈ। ਵਾਸਤਵ ਵਿਚ ਸਾਨੂੰ ਬਚਪਨ ਤੋਂ ਹੀ ਰੋਜ਼ ਦੇ ਜੀਵਨ ਵਿਚ ਚੁੱਪ ਕਰਕੇ ਬੈਠਣਾ, ਅੰਤਰ ਧਿਆਨ ਹੋਣਾ, ਇੰਦ੍ਰੀਆਂ ਨੂੰ ਸਮੇਟਣਾ, ਧਿਆਨ ਭਰਵੱਟਿਆਂ ਦੀ ਵਿਚ ਵਾਲੀ ਥਾਂ ਤੇ ਟਿਕਾਉਣਾ ਇਹ ਸਭ ਸਿਖਾਇਆ ਹੀ ਨਹੀਂ ਜਾਂਦਾ। ਏਸੇ ਕਰਕੇ ਸਾਧਕ ਲਈ ਮੈਡੀਟੇਸ਼ਨ ਵਿਚ ਬੈਠਣਾ ਔਖਾ ਹੈ, ਮੈਡੀਟੇਸ਼ਨ ਤੋਂ ਅਨੰਦ ਪ੍ਰਾਪਤ ਕਰਨਾ, ਸੰਸਾਰਕ ਖੁਸ਼ੀ ਦੀ ਪ੍ਰਾਪਤੀ ਤੋਂ ਬਹੁਤ ਵਖਰਾ ਹੈ। ਮੈਡੀਟੇਸ਼ਨ ਦਾ ਅਨੰਦ ਤੁਹਾਨੂੰ ਸ਼ਾਂਤ, ਸੰਤੁਲਿਤ, ਵਿਚਾਰਵਾਨ ਬਣਾਉਂਦਾ ਹੈ, ਇਹੋ ਜਿਹਾ ਅਨੰਦ ਸਾਧਕ ਨੂੰ ਸ਼ਕਤੀ ਦਿੰਦਾ ਹੈ, ਸਾਧਨ ਫੇਰ ਅਸ਼ਾਂਤ ਨਹੀਂ ਹੁੰਦਾ। ਸ਼ਾਂਤ ਰਹਿਣ ਦਾ ਸੁਭਾਅ ਬਨਾਉਣ ਲਈ ਸਭ ਤੋਂ ਪਹਿਲਾਂ ਯਾਦਾਂ, ਫੁਰਨੇ, ਕਲਪਨਾ ਨੂੰ ਪਾਸੇ ਕਰਨ ਲਈ ਸ਼ਾਂਤ ਜਗ੍ਹਾਂ ਤੇ ਬੈਠ ਕੇ ਮੈਡੀਟੇਸ਼ਨ ਕਰਨੀ ਚਾਹੀਦੀ ਹੈ।

ਮੈਡੀਟੇਸ਼ਨ ਸਾਧਕ ਲਈ ਬਿਲਕੁਲ ਇਕ ਨਵਾਂ ਆਕਾਰ ਖੋਲ੍ਹ ਦਿੰਦੀ ਹੈ। ਸਾਧਕ ਲਈ ਫੇਰ ਕੇਵਲ ਇਕ ਮੈਡੀਟੇਸ਼ਨ ਹੀ

ਅਨੰਦਮਈ ਰਹਿ ਜਾਂਦਾ ਹੈ, ਬਾਕੀ ਸਭ ਕੁਝ ਫਿੱਕਾ ਹੋ ਜਾਂਦਾ ਹੈ, ਜਦੋਂ ਮੈਡੀਟੇਸ਼ਨ ਡੂੰਘੀ ਹੁੰਦੀ ਜਾਂਦੀ ਹੈ ਮਨ ਅੰਤਰਮੁਖੀ ਹੋ ਕੇ ਚੇਤਨਾ ਕੇਂਦਰ ਵਲ ਜਾਣ ਲਗ ਪੈਂਦਾ ਹੈ, ਫੇਰ ਸਾਧਕ ਨੂੰ ਹੋਰ ਵਧੇਰੇ ਅਨੰਦ ਆਉਂਦਾ ਹੈ। ਮੈਡੀਟੇਸ਼ਨ ਫੇਰ ਜੀਵਨ ਦਾ ਅੰਗ ਬਣ ਜਾਂਦੀ ਹੈ। ਜਦੋਂ ਸਾਧਕ ਇਕੋ ਜਗ੍ਹਾਂ, ਇਕੋ ਸਮੇਂ ਲਗਾਤਾਰ ਰੋਜ਼ ਬੈਠਣਾ ਸਿਖ ਲੈਂਦਾ ਹੈ। ਹੌਲੀ-ਹੌਲੀ ਉਸ ਦੀ ਸਮਰੱਥਾ ਵਧਦੀ ਜਾਂਦੀ ਹੈ, ਮਨ ਦਾ ਸੁਭਾਅ ਬਣ ਜਾਂਦਾ ਹੈ, ਮੈਡੀਟੇਸ਼ਨ ਕਰਨ ਵਿਚ ਅਨੰਦ ਆਉਣ ਲਗ ਪੈਂਦਾ ਹੈ। ਮੈਡੀਟੇਸ਼ਨ ਮੈਡੀਟੇਸ਼ਨ ਦੇ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ ਪਰ ਬਹੁਤ ਹੀ ਥੋੜ੍ਹਾ ਉਸ ਵਿਚ ਲਾਭਕਾਰੀ ਹੈ ਕਾਰਣ : ਅੰਤਰ ਦੇ ਅਨੁਭਵ ਲਿਖੇ ਹੀ ਨਹੀਂ ਜਾ ਸਕਦੇ, ਕਾਗਜ਼ ਤੇ ਉਲੀਕੇ ਹੀ ਨਹੀਂ ਜਾ ਸਕਦੇ। ਇਹ ਅਤਿਅਵਸ਼ਕ ਹੈ ਕਿ ਮੈਡੀਟੇਸ਼ਨ ਕਰਨ ਲਈ ਪੂਰੀ-ਪੂਰੀ ਦੇਖ ਰੇਖ ਦੀ ਲੋੜ ਹੈ, ਕਿਸੇ ਸੰਪੰਨ ਮਹਾਂਪੁਰਖ ਦੀ ਅਗਵਾਈ ਹੇਠ ਹੀ ਕਰਨੀ ਚਾਹੀਦੀ ਹੈ। ਘਟੋ ਘੱਟ ਉਦੋਂ ਤਕ ਜਦੋਂ ਤਕ ਸਾਧਕ ਇਕ ਪੜਾਅ ਤੇ ਨਾ ਪਹੁੰਚ ਜਾਵੇ, ਮੈਡੀਟੇਸ਼ਨ ਚੰਗੀ ਤਰ੍ਹਾਂ ਪੱਕ ਨਾ ਜਾਵੇ, ਸਾਧਕ ਨੂੰ ਸਮੇਂ-ਸਮੇਂ ਸਿਰ ਸਿਖਿਆ ਸਮੇਂ ਪੂਰੀਆਂ ਹਦਾਇਤਾਂ ਲੈਂਦੇ ਰਹਿਣਾ ਚਾਹੀਦਾ ਹੈ। ਸਿਖਿਆ ਦੇਣ ਵਾਲਾ ਆਪ ਮੈਡੀਟੇਸਨ ਵਿਚ ਪਰਪੱਕ ਹੋਣਾ ਚਾਹੀਦਾ ਹੈ। ਜਦੋਂ ਸਾਧਕ ਮੈਡੀਟੇਸ਼ਨ ਕਰਦਾ ਹੈ ਤਾਂ ਬਹੁਤ ਸਾਰੀਆਂ ਯਾਦਾਂ, ਬਹੁਤ ਸਾਰੇ ਪ੍ਰਮਾਣ ਚਿੰਨ੍ਹ ਅੱਗੇ ਆ ਕੇ ਖੜ੍ਹੇ ਹੋ ਜਾਂਦੇ ਹਨ। ਕਈ ਸਾਧਕ ਇਨ੍ਹਾਂ ਵਹਿਮਾਂ ਵਿਚ ਫਸ ਜਾਂਦੇ ਹਨ, ਕਈ ਹੋਰ ਨਜ਼ਾਰੇ ਦੇਖਣੇ ਚਾਹੁੰਦੇ ਹਨ, ਕੁਛ ਅਚੰਭਤਾ ਦੇਖਣਾ ਚਾਹੁੰਦੇ ਹਨ। ਇਨ੍ਹਾਂ ਵਿਚੋਂ ਕਈ ਵੀ ਸਾਧਕ ਤਰੱਕੀ ਨਹੀਂ ਕਰ ਸਕਦਾ ਕਿਉਂਕਿ ਮਨ ਪ੍ਰੇਸ਼ਾਨ ਹੋ ਜਾਂਦਾ ਹੈ, ਹੈਰਾਨ ਹੋ ਜਾਂਦਾ ਹੈ। ਸਾਧਕ ਨੂੰ ਇਹੋ ਜਿਹੇ ਅਨੁਭਵਾਂ ਨੂੰ ਛੱਡਣਾ ਚਾਹੀਦਾ ਹੈ, ਸਾਧਕ ਨੂੰ ਆਪਣੀ ਤਰੱਕੀ, ਸ਼ਾਂਤੀ, ਸਮਾਚਿਤਤਾ, ਮਾਨਸਿਕ ਸੋਧ ਇਨ੍ਹਾਂ ਗੱਲਾਂ ਤੋਂ ਦੇਖਣੀ ਚਾਹੀਦੀ ਹੈ, ਇਕਾਗਰ ਚਿੱਤ ਤੋਂ ਦੇਖਣੀ ਚਾਹੀਦੀ ਹੈ। ਸ਼ਾਂਤਮਈ ਸੁਭਾਅ ਤੋਂ, ਸਮਾਚਿਤ ਮਾਨਸਿਕ ਸਪਸ਼ਟਤਾ, ਨਿਰਮਲਤਾ ਤੋਂ ਆਪਣੀ ਤਰੱਕੀ ਨੂੰ ਦੇਖਣਾ ਚਾਹੀਦਾ ਹੈ। ਜੇਕਰ ਸਾਧਕ ਕੋਲ ਕੋਈ ਇਹੋ ਜਿਹਾ ਚਿੰਨ੍ਹ ਨਹੀਂ ਕਿ ਉਹ ਸ਼ਾਂਤ ਹੋ ਰਿਹਾ ਹੈ, ਸੰਤੁਲਿਤ ਸਮਾਚਿਤ ਹੋ ਰਿਹਾ ਹੈ, ਮਨ ਦੀ ਸਪਸ਼ਟਤਾ ਹੋ ਰਹੀ ਹੈ, ਮਨ ਨਿਰਮਲ ਹੋ ਰਿਹਾ ਹੈ ਤਾਂ ਸਮਝੋ ਕਿ ਮੈਡੀਟੇਸ਼ਨ ਠੀਕ ਨਹੀਂ ਹੋ ਰਹੀ। ਕੋਈ ਵੀ ਸਿਧਾਂਤਕ ਪੱਖੋਂ ਮੈਡੀਟੇਸ਼ਨ ਬਾਰੇ ਜਾਣ ਸਕਦਾ ਹੈ ਪਰ ਅਭਿਆਸੀ ਹੀ ਵਾਸਤਵ ਵਿੱਚ ਪੂਰਨ ਸਿਖਿਆ ਹੈ, ਅਭਿਆਸ ਨਾਲ ਹੀ ਪਰਪੱਕਤਾ ਆਉਂਦੀ ਹੈ।

ਜਿਵੇਂ ਬਾਹਰੀ ਸੰਸਾਰ ਵਿਚ ਬਹੁਤ ਸਾਰਾ ਕੁਝ ਲੁਭਾਇਮਾਨ ਕਰਨ ਵਾਲਾ ਹੈ, ਆਕਰਸ਼ਕ ਕਰਨ ਵਾਲਾ ਹੈ ਏਸੇ ਤਰ੍ਹਾਂ ਪਹਿਲੇ ਪਹਿਲ ਮੈਡੀਟੇਸ਼ਨ ਦੇ ਅਨੁਭਵ ਵੀ ਭਰਮਾ ਸਕਦੇ ਹਨ। ਮਿਸਾਲ ਵਜੋਂ ਜਦੋਂ ਸਾਧਕ ਚੇਤਨ ਮਨ ਤੇ ਇਕਾਗਰ ਕਰਨ ਤੋਂ ਬਾਅਦ ਅਚੇਤ ਮਨ ਦੀਆਂ ਪਰਤਾਂ ਤੇ ਪਹੁੰਚਦਾ ਹੈ ਉਹ ਆਪਣੇ ਆਪ ਨੂੰ ਗੁਆਚਿਆ ਮਹਿਸੂਸ ਕਰਦਾ ਹੈ, ਕਦੀ-ਕਦੀ ਤਾਂ ਭੈ ਭੀਤ ਵੀ ਹੋ ਜਾਂਦਾ ਹੈ, ਬਹੁਤ ਵਾਰੀ ਆਪਣੇ ਪਿਛੋਕੜ ਤੇ ਵਿਚਾਰ ਮਗਨ ਹੋ ਜਾਂਦਾ ਹੈ। ਇਹੋ ਜਿਹੇ ਸਮੇਂ ਗੁਰੂ ਹੀ ਇਸ ਪਰੇਸ਼ਾਨੀ ਵਿਚੋਂ ਬਾਹਰ ਕੱਢਦਾ ਹੈ, ਭੂਤਕਾਲ ਦੀਆਂ ਯਾਦਾਂ ਤੋਂ ਛੁਟਕਾਰਾ ਦਿਵਾਉਂਦਾ ਹੈ। ਪ੍ਰਤੀਹਾਰ ਦੁਆਰਾ ਹੀ ਇੰਦ੍ਰੀਆਂ ਦੇ ਪ੍ਰਤੱਖ ਗਿਆਨ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਕਾਗਰਤਾ ਨਾਲ ਹੀ ਮਨ ਨੂੰ ਇੱਕ ਖਾਸ ਬਿੰਦੂ ਤੇ ਟਿਕਾਇਆ ਜਾ ਸਕਦਾ ਹੈ। ਮੈਡੀਟੇਸ਼ਨ ਨਾਲ ਮਨ ਨੂੰ ਅਚੇਤ ਮਨ ਦੀਆਂ ਸਾਰੀਆਂ ਪਰਤਾਂ ਤੋਂ ਉਪਰ ਲੈ ਜਾਇਆ ਜਾਂਦਾ ਹੈ।

ਮੈਡੀਟੇਸ਼ਨ ਕਰਦਿਆ ਜਗਿਆਸੂ ਕੀ ਭਾਲਦਾ ਹੈ, ਕੀ ਚਾਹੁੰਦਾ ਹੈ, ਕਿਸੇ ਖਾਸ ਚੀਜ਼ ਦੀ ਭਾਲ ਕਰਨੀ ਕੁਝ ਖਾਸ ਦੇਖਣ ਦੀ ਆਸ ਰੱਖਣੀ ਬਹੁਤ ਹੀ ਮੂਰਖਤਾ ਦੀ ਗੱਲ ਹੈ। ਜਗਿਆਸੂ ਨੂੰ ਚਾਹੀਦਾ ਹੈ ਉਹ ਇਸ ਗੱਲ ਦਾ ਧਿਆਨ ਰੱਖੇ, ਦ੍ਰਿੜ੍ਹ ਰਹੇ ਕਿ ਉਸ ਦਾ ਮਨ ਪਿਛਲੀਆਂ ਯਾਦਾਂ ਵਿਚ ਨਾ ਜਾਵੇ ਪਿਛਲੀਆਂ ਆਦਤਾਂ ਵਿਚ ਨਾ ਫਸਿਆ ਰਹੇ, ਏਸ ਗੱਲ ਤੇ ਲਗਾਤਾਰ ਪਹਿਰਾ ਦੇਣ ਦੀ ਲੋੜ ਹੈ, ਚੌਕਸ ਰਹਿਣ ਦੀ ਲੋੜ ਹੈ, ਬਾਰ-ਬਾਰ ਦ੍ਰਿੜ੍ਹਤਾ ਰੱਖਣ ਦੀ ਲੋੜ ਹੈ, ਅੰਦਰ ਦੀ ਸ਼ਕਤੀ ਨੂੰ ਕਾਬੂ ਰੱਖਣ ਦੀ ਲੋੜ ਹੈ। ਜੇਕਰ ਤੁਸੀਂ ਲੱਗੇ ਰਹੋ, ਆਪਣੀ ਮੈਡੀਟੇਸ਼ਨ ਕਰਦੇ ਰਹੋ, ਅਟੱਲ ਰਹੋ, ਸਾਰੀਆਂ ਸਮੱਸਿਆਵਾਂ, ਸਾਰੀਆਂ ਇਛਾਵਾਂ ਖਤਮ ਹੋ ਜਾਂਦੀਆਂ ਹਨ। ਇਥੇ ਮੈਂ ਸਾਧਕਾਂ ਦੇ ਲਈ ਇਕ ਗੱਲ ਦੱਸਣੀ ਚਾਹਾਂਗਾ। ਮਨ ਤਾਂ ਹਰ ਤਰ੍ਹਾਂ ਦੇ ਚਿੰਨਾਂ ਨਾਲ ਬਿੰਬਾਂ ਨਾਲ ਭਰਿਆ ਪਿਆ ਹੈ, ਇਕ ਕਿਸੇ ਬਿੰਬ ਨੂੰ ਦੇਖਣ ਨਾਲ ਇਕਾਗਰਤਾ ਵਧਦੀ ਹੈ, ਵਧੇਰੇ ਪੱਕੀ ਹੁੰਦੀ ਹੈ।

ਇਸ ਇਕ ਗੱਲ ਤੇ ਇੱਕ ਬਿੰਦੂ ਤੇ ਖੋਜ ਕੀਤੀ ਗਈ ਦਸਦੀ ਹੈ ਕਿ ਮੈਡੀਟੇਸ਼ਨ ਜਾਂ ਤਾਂ ਮੰਤਰ ਦੀ ਆਵਾਜ਼ ਤੇ ਕਰਨੀ ਚਾਹੀਦੀ ਹੈ, ਸ਼ਬਦ ਤੇ ਕਰਨੀ ਚਾਹੀਦੀ ਹੈ ਜਾਂ ਛੋਟੀ ਜਿਹੀ ਰੋਸ਼ਨੀ ਤੇ ਜਿਵੇਂ ਇਕ ਅੰਗੂਠੇ ਜਿੱਡੀ ਰੋਸ਼ਨੀ ਹੋਵੇ। ਕਿਸੇ ਰੰਗ ਨੂੰ ਦੇਖਣਾ, ਕਿਸੇ ਚੀਜ਼ ਨੂੰ ਦੇਖਣਾ, ਤੁਹਾਡੀ ਇਕਾਗਰਤਾ ਲਈ ਸਹਾਇਕ ਹੋ ਸਕਦੀ ਹੈ ਪਰ ਮੈਡੀਟੇਸ਼ਨ ਲਈ ਸਹਾਇਕ ਨਹੀਂ ਹੋ ਸਕਦੀ। ਮੰਤਰ ਦੀ ਧੁਨੀ ਤੇ ਮੈਡੀਟੇਸ਼ਨ ਕਰਕੇ ਜਗਿਆਸੂ ਸੁੰਨ ਅਵਸਥਾ ਤੇ ਪਹੁੰਚ ਜਾਂਦਾ ਹੈ, ਡੂੰਘੀ ਚੁੱਪ ਵਿਚ ਚਲਾ ਜਾਂਦਾ ਹੈ। ਮਨ ਨੂੰ ਵੱਖ-ਵੱਖ ਚੱਕਰਾਂ ਤੇ ਇਕਾਗਰ ਕਰਕੇ ਮੱਧ ਚੱਕਰ ਤੇ ਰੱਖ ਕੇ ਮੈਡੀਟੇਸ਼ਨ ਦੇ ਤਰੀਕੇ ਨੂੰ ਛੇਤੀ ਪ੍ਰਾਪਤ ਕੀਤਾ ਜਾ ਸਕਦਾ ਹੈ। ਮੈਡੀਟੇਸ਼ਨ ਦੇ ਬਹੁਤ ਸਾਰੇ ਅਭਿਆਸਾਂ ਬਾਰੇ ਨਹੀਂ ਸੋਚਣਾ ਚਾਹੀਦਾ, ਨਿਸਲ ਹੋਣ ਦੀਆਂ ਵਰਜਿਸਾਂ, ਦਬਾਅ ਨੂੰ, ਸਟਰੇਸ ਨੂੰ ਖਤਮ ਕਰਨ ਲਈ ਹਨ। ਬਹੁਤ ਸਾਰੇ ਮਨੋਵਿਗਿਆਨ ਔਗੁਣ ਦੂਰ ਕਰਨ ਲਈ ਹਨ, ਇਨ੍ਹਾਂ ਤੋਂ ਬਾਅਦ ਹੀ ਤੁਸੀਂ ਡੂੰਘੀ ਅਵਸਥਾ ਤੇ ਪਹੁੰਚ ਕੇ ਅਨੰਦ ਪ੍ਰਾਪਤ ਕਰ ਸਕਦੇ ਹੋ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਜੋ ਕੁਝ ਵੀ ਅਸੀਂ ਦੇਖਦੇ ਹਾਂ, ਸੁਣਦੇ ਹਾਂ, ਪੜ੍ਹਦੇ ਹਾਂ, ਕਲਪਨਾ ਕਰਦੇ ਹਾਂ ਇਹ ਸਭ ਸਾਡੇ ਮਨ ਨੂੰ ਅਸ਼ਾਂਤ ਹੀ ਕਰਦਾ ਹੈ, ਮੈਡੀਟੇਸ਼ਨ ਕਰਦਿਆਂ ਇਹ ਸਭ ਕੁਝ ਨੂੰ ਦੌਹਰਾਨਾ ਨਹੀਂ ਹੈ, ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ

ਇਸ ਕੁਝ ਤੋਂ ਅੱਗੇ ਲੰਘਣਾ ਹੈ, ਇਸ ਸਭ ਕੁਝ ਨੂੰ ਪਾਰ ਕਰਨਾ ਹੈ, ਅੰਦਰ ਡੂੰਘੇ ਜਾਣਾ ਹੈ, ਇੰਦ੍ਰੀਆਂ ਸਰੀਰ ਤੋਂ ਪਰ੍ਹੇ ਹਨ, ਮਨ ਇੰਦ੍ਰੀਆਂ ਤੋਂ ਪਰ੍ਹੇ ਹੈ, ਚੇਤਨ ਬਿੰਦੂ ਮਨ ਤੋਂ ਪਰ੍ਹੇ ਹੈ, ਮਨ ਤੋਂ ਪਰ੍ਹੇ ਦਾ ਅਰਥ ਹੈ, ਮਨੁੱਖ ਪਕੜ ਤੋਂ ਪਰ੍ਹੇ ਨਹੀਂ, ਮਨ ਦੀਆਂ ਸਾਰੀਆਂ ਅਵਸਥਾ ਤੋਂ ਪਰ੍ਹੇ ਹੈ।

ਬਾਹਰ ਦੀ ਕੋਈ ਵੀ ਚੀਜ਼ ਸਾਧਕ ਨੂੰ ਮੈਡੀਟੇਸ਼ਨ ਦੀ ਡੂੰਘਾਈ ਤੇ ਜਾਣ ਲਈ ਸਹਾਇਕ ਨਹੀਂ ਹੋ ਸਕਦੀ, ਬਾਹਰੀ ਸੰਸਾਰ ਸਾਧਕ ਨੂੰ ਅਸ਼ਾਂਤ ਜ਼ਰੂਰ ਕਰ ਸਕਦਾ ਹੈ। ਔਕੜਾਂ ਖੜ੍ਹੀਆਂ ਕਰ ਸਕਦਾ ਹੈ। ਸਾਧਕ ਦਾ ਆਪਣਾ ਮਨ, ਇੱਛਾ ਸ਼ਕਤੀ, ਦ੍ਰਿੜ੍ਹਤਾ ਹੀ ਸਾਧਕ ਸਮਾਧੀ ਦੀ ਅਵਸਥਾ ਤੇ ਪਹੁੰਚਾ ਸਕਦੀ ਹੈ। ਮੈਡੀਟੇਸ਼ਨ ਦਾ ਉਦੇਸ਼ ਹਰ ਸਮੇਂ ਚੇਤਨ ਬਿੰਦੂ ਲਈ ਸੁਚੇਤ ਰਹਿਣਾ ਹੈ। ਮਨੁੱਖ ਇਕ ਸੀਮਤ ਭਾਂਡੇ ਦੀ ਤਰ੍ਹਾਂ ਹੈ ਜਿਸ ਦੇ ਅੰਦਰ ਅਸੀਮਤਾ ਹੈ, ਅਨੰਤਤਾ ਹੈ। ਸਾਧਕ ਇਸ ਅਨੰਤਤਾ ਪ੍ਰਤੀ ਸੁਚੇਤ ਹੋ ਕੇ ਮੈਡੀਟੇਸ਼ਨ ਦਾ ਅਭਿਆਸ ਕਰ ਸਕਦਾ ਹੈ। ਆਪਣੇ ਰੋਜ਼ ਦੇ ਕੰਮ ਕਾਜ, ਰੋਜ਼ ਦੀ ਕ੍ਰਿਆ ਕਰ ਸਕਦਾ ਹੈ। ਇਸ ਮੈਡੀਟੇਸ਼ਨ ਨੂੰ ਰੋਜ਼ ਦੇ ਜੀਵਨ ਵਿੱਚ ਕੀਤੀ ਜਾਣ ਵਾਲੀ ਮੈਡੀਟੇਸ਼ਨ ਕਿਹਾ ਜਾ ਸਕਦਾ ਹੈ, ਮੈਡੀਟੇਸ਼ਨ ਕ੍ਰਿਆ ਕਿਹਾ ਜਾ ਸਕਦਾ ਹੈ। ਪਰ ਪਹਿਲਾਂ-ਪਹਿਲਾਂ ਚੁੱਪ ਹੋ ਕੇ ਸਥਿਰ ਹੋ ਕੇ ਬੈਠਣਾ ਮੈਡੀਟੇਸ਼ਨ ਦਾ ਅਨੁਸਾਸ਼ਨ ਰਖਣਾ ਅਤਿ ਅਵਸ਼ਕ ਹੈ। ਜਿਹੜੇ ਕਿਸੇ ਕਾਰਣ ਵਸ ਮੈਡੀਟੇਸ਼ਨ ਚੁੱਪ ਕਰਕੇ ਬੈਠ ਕੇ ਨਹੀਂ ਕਰ ਸਕਦੇ, ਉਹ ਆਪਣੀਆਂ ਡੀਊਟੀਆਂ ਕਰਦੇ ਮੈਡੀਟੇਸ਼ਨ ਕਰ ਸਕਦੇ ਹਨ। ਬਹੁਤ ਸਾਰੇ ਸਾਧਕ ਜਿਹੜੇ ਸਮਾਧੀ ਲਈ ਮੈਡੀਟੇਸ਼ਨ ਕਰਦੇ ਹਨ, ਉਨ੍ਹਾਂ ਨੇ ਆਪਣਾ ਜੀਵਨ ਹੀ ਮੈਡੀਟੇਸ਼ਨ ਲਈ ਦਿਤਾ ਹੈ, ਉਹ ਨਾਲ-ਨਾਲ ਯੋਗ ਨਿੰਦਰਾ ਦਾ ਅਭਿਆਸ ਵੀ ਕਰਦੇ ਹਨ। ਇਹ ਬਿਲਕੁਲ ਮੈਡੀਟੇਸ਼ਨ ਦੀ ਤਰ੍ਹਾਂ ਹੀ ਹੈ ਪਰ ਫੇਰ ਵੀ ਮੈਡੀਟੇਸ਼ਨ ਤੋਂ ਫਰਕ ਹੈ। ਯੋਗ ਨਿੰਦਰਾ ਮੈਡੀਟੇਸ਼ਨ ਕਰਨ ਵਿਚ ਸਹਾਇਕ ਹੁੰਦੀ ਹੈ।

ਮਨੁਖ ਦਾ ਮਨ ਦਿਮਾਗ ਇਕ ਬਹੁਤ ਵੱਡਾ ਯੋਗਤਾ ਤੇ ਸ਼ਕਤੀ ਦਾ ਭੰਡਾਰ ਹੈ, ਮਨ ਬਹੁਤ ਸਾਰੇ ਪੱਖਾਂ ਨੂੰ ਜੀਵਨ ਦੀਆਂ ਵੱਖ-ਵੱਖ ਪੱਧਰ ਨੂੰ ਜਾਣ ਸਕਦਾ ਹੈ, ਖੋਜ ਸਕਦਾ ਹੈ ਪਰ ਉਸ ਲਈ ਸਿਖਿਆ ਦੀ ਲੋੜ ਹੈ। ਆਪਾ ਚੀਨਣ ਦੀ ਲੋੜ ਹੈ, ਯੋਗੀ ਡੂੰਘੀ ਨੀਂਦਰ ਵਿਚ ਜਾ ਸਕਦੇ ਹਨ, ਫੇਰ ਆਪਣੀ ਸੰਕਲਪ ਸ਼ਕਤੀ ਨਾਲ ਜਾਗ ਵੀ ਸਕਦੇ ਹਨ, ਆਪਣੀ ਦ੍ਰਿੜ੍ਹਤਾ ਨਾਲ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਿਖਾ ਸਕਦੇ ਹਨ। ਏਸੇ ਨੂੰ ਯੋਗ ਨਿੰਦਰਾ ਕਹਿੰਦੇ ਹਨ। ਯੋਗ ਨਿੰਦਰਾ ਨਾਲ ਜਿਹੜਾ ਆਰਾਮ ਮਿਲਦਾ ਹੈ ਜੋ ਨੀਂਦ ਇਹ ਹੁੰਦੀ ਹੈ ਉਹ ਆਮ ਨੀਂਦ ਨਹੀਂ ਹੁੰਦੀ, ਯੋਗ ਨਿੰਦਰਾ ਆਪ ਨੀਂਦ ਤੋਂ ਕਿਤੇ ਵੱਧ ਗੁਣਕਾਰੀ ਹੁੰਦੀ ਹੈ। ਆਪ ਨੀਂਦ ਨਾਲ ਸਾਨੂੰ ਅਧੂਰਾ ਆਰਾਮ ਮਿਲਦਾ ਹੈ। ਯੋਗ ਨਿੰਦਰਾ ਪੂਰਾ-ਪੂਰਾ ਆਰਾਮ ਦਿੰਦੀ ਹੈ ਇਸ ਵਿਚ ਚੇਤਨ ਮਨ ਵੀ ਪੂਰੀ ਤਰ੍ਹਾਂ ਨਾਲ ਆਰਾਮ ਪ੍ਰਾਪਤ ਕਰਦਾ ਹੈ। ਬਹੁਤ ਵਾਰੀ ਸੁਪਨੇ ਚਿਕਿਤਸਕ ਵੀ ਹੁੰਦੇ ਹਨ, ਉਹ ਸੁਪਨੇ ਜਿਹੜੇ ਨੀਂਦ ਦਾ ਸਮਾਂ ਬਰਬਾਦ ਕਰਦੇ ਹਨ, ਉਹ ਕਦੀ ਵੀ ਚਿਕਿਤਸਕ ਨਹੀਂ ਹੋ ਸਕਦੇ। ਜਾਗਣਾ, ਸੁਪਨ ਤੇ ਸੌਣਾ ਤੇ ਤਿੰਨ ਅਵਸਥਾ ਹਨ ਮਨ ਦੀਆਂ। ਜੇਕਰ ਮਨ ਨੂੰ ਸਿਖਾਇਆ ਗਿਆ ਹੋਵੇ, ਟਰੇਨ ਕੀਤਾ ਗਿਆ ਹੋਵੇ, ਯੋਗ ਨਿੰਦਰਾ ਦਾ ਅਭਿਆਸ ਕੀਤਾ ਹੋਵੇ, ਤੁਸੀਂ ਚੇਤਨ ਹੋ ਕੇ ਸੌਂ ਸਕਦੇ ਹੋ, ਉਠ ਸਕਦੇ ਹੋ, ਤੁਹਾਨੂੰ ਡਰਾਵਣੇ ਸੁਪਨੇ ਨਹੀਂ ਤੰਗ ਕਰਨਗੇ, ਕੋਈ ਭੈ ਨਹੀਂ ਰਹੇਗਾ, ਇਹ ਕਹਿ ਕੇ ਮੈਂ ਸੁਪਨ ਚਿਕਿਤਸਾ ਨੂੰ ਨਖੇਦ ਨਹੀਂ ਰਿਹਾ, ਪਰ ਯੋਗ ਨਿੰਦਰਾ ਦੇ ਸਾਧਕ ਲਈ ਇਸ ਲਈ ਬਹੁਤ ਹੀ ਸਮਾਂ ਲਗ ਜਾਂਦਾ ਹੈ, ਸਮਾਂ ਬਰਬਾਦ ਹੋ ਜਾਂਦਾ ਹੈ। ਏਨਾ ਹੀ ਨਹੀਂ ਇਹ ਚੀਜ਼ ਯੋਗਾ ਅਭਿਆਸ ਲਈ ਰੁਕਾਵਟ ਵੀ ਬਣ ਜਾਂਦੀ ਹੈ। ਸੁਪਨੇ ਮਨ ਦੇ ਦਬੇ, ਦਬਾ ਕੇ ਰੱਖੇ ਗਏ ਵਿਚਾਰਾਂ ਦਾ, ਘਟਨਾਵਾਂ ਦਾ ਪ੍ਰਗਟਾਵਾ ਹੈ ਕਿਉਂਕਿ ਏਨ੍ਹਾਂ ਨੂੰ ਜੀਵਨ ਵਿਚ ਪ੍ਰਗਟਾਉਣ ਦਾ ਅਵਸਰ ਨਹੀਂ ਦਿਤਾ ਗਿਆ, ਇਸ ਕਰਕੇ ਇਹ ਸੁਪਨੇ ਵਿਚ ਪ੍ਰਗਟ ਹੁੰਦੇ ਹਨ, ਜਦੋਂ ਚੇਤਨ ਮਨ ਸੁੱਤਾ ਹੁੰਦਾ ਹੈ। ਯੋਗ ਨਿੰਦਰਾ ਰਾਹੀਂ ਤੁਸੀਂ ਚੇਤਨ ਹੋ ਕੇ ਪੂਰਾ ਆਰਾਮ ਕਰ ਸਕਦੇ ਹੋ। ਜਿਨ੍ਹਾਂ ਨੇ ਯੋਗ ਨਿੰਦਰਾ ਦਾ ਅਭਿਆਸ ਕੀਤਾ ਹੈ ਉਹ ਜਦੋਂ ਚਾਹੁੰਣ ਸੌਂ ਸਕਦੇ ਹਨ। ਜਦੋਂ ਚਾਹੁੰਣ ਉਠ ਸਕਦੇ ਹਨ। ਹਰ ਵੇਲੇ ਇਹ ਕਹਿਣਾ ਮੈਂ ਥੱਕਿਆ ਹਾਂ, ਮੈਂ ਠੀਕ ਤਰ੍ਹਾਂ ਸੌਂ ਨਹੀਂ ਸਕਦਾ ਇਹ ਤਾਂ ਸੁਸਤ ਬੰਦੇ ਦਾ ਕੰਮ ਹੈ। ਸੁਸਤ ਬੰਦੇ ਦੀ ਫਿਲੌਸਫੀ ਹੈ। ਜੇ ਤੁਸੀਂ ਆਪਣੇ ਪੱਠਿਆਂ ਨੂੰ ਆਰਾਮ ਦੇਣਾ ਸਿੱਖ ਲਵੋ, ਫੇਰ ਨਾੜੀਆਂ ਨੂੰ ਸ਼ੁੱਧ ਕਰਨਾ ਨਾੜੀ ਤੰਤੂ ਨੂੰ ਸਾਫ ਸ਼ੁੱਧ ਕਰਨਾ ਸਿਖ ਲਵੋ, ਕਾਰਬਨ ਡਾਈਆਕਸਾਈਡ ਨੂੰ ਅੰਦਰ ਇਕੱਠਾ ਨਾ ਹੋਣ ਦਿਓ, ਤਾਂ ਸਰੀਰ ਹਰ ਵਿਸ਼ੈਲੇਪਨ ਤੋਂ ਸ਼ੁੱਧ ਰਹਿ ਸਕਦਾ ਹੈ, ਸਵਸਥ ਰਹਿ ਸਕਦਾ ਹੈ। ਚੇਤਨ ਮਨ ਨੂੰ ਫੇਰ ਇੰਦ੍ਰੀਆਂ ਤੋਂ ਹਟਾ ਕੇ ਆਰਾਮ ਵਿਚ ਲੈ ਜਾਇਆ ਜਾ ਸਕਦਾ ਹੈ।

ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

ਐਤਵਾਰ – 30, 02, 09, 16, 25 ਅਪ੍ਰੈਲ
(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)
ਸੰਗਰਾਂਦ 14 ਮਈ, ਦਿਨ ਸ਼ੁਕਰਵਾਰ
(ਸਵੇਰ ਦੇ ਸਮੇਂ 7.00 ਵਜੇ ਤੋਂ 9.00 ਵਜੇ ਤੱਕ)
ਚੜ੍ਹਦੀ ਪੂਰਨਮਾਸ਼ੀ– 26 ਮਈ ਦੀ ਰਾਤ, ਦਿਨ ਬੁੱਧਵਾਰ
(ਸਮਾਂ – ਸ਼ਾਮ 7.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)

ਜਰੂਰੀ ਸੂਚਨਾ – ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

ਵਿਸ਼ੇਸ਼ ਬੇਨਤੀ

ਹਰ ਐਤਵਾਰ ਦਿਨ ਦੇ 4.00 ਵਜੇ ਪਰਮ ਪੂਜਯ ਸਤਿਕਾਰਯੋਗ ਬੀਜੀ ਸੰਗਤਾਂ ਨੂੰ ਦਰਸ਼ਨ ਦਿੰਦੇ ਅਤੇ ਗੁਰ ਸੰਗਤ ਦੇ ਦਰਸ਼ਨ ਦੀਦਾਰ ਰਤਵਾੜਾ ਸਾਹਿਬ ਵਿਖੇ ਕਰਦੇ ਹਨ।

ਸਿਹਤ ਰੱਖਿਆ ਗਿਆਨ

ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)
ਆਯੁਰਵੇਦ ਭੀਸ਼ਗ ਆਚਾਰੀਯ।
ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।
ਮੋਬਾਈਲ ਨੰ. 98156-07803

ਸਾਡੀ ਖੁਰਾਕ ਦਾ ਕੈਂਸਰ ਨਾਲ ਸਬੰਧ - ਦੁਨੀਆਂ ਵਿਚ ਅੱਜਕਲ੍ਹ ਤੰਦਰੁਸਤੀ ਬਾਰੇ ਚਿੰਤਾ ਵਧ ਰਹੀ ਹੈ। ਇਸ ਲਈ ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ। ਕੀ ਖਾਣਾ ਚਾਹੀਦਾ ਹੈ ਤੇ ਕੀ ਨਹੀਂ ਖਾਣਾ ਚਾਹੀਦਾ। ਜ਼ਿਆਦਾ ਚਿਕਨੇ ਭੋਜਨ, ਮਾਸ, ਧੂਮਰਪਾਣ (ਸਿਗਰਟ ਬੀੜੀਆਂ) ਜਾਂ ਚਰਬੀ, ਵਸਾ, ਮਾਸ, ਭੋਜਨ ਸਰੀਰ ਵਿਚ ਕੀ ਰੋਗ ਪੈਦਾ ਕਰ ਸਕਦਾ ਹੈ। ਕਿਤਨਾ ਖਾਣਾ ਚਾਹੀਦਾ ਹੈ। ਹੁਣ ਤਕ ਦੱਸਿਆ ਗਿਆ ਹੈ ਕਿ ਮਾਸਾਹਾਰੀ ਭੋਜਨ, ਜ਼ਿਆਦਾ ਨਮਕ, ਚੀਨੀ, ਤੰਦਰੁਸਤੀ ਲਈ ਅਤਿਅੰਤ ਹਾਨੀਕਾਰਕ ਹੈ।

ਇਹ ਵੀ ਖੋਜ ਕੀਤੀ ਜਾ ਰਹੀ ਹੈ ਕਿ ਕਿਸ ਚੀਜ਼ ਤੋਂ ਕੈਂਸਰ ਹੋ ਸਕਦਾ ਹੈ ਕਿ ਕਿਸ ਚੀਜ਼ ਤੋਂ ਨਹੀਂ। ਇਸ ਤਰ੍ਹਾਂ ਹੋਰ ਰੋਗਾਂ ਬਾਰੇ ਵੀ ਹੈ। ਆਯੁਰਵੇਦ ਖੋਜ ਅਨੁਸਾਰ ਗਾਜਰ, ਟਮਾਟਰ ਅਤੇ ਸੰਤਰਾ ਖਾਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਕੈਂਸਰ ਵੀ ਨਹੀਂ ਹੁੰਦਾ। ਛਾਤੀ ਦਾ ਕੈਂਸਰ ਉਨ੍ਹਾਂ ਨੂੰ ਹੁੰਦਾ ਹੈ ਜੋ ਜ਼ਿਆਦਾ ਚਿਕਨਾਈ ਵਾਲੇ ਭੋਜਨ ਖਾਂਦੇ ਹਨ। ਪਿਛਲੇ ਲੇਖ ਵਿਚ ਇਹ ਵੀ ਲਿਖਿਆ ਹੈ ਕਿ ਮਾਸਾਹਾਰੀ ਭੋਜਨ ਕਰਨ ਵਾਲੇ ਦੇ ਸਰੀਰ ਤੇ ੫● ਕਿਸਮ ਦੇ ਰੋਗ ਧਾਵਾ ਬੋਲਦੇ ਹਨ। ਮਾਸਾਹਾਰੀ, ਚਿਕਨੇ ਪਦਾਰਥ ਜਾਂ ਤਲੇ ਪਦਾਰਥਾਂ ਦੀ ਵਰਤੋਂ ਨਾ ਕਰਨ ਨਾਲ ਸਰੀਰ ਵਿਚ ਰਸੌਲੀਆਂ ਦਾ ਬਣਨਾ ਘਟ ਹੋ ਜਾਂਦਾ ਹੈ। ਜ਼ਿਆਦਾ ਲਾਲ ਮਿਰਚ, ਮਸਾਲੇ, ਧੂੰਏਂ ਵਿਚ ਭੋਜਨ ਪਕਾਉਣ ਨਾਲ ਕੈਂਸਰ ਵਾਲੇ ਦੋਸ਼ ਪੈਦਾ ਹੋ ਜਾਂਦੇ ਹਨ। ਗਾਜਰ, ਖੀਰਾ, ਟਮਾਟਰ, ਸ਼ਕਰਕੰਦ ਆਦਿ ਪਦਾਰਥ ਸਿਹਤ ਲਈ ਲਾਭਕਾਰੀ ਹਨ। ਇਨ੍ਹਾਂ ਨਾਲ ਸਰੀਰ ਵਿਚ ਵਿਟਾਮਿਨ 'ਏ' ਬਣਦਾ ਹੈ।

ਅੱਜਕੱਲ੍ਹ ਅਸਾਧ ਅਰਬਦ (ਰਸੌਲੀ) ਨੂੰ ਕੈਂਸਰ ਰੋਗ ਕਿਹਾ ਜਾਂਦਾ ਹੈ, ਨਵੀਨ ਚਿਕਿਤਸਾ ਵਿਗਿਆਨੀਆਂ ਅਨੁਸਾਰ ਸਭ ਤਰ੍ਹਾਂ ਦੀਆਂ ਘਾਤਕ ਅਰਬਦ (ਰਸੌਲੀ) ਲਈ ਕੈਂਸਰ ਸ਼ਬਦ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਰੋਗ ਦੀ ਚਿਕਿਤਸਾ ਅਤੇ ਰੋਕਥਾਮ ਆਯੁਰਵੈਦਿਕ ਚਿਕਿਤਸਾ ਵਿਚ ਸੰਭਵ ਹੈ। ਇਸ ਲਈ ਆਯੁਰਵੈਦਿਕ ਚਿਕਿਤਸਾ ਦਾ ਕਹਿਣਾ ਹੈ ਲੋਕਾਂ ਨੂੰ ਸ਼ਾਕਾਹਾਰੀ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ, ਦੇਸੀ ਘਿਉ, ਗਊਆਂ ਦਾ ਦੁੱਧ, ਗਾਜਰ ਦਾ ਜੂਸ, ਠੰਢੀ ਹਵਾ 'ਚ ਤੁਰਨਾ ਫਿਰਨਾ, ਮੋਟੇ ਆਟੇ ਦੀ ਰੋਟੀ, ਚੌਲ ਆਦਿ, ਸ਼ਬਦ ਕੀਰਤਨ ਸੁਣਨਾ ਵੀ ਅਤਿਅੰਤ ਲਾਭਕਾਰੀ ਹੈ। ਸਰਕਾਰ ਨੂੰ ਇਸ ਭਿਆਨਕ ਰੋਗ ਦੀ ਰੋਕਥਾਮ ਅਤੇ ਚਿਕਿਤਸਾ ਲਈ ਆਯੁਰਵੈਦਿਕ ਪ੍ਰਣਾਲੀ ਦੇ ਉੱਚ ਅਧਿਕਾਰੀਆਂ ਨੂੰ ਮਿਲ ਕੇ ਇਸ ਬਿਮਾਰੀ ਦੀ ਰੋਕਥਾਮ ਦਾ ਉਪਰਾਲਾ ਕਰਨਾ ਚਾਹੀਦਾ ਹੈ। ਤੁਲਸੀ, ਗੁਲਾਬ, ਗਿਲੋ, ਪੁਦੀਨਾ ਹਰ ਘਰ ਵਿਚ ਲਾਉਣਾ ਲਾਭਕਾਰੀ ਹੈ, ਅਨੇਕਾਂ ਰੋਗਾਂ ਤੋਂ ਬਚਾਉ ਕਰਦਾ ਹੈ ਨਿੰਮ ਦੇ ਬ੍ਰਿਛ ਪਿੰਡਾਂ ਅਤੇ ਸ਼ਹਿਰਾਂ ਵਿਚ ਵਧੇਰੇ ਲਗਾਉਣੇ ਚਾਹੀਦੇ ਹਨ। ਹਵਾ ਵਿਚ ਸ਼ੁੱਧ ਵਾਯੂ ਪੈਦਾ ਕਰਕੇ ਛੂਤ ਦੇ ਰੋਗ, ਕੁਸ਼ਟ, ਕੈਂਸਰ ਜੈਸੇ ਭਿਆਨਕ ਰੋਗਾਂ ਤੋਂ ਬਚਾਓ ਰਹਿੰਦਾ ਹੈ। ਹਫਤੇ ਵਿਚ ਇਕ ਦਿਨ ਦਾ ਉਪਵਾਸ (ਵਰਤ) ਰੱਖਣ ਨਾਲ ਕੈਂਸਰ ਅਤੇ ਹੋਰ ਰੋਗਾਂ ਤੋਂ ਬਚਾਓ ਰਹਿੰਦਾ ਹੈ।

ਲੱਸਣ ਸਿਹਤ ਲਈ ਵਰਦਾਨ - ਲੱਸਣ ਤੋਂ ਪ੍ਰਾਪਤ ਹੋਣ ਵਾਲੇ ਲਾਭਾਂ ਦੀ ਬਹੁਤ ਵੱਡੀ ਲਿਸਟ ਹੈ। ਇਸ ਦੇ ਗੁਣ ਸੰਖੇਪ ਜਿਹੇ ਲਿਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਵੇਂ ਲੱਸਣ ਵਿਚ ਅਨੇਕਾਂ ਗੁਣ ਹਨ। ਇਹ ਅੰਮ੍ਰਿਤ ਰੂਪ ਹੈ ਇਹ ਜੜ੍ਹੀ ਬੂਟੀਆਂ ਦੀ ਮੁਖ ਹੈ। ਸਰੀਰ ਵਿਚ ਤਾਕਤ ਪੈਦਾ ਕਰਦੀ ਹੈ। ਕਫ ਬਲਗਮ ਨੂੰ ਵੀ ਦੂਰ ਕਰਦੀ ਹੈ। ਇਹ ਔਸ਼ਧੀਆਂ ਦੀ ਗੁਰੂ ਹੈ। ਟੁੱਟੀਆਂ ਹੱਡੀਆਂ ਨੂੰ ਜੋੜਦੀ ਹੈ। ਇਸ ਲੱਸਣ ਵਿਚ ਬਹੁਤ ਸਾਰੇ ਗੁਣ ਹਨ। ਪਰ ਪਤਾ ਨਹੀਂ ਪ੍ਰਮਾਤਮਾ ਨੇ ਇਸ ਵਿਚ ਕਿਉਂ ਦੁਰਗੰਧ ਪਾਈ ਹੈ। ਪਰ ਇਸ ਦੁਰਗੰਧੀ ਦੇ ਕਾਰਣ ਇਸਨੂੰ ਤਿਆਗਣ ਦੀ ਭੁੱਲ ਨਾ ਕਰੀਏ, ਨਹੀਂ ਤਾਂ ਇਸ ਦੇ ਬਹੁਤ ਸਾਰੇ ਲਾਭਾਂ ਤੋਂ ਵਾਂਝੇ ਰਹਿ ਜਾਵਾਂਗੇ। ਆਚਾਰੀਆ ਭਾਵ ਮਿਸਰ ਜੀ ਨੇ ਲੱਸਣ ਦੀ ਉਤਪਤੀ ਬਾਰੇ ਲਿਖਿਆ ਹੈ ਕਿ ਦੇਵ ਰਾਜ ਇੰਦਰ ਦੇ ਪਾਸੋਂ ਜਦੋਂ ਗਰੁੜ ਨੇ ਅੰਮ੍ਰਿਤ ਹਰਨ ਕੀਤਾ ਤਾਂ ਉਸ ਵਿਚੋਂ ਇਕ ਬੂੰਦ ਜ਼ਮੀਨ ਤੇ ਗਿਰ ਪਈ ਬੱਸ ਉਥੇ ਉਸ ਬੂੰਦ ਦੇ ਸਥਾਨ ਤੇ ਲੱਸਣ ਉੱਗ ਆਇਆ। ਹੋਰ ਵੀ ਬਹੁਤ ਸਾਰੇ ਪ੍ਰਮਾਣ ਹਨ। ਜਿਵੇਂ ਕਿ ਉਸ ਅੰਮ੍ਰਿਤ ਕੁੰਭ ਵਿਚੋਂ ਜਿੱਥੇ ਕਿਤੇ ਵੀ ਹੋਰ ਅੰਮ੍ਰਿਤ ਦੀਆਂ ਬੂੰਦਾਂ ਡਿੱਗੀਆਂ ਤਾਂ ਉਸ ਥਾਂ 'ਤੇ ਬਹੁਤ ਸਾਰੀਆਂ ਅੰਮ੍ਰਿਤਮਈ ਜੜ੍ਹੀਆਂ-ਬੂਟੀਆਂ ਪੈਦਾ ਹੋਈਆਂ। ਜਿਵੇਂ ਕਿ ਗਿਲੋ, ਲੱਸਣ, ਪੁਨਰਵਾ, ਮੇਦਾ, ਮਹਾਂਮੇਦਾ, ਜੀਵਨ, ਕਿਸ੍ਰਭਿਕ, ਕੰਕੋਲੀ, ਖੀਰ ਕੰਕੋਲੀ, ਰਿੱਧੀ, ਬ੍ਰਿਧੀ ਜਿਵੇਂ ਇਹ ਅਸ਼ਟ ਵਰਗ ਹੈ ਤੇ ਹੋਰ ਵੀ ਬੂਟੀਆਂ ਅੰਮ੍ਰਿਤਮਈ ਪੈਦਾ ਹੋਈਆਂ ਹਨ ਉਨ੍ਹਾਂ ਵਿਚੋਂ ਹੀ ਇਕ ਲਸਣ ਹੈ। ਕਿਹਾ ਜਾਂਦਾ ਹੈ ਕਿ ਇਸ ਵਿਚ ਦੁਰਗੰਧ ਹੋਣ ਦਾ ਕਾਰਣ ਕਿਸੇ ਸਰਾਫ ਤੋਂ ਹੋਇਆ ਹੈ। ਇਸ ਦੀ ਕਹਾਣੀ ਇਉਂ ਹੈ। ਚਾਰ ਸਾਧੂ ਪਹਾੜੀਆਂ ਵਿਚ ਵਿਚਰ ਰਹੇ ਸੀ। ਇਕ ਸਾਧੂ ਬਿਮਾਰ ਹੋ ਗਿਆ ਜਿਸ ਨੂੰ ਕਾਫੀ ਖਾਂਸੀ, ਬੁਖਾਰ ਰਹਿਣ ਕਾਰਣ ਰਾਜਯਕਸ਼ਮ (ਟੀ.ਬੀ) ਰੋਗ ਹੋ ਗਿਆ। ਨਾਲ ਦੇ ਸਾਥੀ ਕੁਝ ਚਿਰ ਤਾਂ ਚੁੱਕੀ ਫਿਰਦੇ ਰਹੇ। ਪਰ ਉਸਦਾ ਅੰਤਿਮ ਸਮਾਂ ਦੇਖ ਕੇ ਪਹਾੜਾਂ ਵਿਚ ਹੀ ਛੱਡ ਕੇ ਆ ਗਏ। ਉਹ ਤੁਰ ਫਿਰ ਨਹੀਂ ਸਕਦਾ ਸੀ ਜਦੋਂ ਉਸ ਨੂੰ ਜ਼ਿਆਦਾ ਭੁੱਖ ਨੇ ਸਤਾਇਆ ਤਾਂ ਉਹ ਲੇਟਿਆ ਹੋਇਆ ਪਹਾੜੀ ਤੇ ਕੁਝ ਲੱਭਣ ਲੱਗਾ। ਉਸ ਦੇ ਹੱਥ ਵਿਚ ਜੋ ਬੂਟੀ ਆਈ ਉਸ ਨੂੰ ਖਾਣ ਲੱਗਾ। ਜਿਉਂ-ਜਿਉਂ ਉਸ ਨੂੰ ਭੁੱਖ ਲਗਦੀ ਉਸ ਪੌਦੇ ਨੂੰ ਖਾਈ ਜਾਂਦਾ ਰਿਹਾ। ਹੌਲੀ-ਹੌਲੀ ਦਿਨਾਂ ਵਿਚ ਹੀ ਉਹ ਰੋਗ ਰਹਿਤ ਹੋ ਗਿਆ। ਉਹ ਪੌਦੇ ਲੱਸਣ ਦੇ ਹੀ ਸਨ। ਜਿਸ ਨਾਲ ਉਸ ਦੇ ਸਭ ਰੋਗ ਦੂਰ ਹੋ ਗਏ। ਜਦੋਂ ਉਹ ਬਿਲਕੁਲ ਤੰਦਰੁਸਤ ਹੋ ਗਿਆ। ਪਹਾੜੀ ਤੋਂ ਉਤਰ ਆਇਆ ਤੇ ਤੀਰਥ ਯਾਤਰਾ ਕਰਨ ਲੱਗਾ। ਕੁੰਭ ਦੇ ਜੋੜ ਮੇਲੇ ਤੇ ਹਰਿਦੁਆਰ ਉਸ ਨੂੰ ਉਹ ਤਿੰਨੋਂ

ਸਾਧੂ ਮਿਲ ਗਏ, ਜੋ ਉਸਨੂੰ ਛੱਡ ਕੇ ਆ ਗਏ ਸੀ। ਉਹ ਦੇਖ ਕੇ ਬਹੁਤ ਹੈਰਾਨ ਹੋਏ। ਉਸ ਨੇ ਵੀ ਪਛਾਣ ਲਏ। ਉਨ੍ਹਾਂ ਨੇ ਪੁੱਛਿਆ ਕਿ ਤੂੰ ਕਿਵੇਂ ਰਾਜ਼ੀ ਹੋ ਗਿਆ? ਉਸ ਨੇ ਦੱਸਿਆ ਕਿ ਮੈਂ ਇੱਕ ਬੂਟੀ ਦੇ ਪੌਦੇ ਖਾ ਕੇ ਰਾਜ਼ੀ ਹੋ ਗਿਆ। ਜਦੋਂ ਉਨ੍ਹਾਂ ਨੇ ਪੁੱਛਿਆ ਕਿ ਉਹ ਕਿਹੜੀ ਬੂਟੀ ਹੈ ਸਾਨੂੰ ਦੱਸ? ਉਹ ਆਖਣ ਲੱਗਾ ਮੈਂ ਤੁਹਾਨੂੰ ਨਹੀਂ ਦੱਸਾਂਗਾ, ਤੁਸੀਂ ਮੈਨੂੰ ਔਖੇ ਵੇਲੇ ਛੱਡ ਕੇ ਆਏ ਹੋ। ਤਾਂ ਉਨ੍ਹਾਂ ਨੇ ਕਹਿ ਦਿਤਾ ਕਿ ਜਿਹੜੀ ਬੂਟੀ ਖਾ ਕੇ ਤੂੰ ਰਾਜ਼ੀ ਹੋਇਆ ਹੈਂ, ਉਸ ਵਿਚੋਂ ਦੁਰਗੰਧ ਆਵੇਗੀ।

ਲੱਸਣ ਦੇ ਗੁਣ – ਵਾਯੂ ਦੇ ਰੋਗਾਂ ਵਿਚ ਇਸ ਦੀ ਆਮ ਵਰਤੋਂ ਕੀਤੀ ਜਾਂਦੀ ਹੈ। ਲਸਣ ਨੂੰ ਛਿੱਲ ਕੇ ਰਗੜ ਕੇ, ਘਿਉ ਵਿਚ, ਤਿਲਾਂ ਦੇ ਤੇਲ ਵਿਚ ਪਕਾ ਕੇ ਖਾਣਾ ਲਾਭਦਾਇਕ ਹੈ। ਆਚਾਰੀਆ ਸਾਰੰਗਧਰ ਨੇ ਲੱਸਣ ਨੂੰ ਰਾਤ ਤੱਕ ਖੱਟੀ ਲੱਸੀ ਵਿਚ ਭਿਉਂ ਕੇ ਸਵੇਰੇ ਠੰਢੇ ਪਾਣੀ ਨਾਲ ਧੋ ਕੇ ਚਟਨੀ ਬਣਾ ਕੇ ਉਸ ਵਿਚ ਪੰਜਵਾਂ ਹਿੱਸਾ ਇਹ ਚੀਜ਼ਾਂ ਮਿਲਾ ਕੇ ਖਾਣਾ ਦੱਸਿਆ ਹੈ। ਕਾਲਾ ਨਮਕ, ਅਜਵੈਣ, ਭੁੰਨੀ ਹਿੰਗ, ਸੇਂਧਾ ਨਮਕ, ਸੁੰਢ, ਕਾਲੀ ਮਿਰਚ, ਪੀਪਰੀ ਅਤੇ ਜੀਰਾ ਇਹ ਚੀਜ਼ਾਂ ਬਰਾਬਰ ਲੈ ਕੇ ਚੂਰਨ ਕਰੋ। ਉਹ ਚਟਨੀ ਵਿਚ ਮਿਲਾ ਕੇ ਸੇਵਨ ਕਰਨਾ ਕਿਹਾ ਹੈ। ਇਸ ਨਾਲ ਭੁੱਖ ਲਗਦੀ ਹੈ, ਤਾਕਤ ਆਉਂਦੀ ਹੈ, ਮਾਹਵਾਰੀ ਠੀਕ ਆਉਂਦੀ ਹੈ। ਇਸ ਚਟਨੀ ਦੀ ਖੁਰਾਕ ੧● ਤੋਂ ੧੨ ਗ੍ਰਾਮ ਤੱਕ ਦੀ ਹੈ।

ਵਰਤੋਂ ਵਿਧੀ – ਲੱਸਣ ਦੀ ਵਰਤੋਂ ਗਰਮੀ ਦੇ ਰੋਗਾਂ ਵਿਚ ਸ਼ਕਰ ਨਾਲ, ਕਫ ਦੇ ਰੋਗਾਂ ਵਿਚ ਸ਼ਹਿਦ ਨਾਲ, ਵਾਯੂ ਦੇ ਰੋਗਾਂ ਵਿਚ ਦੇਸੀ ਘਿਓ ਨਾਲ ਵਰਤੋਂ ਕਰਨੀ ਚਾਹੀਦੀ ਹੈ। ਗਰੀਖਮ (ਜੇਠ, ਹਾੜ੍ਹ) ਰੁੱਤ ਵਿਚ ਸੂਰਜ ਉਤਰਾਇਣ ਹੁੰਦਾ ਹੈ। ਇਹ ਰੁੱਤ ਗਰਮੀ ਪ੍ਰਧਾਨ ਹੈ। ਇਸ ਵਿਚ ਲੱਸਣ ਘੱਟ ਜਾਂ ਨਾ ਵਰਤਣਾ ਚਾਹੀਦਾ ਹੈ। ਵਰਖਾ ਰੁੱਤ, ਸਰਦ ਰੁੱਤ ਤੇ ਹੇਮੰਤ ਰੁੱਤ ਵਿਚ ਸੂਰਜ ਦਖਣਾਇਣ ਹੁੰਦਾ ਹੈ ਇਨ੍ਹਾਂ ਰੁੱਤਾਂ ਵਿਚ ਲਸਣ ਦੀ ਵਰਤੋਂ ਲਾਭਕਾਰੀ ਹੈ। ਲਸਣ ਦੀ ਵਰਤੋਂ ਸਮੇਂ ਜ਼ਿਆਦਾ ਕਸਰਤ, ਧੁੱਪ, ਕ੍ਰੋਧ, ਜ਼ਿਆਦਾ ਪਾਣੀ ਪੀਣਾ, ਦੁੱਧ ਤੇ ਗੁੜ ਦਾ ਸੇਵਨ ਹਾਨੀਕਾਰਕ ਹੈ। ਗਰਮ ਪ੍ਰਾਕ੍ਰਿਤੀ ਵਾਲੇ ਅਤੇ ਗਰਭਵਤੀ ਇਸਤਰੀਆਂ ਲਈ ਲੱਸਣ ਦੀ ਵਰਤੋਂ ਨੁਕਸਾਨਦਾਇਕ ਹੈ ਅਤੇ ਰਕਤਦੋਸ਼ ਪਿਤ, ਪੀਲੀਆ ਰੋਗ, ਧੁੱਪ ਵਿਚ ਕੰਮ ਕਰਨ ਵਾਲਿਆਂ ਵਾਸਤੇ ਹਾਨੀਕਾਰਕ ਹੈ। ਜ਼ਿਆਦਾ ਮਾਤਰਾ ਵਿਚ ਵਰਤਿਆ ਲਸਣ ਮਿਹਦੇ ਤੇ ਅੰਤੜੀਆਂ ਵਿਚ ਜਲਣ ਪੈਦਾ ਕਰਦਾ ਹੈ।

ਲੱਸਣ ਦਾ ਦੋਸ਼ ਦੂਰ ਕਰਨ ਲਈ – ਧਨੀਆਂ, ਕਤੀਰਾ ਗੂੰਦ, ਬਦਾਮ ਰੋਗਨ ਦੀ ਵਰਤੋਂ ਕਰੋ।

ਦੁਰਗੰਧ ਦੂਰ ਕਰਨ ਵਾਸਤੇ – ਸੌਂਫ ਅਤੇ ਇਲਾਇਚੀ ਦੀ ਵਰਤੋਂ ਕਰੋ ਲੱਸਣ ਦੀ ਜਗ੍ਹਾ ਪਿਆਜ ਦੀ ਵਰਤੋਂ ਕੀਤੀ ਜਾ ਸਕਦੀ ਹੇ।

ਲੱਸਣ ਸੋਧਣ – ਵੈਸੇ ਤਾਂ ਇਸ ਨੂੰ ਸੋਧਣ ਦੀ ਖਾਸ ਲੋੜ ਨਹੀਂ ਹੁੰਦੀ ਪਰ ਉਸ ਦੀ ਉਮਰਤਾ ਘਟ ਕਰਨ ਵਾਸਤੇ ਲੋੜ ਹੋਵੇ ਤਾਂ ਇਸ ਦੀਆਂ ਪੋਥੀਆਂ ਛਿੱਲ ਕੇ ਵਿਚੋਂ ਜੀਭੀ ਕੱਢ ਕੇ ਰਾਤ ਨੂੰ ਰਿੜਕੀ ਲੱਸੀ ਵਿਚ ਭਿਉ ਦੇਵੋ ਸਵੇਰੇ ਲੱਸਣ ਕੱਢ ਕੇ ਠੰਢੇ ਪਾਣੀ ਨਾਲ ਧੋ ਲਵੋ, ਇਸ ਨਾਲ ਦੁਰਗੰਧ ਘਟ ਜਾਵੇਗੀ

ਪਰ ਬਿਲਕੁਲ ਤਾਂ ਨਹੀਂ ਹਟਦੀ ਕਿਉਂਕਿ ਕਿਹਾ ਵੀ ਹੈ –

ਲੱਸਣ ਤਜੇ ਨਾ ਗੰਧ, ਡਾਲੋ ਚਾਹੇ ਕੇਵੜਾ।

ਲਸਣ ਦੀ ਵਰਤੋਂ ਕਰਨ ਵਾਲੇ ਨੂੰ ਗਰਮੀ ਵਧਣ ਦਾ ਡਰ ਬਣਿਆ ਰਹਿੰਦਾ ਹੈ। ਇਸ ਕਰਕੇ ਹਲਕਾ ਜਲਾਬ ਲੈਣਾ ਚਾਹੀਦਾ ਹੈ ਜਿਵੇਂ ਅਮਲਤਾਸ ਦਾ ਗੁੱਦਾ, ਈਸਵਗੋਲ ਜਾਂ ਗੁਲਕੰਦ ਲੈਣਾ ਚਾਹੀਦਾ ਹੈ। ਜੇ ਗਰਮੀ ਹੋਵੇ ਤਾਂ ਮਿਸ਼ਰੀ ਨਾਲ, ਜੇ ਰੇਸ਼ਾ ਬਲਗਮ ਹੋਵੇ ਤਾਂ ਸ਼ਹਿਦ ਨਾਲ ਜੇ ਵਾਯੂ ਦਾ ਕੋਪ ਹੋਵੇ ਤਾਂ ਦੇਸੀ ਘਿਉ ਨਾਲ ਉਪਰੋਕਤ ਚੀਜ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਹ ਦੀਪਣ ਪਾਤਣ (ਭੁੱਖ ਅਤੇ ਹਾਜਮੇਦਾਰ) ਦਰਦ, ਸੂਲ ਹਰਨ, ਪੇਟ ਦੇ ਕੀੜੇ, ਬਦਹਜ਼ਮੀ, ਕੁਝ ਖਾਣ ਨੂੰ ਜੀਅ ਨਾ ਕਰਨਾ, ਕਬਜ਼ੀ, ਦਰਦ, ਪੇਟ ਗੈਸ, ਗੋਲਾ, ਬਵਾਸੀਰ ਅਤੇ ਪੇਟ ਦੇ ਰੋਗਾਂ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਨੇਤਰਾਂ ਲਈ ਹਿਤਕਾਰੀ ਹੈ। ਇਹ ਹਿਰਦੇ ਰੋਗ ਲਈ ਅਤਿਅੰਤ ਲਾਭਕਾਰੀ ਹੈ। ਇਸ ਦੀ ਵਰਤੋਂ ਨਾਲ ਵਧੇ ਹੋਏ ਰਕਤਚਾਪ (ਬਲੱਡ ਪਰੈਸ਼ਰ) ਨੂੰ ਵੀ ਲਾਭ ਹੁੰਦਾ ਹੈ। ਅਫਾਰਾ ਵੀ ਘੱਟ ਹੋ ਕੇ ਹਿਰਦੇ ਉਪਰ ਦਬਾਅ ਪਿਆ ਘਟ ਜਾਂਦਾ ਹੈ। ਜਿਸ ਕਰਕੇ ਦਿਲ ਨੂੰ ਤਾਕਤ ਮਿਲਦੀ ਹੈ। ਇਹ ਸੋਜ ਨੂੰ ਵੀ ਘਟਾਉਂਦੀ ਹੈ।

ਪਿਛਲੇ ਦਿਨਾਂ ਵਿਚ ਹਾਰਟ ਕੇਅਰ ਫਾਊਂਡੇਸ਼ਨ ਆਫ ਇੰਡੀਆ ਵਾ: ਅਕਾਰਮੀ ਜਮਾਤ ਕੰਨਟੀ ਨਿਊਇੰਗ ਮੈਡੀਕਲ (I.J. C.P) ਐਜੂਕੇਸ਼ਨ ਦੇ ਡੀਨ ਡਾ. ਏ. ਕੇ. ਅਗਰਵਾਲ ਦੇ ਅਨੁਸਾਰ ਲਸਣ ਕੋਲੋਸਟਾਲ ਨੂੰ ਘੱਟ ਕਰਦਾ ਹੈ ਅਤੇ ਸੁੰਗੜੀਆਂ ਹੋਈਆਂ ਧਮਨੀਆਂ (ਨਸਾਂ) ਵਿਚ ਖੂਨ ਦਾ ਕਲਾਟ ਨਾ ਜੰਮਣ ਦੇਣ ਦੀ ਲਸਣ ਵਿਚ ਅਦਭੁੱਤ ਸ਼ਕਤੀ ਹੈ। ਇਸ ਕਰਕੇ ਬਲਗਮ ਨੂੰ ਨਿਕਾਲ ਕੇ ਖਾਂਸੀ, ਸਾਹ (ਦਮਾ) ਲਈ ਹਿਤਕਾਰੀ ਹੈ ਅਤੇ ਗਲੇ ਦੇ ਰੋਗ ਆਵਾਜ਼ ਬੈਠਣੀ ਆਦਿ ਦੂਰ ਹੁੰਦੇ ਹਨ। ਫੇਫੜਿਆਂ ਦੇ ਰੋਗਾਂ ਨੂੰ ਵੀ ਦੂਰ ਕਰਦਾ ਹੈ।

ਪਸਲੀ ਦਰਦ – ਇਸ ਵਿਚ ਲੱਸਣ ਰਗੜ ਕੇ ਲੇਪ ਕਰਨ ਨਾਲ ਜਾਂ ਲਸਣ ਦਾ ਪਾਣੀ ਮਲਣ ਨਾਲ ਲਾਭ ਹੁੰਦਾ ਹੈ। ਘਿਉ ਵਿਚ ਪਕਾਇਆ ਲਸਣ ਦਾ ਸੇਵਨ ਧਾਤ ਦੀ ਕਮਜ਼ੋਰੀ (ਨਿਪੁੰਸਕਤਾ) ਨੂੰ ਸਥਾਈ ਰੂਪ ਵਿਚ ਦੂਰ ਕਰਦਾ ਹੈ। ਵਾਯੂ ਦੇ ਰੋਗਾਂ ਲਈ ਚੰਗੀ ਔਸ਼ਧੀ ਹੈ। ਰੀਂਗਣ ਦਾ ਦਰਦ (ਇਕ ਲੱਤ ਵਿਚ ਪੈਰ ਤੋਂ ਲੈ ਕੇ ਲੱਕ ਤਕ) ਕਮਰ ਦਾ ਜਕੜਨਾ, ਬੇਹੋਸ਼ੀ ਦਾ ਦੌਰਾ, ਲਕਵਾ (ਮੂੰਹ ਦਾ ਵਿੰਗਾ ਹੋਣਾ) ਅਧਰੰਗ, ਜਬਾੜ੍ਹਿਆਂ ਦਾ ਆਕੜਨਾ ਆਦਿ ਰੋਗਾਂ ਤੇ ਲਸਣ ਚੰਗਾ ਕੰਮ ਕਰਦਾ ਹੈ। ਬੱਚਿਆਂ ਦੀ ਸੁੱਕੀ ਖਾਂਸੀ ਵਾਸਤੇ ਵੀ ਲਾਭਦਾਇਕ ਹੈ। ਰਾਜਯਕਸ਼ਮਾ (ਟੀ.ਬੀ) ਅਤੇ ਫੇਫੜਿਆਂ ਦੇ ਰੋਗ ਠੀਕ ਹੋਣ ਕਰਕੇ ਇਹ ਸਿੱਧ ਹੋ ਚੁੱਕੀ ਹੈ। ਇਹ ਅਫਾਰਾ, ਹੈਜਾ, ਪੇਟ ਦਰਦ, ਕੈਂਸਰ ਨੂੰ ਠੀਕ ਕਰਦਾ ਹੈ। ਇਹ ਰਕਤਚਾਪ (ਬਲੱਡ ਪਰੈਸ਼ਰ) ਬਲੱਡ ਸ਼ੂਗਰ ਅਤੇ ਅੰਤੜੀਆਂ ਦੇ ਰੋਗਾਂ ਲਈ ਲਾਭਦਾਇਕ ਸਿੱਧ ਹੋ ਚੁੱਕਾ ਹੈ। ਰੂਸ ਦੇ ਡਾਕਟਰ ਅਨੁਸਾਰ ਲਸਣ ਦੇ ਤੱਤ ਨੂੰ ਐਟੀਂਵਾਈਟਿਕ ਦੇ ਰੂਪ ਵਿਚ ਵਰਤਦੇ ਹਨ। ਫੋੜੇ ਤੇ ਚਮੜੀ ਦੇ ਰੋਗਾਂ ਲਈ ਬਹੁਤ ਲਾਭਕਾਰੀ ਹੈ। ਇਹ ਸੋਜ ਨੂੰ ਵੀ ਨਸ਼ਟ ਕਰਦਾ ਹੈ। ਲੱਸਣ ਦੀ ਲਗਾਤਾਰ ਵਰਤੋਂ ਕਰਨ ਵਾਲੇ ਨੂੰ ਦਿਲ ਦਾ ਰੋਗ ਨਹੀਂ ਹੁੰਦਾ। ਲੱਸਣ ਕੱਚਾ ਵੀ ਖਾਂਦਾ ਜਾਂਦਾ ਹੈ ਅਤੇ ਸਬਜ਼ੀ ਦੇ ਰੂਪ ਵਿਚ ਖਾਧਾ ਜਾਂਦਾ ਹੈ। ਜੋ ਲੋਕ ਲੱਸਣ ਨਹੀਂ ਖਾ ਸਕਦੇ, ਲਸਣ ਦੀਆਂ ਗੋਲੀਆਂ, ਗਾਰਲਿਕ ਟੈਬਲੇਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਨ੍ਹਾਂ ਗੋਲੀਆਂ ਦੀ ਲਗਾਤਾਰ ਵਰਤੋਂ ਕਰਨ ਨਾਲ ਬੁਢਾਪੇ ਦੇ ਰੋਗਾਂ ਤੋਂ ਬਚਿਆ ਜਾ ਸਕਦਾ ਹੈ। ਲਸਣ ਪ੍ਰਮਾਤਮਾ ਦੀ ਅਮੁੱਲ ਦੇਣ ਹੈ ਜੋ ਦਿਲ ਦਿਮਾਗ ਤੇ ਸਰੀਰ ਦੇ ਵਾਸਤੇ ਵਰਦਾਨ ਹੈ।

(----)